
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 18
August 15, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਅਦਾਰਾ 'ਦੇਸ਼ ਦੁਆਬਾ' ਵੱਲੋਂ ਭਾਰਤ ਦੀ ਆਜ਼ਾਦੀ ਦੀ 72ਵੀਂ ਵਰ੍ਹੇਗੰਢ ਦੀਆਂ ਲੱਖ-ਲੱਖ ਵਧਾਈਆਂ


ਸ੍ਰੀ ਰਮੇਸ਼ ਸੁੰਮਨ, ਚੇਅਰਮੈਨ


ਕਸ਼ਮੀਰੀ ਭਾਟੀਆ, ਪ੍ਰਧਾਨ

# ਭਾਰਤੀਆਂ ਸਮੇਤ 120 ਲੋਕ ਹੋਰ ਨਜਾਇਜ਼ ਪ੍ਰਵਾਸ ਕਰਦੇ ਪਕੜੇ

**ਨਿਊਯਾਰਕ (ਬਿਊਰੋ)-** ਭਾਰਤੀ ਮੂਲ ਦੇ ਲੋਕਾਂ ਸਮੇਤ 120 ਤੋਂ ਜ਼ਿਆਦਾ ਲੋਕ ਨਜਾਇਜ਼ ਪ੍ਰਵਾਸ ਦੇ ਦੋਸ਼ਾਂ ਤਹਿਤ ਪਕੜੇ ਗਏ ਹਨ। ਬਾਰਡਰ ਗਸ਼ਤੀ ਅਤੇ ਪ੍ਰਵਾਸ ਅਧਿਕਾਰੀਆਂ ਨੇ ਇਹਨਾਂ ਲੋਕਾਂ ਨੂੰ ਮੁਲਕ ਵਿਚ ਨਜਾਇਜ਼ ਤੌਰ ਤੇ ਘੁਸਣ ਅਤੇ ਰਹਿਣ ਦੇ ਦੋਸ਼ਾਂ ਵਿਚ ਪਕੜਿਆ ਹੈ। ਇਹਨਾਂ ਵਿਚੋਂ 45 ਲੋਕ ਹਿਊਸਟਨ ਵਿਚ ਪਕੜੇ ਗਏ, ਜਦਕਿ 78 ਲੋਕਾਂ ਨੂੰ ਟੈਕਸਾਸ ਸਥਿਤ ਇਕ ਜਾਂਚ ਚੌਂਕੀ ਤੋਂ ਹਿਰਾਸਤ ਵਿਚ ਲਿਆ ਗਿਆ ਹੈ। ਇਹ ਲੋਕ ਇਕ ਏ. ਸੀ. ਟਰਾਲੇ ਦੇ ਜ਼ਰੀਏ ਅਮਰੀਕਾ ਵਿਚ ਵੜਨ ਦੀ ਕੋਸ਼ਿਸ਼ ਵਿਚ ਸਨ।

ਅਮਰੀਕੀ ਇੰਮੀਗ੍ਰੇਸ਼ਨ ਐਂਡ ਕਸਟਮ ਐਨਫੋਰਸਮੈਂਨ ਦੇ ਮੁਤਾਬਕ ਹਿਊਸਟਨ ਵਿਚ ਪੰਜ ਦਿਨਾ ਮੁਹਿੰਮ ਚਲਾਈ ਗਈ ਸੀ। ਇਸ ਦੌਰਾਨ ਪ੍ਰਵਾਸ ਨਿਯਮਾਂ ਦੀ ਉਲੰਘਣਾ ਵਿਚ 45 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਆਈ. ਸੀ. ਡੀ. ਨੇ ਹਾਲਾਂਕਿ ਇਹ ਜਾਣਕਾਰੀ ਨਹੀਂ ਦਿੱਤੀ ਕਿ ਇਸ ਮੁਹਿੰਮ ਵਿਚ ਕੁੱਲ ਕਿੰਨੇ ਭਾਰਤੀ ਪਕੜੇ ਗਏ? ਪਕੜੇ ਗਏ ਲੋਕਾਂ ਵਿਚ ਹੋਂਡੂਰਾਸ, ਅਲ ਸਲਵਾਡੋਰ, ਗੁਆਟੇਮਾਲਾ, ਅਰਜਨਟੀਨਾ, ਕਿਊਬਾ, ਨਾਈਜੀਰੀਆ, ਭਾਰਤ, ਚਿਲੀ, ਤੁਰਕੀ ਦੇ ਨਾਗਰਿਕ ਹਨ। ਇਹਨਾਂ ਵਿਚੋਂ ਕੁਝ ਨੂੰ ਅਮਰੀਕਾ ਵਿਚ ਨਜਾਇਜ਼ ਤੌਰ ਤੇ ਵੜਨ ਅਤੇ ਸਵਦੇਸ਼ ਭੇਜੇ ਜਾਣ ਤੋਂ ਬਾਅਦ


**(ਬਾਕੀ ਸਫਾ 5 'ਤੇ)**





ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਦੀ 12 ਅਗਸਤ 2018 ਨੂੰ ਪ੍ਰਬੰਧਕ ਕਮੇਟੀ ਦੇ ਨਵੇਂ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ।


**ਵਿਸਥਾਰ ਵਿਚ ਜਾਣਕਾਰੀ ਲਈ ਦੇਖੋ ਅੰਬੇਦਕਰ ਟਾਈਮਜ਼**


# ਹਿੰਸਾ ਨਾਲੋਂ ਅਹਿੰਸਾ ਵੱਧ ਤਾਕਤਵਰ: ਰਾਸ਼ਟਰਪਤੀ ਕੋਵਿੰਦ

**ਨਵੀਂ ਦਿੱਲੀ (ਬਿਊਰੋ)-** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਦੇਸ਼ ਵਾਸੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਸਾਨੂੰ 'ਇਸ ਅਹਿਮ ਮੌਕੇ' ਵਿਵਾਦਮਈ ਮੁੱਦਿਆਂ ਤੇ ਫ਼ਜ਼ੂਲ ਬਹਿਸਾਂ ਨੂੰ ਆਪਣਾ ਧਿਆਨ ਭੰਗ ਕਰਨ ਦੀ ਇਜਾਜ਼ਤ ਨਾ ਦਿੰਦਿਆਂ ਦੇਸ਼ ਦੀ ਭਲਾਈ ਵਿੱਚ ਜੁਟੇ ਰਹਿਣ। ਉਨ੍ਹਾਂ ਕਿਹਾ ਕਿ ਇਹ ਉਹ ਮੌਕਾ ਹੈ, ਜਦੋਂ ਅਸੀਂ ਆਪਣੇ ਚਿਰਾਂ ਤੋਂ ਉਡੀਕੇ ਜਾ ਰਹੇ ਟੀਚਿਆਂ ਨੂੰ ਸਰ ਕਰਨ ਦੇ ਕਰੀਬ ਹੈ। ਦੇਸ਼ ਦੇ 72ਵੇਂ ਆਜ਼ਾਦੀ ਦਿਹਾੜੇ ਦੀ ਪੂਰਬਲੀ ਸ਼ਾਮ ਕੌਮ ਦੇ ਨਾਂ ਆਪਣੇ ਸੰਦੇਸ਼ ਵਿੱਚ ਸ੍ਰੀ ਕੋਵਿੰਦ ਨੇ ਦੇਸ਼ ਵਾਸੀਆਂ ਨੂੰ ਮਹਾਤਮਾ ਗਾਂਧੀ



ਦਾ ਸੰਦੇਸ਼ ਚੇਤੇ ਕਰਾਇਆ ਕਿ 'ਅਹਿੰਸਾ' ਦੀ ਸ਼ਕਤੀ 'ਹਿੰਸਾ' ਨਾਲੋਂ ਕਿਤੇ ਵੱਧ ਹੁੰਦੀ ਹੈ।

ਦੇਸ਼ ਵਿੱਚ ਹਾਲ ਹੀ 'ਚ ਹਜੂਮੀ ਕਤਲਾਂ ਵਰਗੀਆਂ ਵਾਪਰੀਆਂ ਵੱਡੀ ਗਿਣਤੀ ਘਟਨਾਵਾਂ ਦੇ ਹਵਾਲੇ ਨਾਲ ਰਾਸ਼ਟਰਪਤੀ ਨੇ ਕਿਹਾ, ''ਆਪਣੇ ਹੱਥਾਂ ਨੂੰ ਰੋਕ ਲੈਣ ਦੀ ਸ਼ਕਤੀ, ਉਨ੍ਹਾਂ ਨਾਲ ਕਿਸੇ ਨੂੰ ਮਾਰਨ ਨਾਲੋਂ ਵੱਡੀ ਹੈ ਅਤੇ ਸਮਾਜ ਵਿੱਚ 'ਹਿੰਸਾ' ਲਈ ਕੋਈ ਥਾਂ ਨਹੀਂ ਹੋ ਸਕਦੀ।'' ਇਸ ਮੌਕੇ ਅਨੇਕਾਂ ਅਹਿਮ ਮੁੱਦਿਆਂ 'ਤੇ ਬੋਲਦਿਆਂ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ


**(ਬਾਕੀ ਸਫਾ 5 'ਤੇ)**




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


LIC# 01959890
Independently Owned & Operated
Jiwan Rattu
Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook — rajasweetsandcatering
Follow us on Twitter — rajasweets



INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


# ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੀਫੋਰਨੀਆ ਯੂ.ਐਸ.ਏ.

ਕੁੱਲੀ ਕੁੱਲੀ ਪੁਕਾਰਦਾ ਜੱਗ ਸਾਰਾ, ਸਾਡਾ ਝੁਲਦਾ ਕਿਤੇ ਨਿਸ਼ਾਨ ਕਿਉਂ ਨਹੀਂ!

## ਗਦਰ ਸੰਗਰਾਮ ਦੀ ਲਹੂ ਭਿੱਜੀ ਦਾਸਤਾਨ 'ਸਿੰਘਾਪੁਰ ਦੀ ਬਗਾਵਤ' ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ


ਬਾਬਾ ਭਾਨ ਸਿੰਘ ਸੁਨੇਤ
2-3-1918 ਨੂੰ ਅੰਡੇਮਾਨ ਜੇਲ੍ਹ ਵਿਚ ਸ਼ਹੀਦ


ਬਾਬਾ ਸੋਹਣ ਸਿੰਘ ਭਕਨਾ


ਸ਼ੇਰ ਅਲੀ
ਅੰਡੇਮਾਨ ਜੇਲ੍ਹ ਵਿਚ ਤਿੱਖਾ ਬਾਟਾ ਮਾਰ ਕੇ ਵਾਇਸਰਾਏ ਲਾਰਡ ਮੀਓ ਦਾ ਗਲਾ ਕੱਟ ਦਿੱਤਾ


ਬਾਬਾ ਰਾਮ ਸਿੰਘ ਧੁਲੇਤਾ
ਸੈਨ ਫਰਾਂਸਿਸਕੋ ਦੀ ਅਦਾਲਤ 'ਚ ਮਾਰਸ਼ਲ ਦੀ ਗੋਲੀ ਨਾਲ ਸ਼ਹੀਦ


ਬਾਬਾ ਸੁੰਦਰ ਸਿੰਘ ਕਲਸੀਆ

## ਐਤਵਾਰ 2 ਸਤੰਬਰ 2018

(ਦੁਪਹਿਰ 12 ਵਜੇ ਤੋਂ 8 ਵਜੇ ਤੱਕ)

**ਸਥਾਨ: ਐਸ. ਈ. ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ ਐਲਕ ਗਰੋਵ
ਸੈਕਰਾਮੈਂਟੋ, ਕੈਲੀਫੋਰਨੀਆ 95624

ਗੁਲਸਤਾਂ ਕੋ ਖੂਨ ਕੀ ਜ਼ਰੂਰਤ ਪੜੀ, ਸਭ ਸੇ ਪਹਿਲੇ ਯੇ ਗਰਦਨ ਹਮਾਰੀ ਕਟੀ।
ਅਬ ਯੇ ਕਹਿਤੇ ਹੈਂ, ਹਮ ਸੇ ਯੇਹ ਅਹਿਲੇ ਚਮਨ, ਯੇ ਚਮਨ ਹੈ ਹਮਾਰਾ, ਤੁਮਹਾਰਾ ਨਹੀਂ।

ਸਤਿਕਾਰਯੋਗ ਭੈਣੋ ਤੇ ਭਰਾਓ, ਸੈਕਰਾਮੈਂਟੋ ਦੀ ਧਰਤੀ ਗਦਰ ਸੰਗਰਾਮ ਦੇ ਯੋਧਿਆਂ ਦੀ ਚਰਨ ਛੋਹ ਧਰਤੀ ਹੈ, ਜਿੱਥੇ ਉਨ੍ਹਾਂ ਭਾਰੀ ਇਕੱਠ ਕਰ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਾਉਣ ਦਾ ਬਿਗਲ ਵਜਾਇਆ ਸੀ ਅਤੇ ਗਦਰ ਅਖਬਾਰ ਵਿਚ ਐਲਾਨ-ਏ-ਜੰਗ ਛਾਪ ਭਾਰਤ ਨੂੰ ਵਹੀਰਾਂ ਬੰਨ ਤੁਰੇ ਸਨ ਤੇ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੇ ਵਰਕੇ ਆਪਣੇ ਖੂਨ ਨਾਲ ਲਿਖੇ। ਉਨ੍ਹਾਂ ਦੇ ਇਕ ਇਸ਼ਾਰੇ 'ਤੇ ਫੌਜਾਂ ਨੇ ਬਗਾਵਤ ਕਰ ਕੇ ਜ਼ਾਲਮ ਅੰਗਰੇਜ਼ੀ ਸਰਕਾਰ ਦੀਆਂ ਚੂਲਾਂ ਹਿਲਾ ਦਿੱਤੀਆਂ। ਆਓ, ਉਨ੍ਹਾਂ ਦੀਆਂ ਕਰਨੀਆਂ ਨੂੰ ਸਜ਼ਦਾ ਕਰਨ ਲਈ ਮੇਲੇ ਵਿਚ ਹੁਮ ਹੁਮਾ ਕੇ ਪਹੁੰਚੋ।



### ਪਹੁੰਚ ਰਹੇ ਕਲਾਕਾਰ

**ਗੀਤਾਜ ਬਿੰਦਰਖੀਆ**
(ਪ੍ਰਸਿੱਧ ਗਾਇਕ ਮਰਹੂਮ ਸੁਰਜੀਤ ਬਿੰਦਰਖੀਏ ਦਾ ਪੁੱਤਰ)
ਜੀਵਨ ਰੱਤੂ, ਪੰਮੀ ਮਾਨ ਤੇ ਰਾਜ ਬਰਾੜ

### ਪੁੱਜ ਰਹੀਆਂ ਸ਼ਖਸੀਅਤਾਂ

ਕਿਰਪਾਲ ਸਿੰਘ ਸੰਧੂ
ਦਲਵਿੰਦਰ ਸਿੰਘ ਧੂਤ
ਬੀਬੀ ਕਰਨੈਲ ਕੌਰ ਈਸੜੂ

ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ।

ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ ਹੋਵੇਗਾ।

ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ।

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ
ਫੋਨ: 916-420-2390

ਸਕੱਤਰ ਗਿਆਨ ਸਿੰਘ ਬਿਲਗਾ
ਫੋਨ: 661-397-7330

ਖਜ਼ਾਨਚੀ ਜਗਜੀਤ ਸਿੰਘ ਗਿੱਲ
ਫੋਨ: 209-985-1552

ਬਲਬਿੰਦਰ ਸਿੰਘ ਭੱਟੀ
ਫੋਨ: 209-480-2275

ਬਲਵੰਤ ਬਾਂਕਾ
ਫੋਨ: 916-271-4216

ਸੁਰਿੰਦਰ ਸਿੰਘ ਗਿੱਲ
ਫੋਨ: 209-594-5602

ਜਸਵਿੰਦਰ ਸੰਧੂ
ਫੋਨ: 209-639-2100

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਪਿੰਦਰ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਗਿੱਲ, ਅਮਰਜੀਤ ਰਾਏ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਡਾ. ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਹਰ, ਸੁਖਦੀਪ ਸੋਹਲ, ਸੁਖਦੇਵ ਸਿੰਘ ਬਾਜਵਾ (ਫਰਿਜ਼ਨੋ)।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਿਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਪਿਆਰਾ ਸਿੰਘ ਗੋਸਲ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਸਤਵੀਰ ਸਿੰਘ ਖਪਰਾ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼, ਸੁੱਚਾ ਰਾਮ ਭਾਰਟਾ, ਪ੍ਰਿਤਪਾਲ ਸਿੰਘ ਭੋਗਲ।

Video & Photography: Shiara Singh Dhindsa, Omni Video 661-703-6664, www.omnivideousa.com



## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਣ ਵਾਲੇ ਅਗਸਤ ਮਹੀਨੇ ਦੇ ਸਮਾਗਮ

17 ਅਗਸਤ ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
19 ਅਗਸਤ ਦਿਨ ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।
ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।
ਸੰਗਰਾਂਦ 17 ਅਗਸਤ ਸ਼ਾਮੀ 6 ਵਜੇ ਤੋਂ 8 ਵਜੇ ਤੱਕ
ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ, ਮਿਤੀ 10, 11, 12 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 17, 18, 19 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ, ਬੀਬੀ ਪੁਸ਼ਪਾ ਰੱਲ੍ਹ ਜੀ ਪਰਿਵਾਰ ਵੱਲੋਂ ਕਰਵਾਏ ਜਾ ਰਹੇ ਹਨ।
ਸੰਗਰਾਂਦ 17 ਅਗਸਤ ਦਿਨ ਸ਼ੁੱਕਰਵਾਰ ਮਹੀਨਾ ਭਾਦੋਂ
ਸਮਾਂ- ਸ਼ਾਮ 6 ਵਜੇ ਤੋਂ 8 ਵਜੇ ਤੱਕ।

# ਭਾਰਤੀ ਸੰਵਿਧਾਨ ਸਾੜਨ ਵਾਲਿਆਂ ਅਨਸਰਾਂ ਖਿਲਾਫ ਕਾਰਵਾਈ ਦੀ ਮੰਗ

**ਯੂਬਾ ਸਿਟੀ-** ਮਹਾਂਰਿਸ਼ੀ ਵਾਲਮੀਕ ਸਭਾ ਕੈਲੇਫੋਰਨੀਆ ਦੀ ਇਕ ਭਰਵੀਂ ਮੀਟਿੰਗ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸੰਤੋਖ ਸਿੰਘ ਗਿੱਲ ਵੱਲੋਂ ਭਾਰਤੀ ਸੰਵਿਧਾਨ ਸਾੜਨ, ਡਾ. ਅੰਬੇਦਕਰ ਮੁਰਦਾਬਾਦ, ਰਾਖਵਾਂਕਰਨ ਮੁਰਦਾਬਾਦ ਦੇ ਨਾਅਰੇ ਲਾਉਣ ਵਾਲਿਆਂ ਖਿਲਾਫ ਮਤਾ ਰੱਖਿਆ ਗਿਆ। ਜਿਸ ਉਪਰ ਭਖਵੀਂ ਬਹਿਸ ਉਪਰੰਤ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਜਿਹੜੇ ਵੀ ਅਨਸਰਾਂ ਨੇ ਸੰਵਿਧਾਨ ਸਾੜਨ, ਡਾ. ਅੰਬੇਦਕਰ ਮੁਰਦਾ-ਬਾਦ, ਰਾਖਵਾਂਕਰਨ ਮੁਰਦਾਬਾਦ ਦੇ ਨਾਅਰੇ ਲਗਾਉਣ ਦੀ ਘਟੀਆ ਕਰਤੂਤ ਕੀਤੀ ਹੈ, ਭਾਰਤ ਸਰਕਾਰ ਨੂੰ ਸਭਾ ਵੱਲੋਂ ਰੋਸ ਪੱਤਰ ਲਿਖ ਕੇ ਭੇਜਿਆ ਜਾਵੇ ਕਿ ਇਹਨਾਂ ਅਨਸਰਾਂ ਦੇ ਖਿਲਾਫ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ ਤੇ ਬਣਦੀ ਸਜ਼ਾ ਦਿੱਤੀ ਜਾਵੇ। ਤੇ ਜੋ ਵੀ ਸਿਆਸਤਦਾਨ ਉਹਨਾਂ ਮਨੂੰਵਾਦੀ ਅਨਸਰਾਂ ਦੀ ਤਰਫਦਾਰੀ ਕਰਦੇ ਹਨ, ਉਹਨਾਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇ।

ਦੂਜਾ ਮਤਾ ਵੀ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਬਰਗਾੜੀ ਕਾਂਡ ਪੁਲਿਸ ਦੀ ਕਰਤੂਰ ਜੋ ਕਮਿਸ਼ਨ ਰਿਪੋਰਟ ਤੋਂ ਸਾਹਮਣੇ ਆਈ ਹੈ, ਉਸ ਦੇ ਆਧਾਰ 'ਤੇ ਸਬੰਧਤ ਅਧਿਕਾਰੀਆਂ 'ਤੇ ਪਰਚੇ ਦਰਜ ਕਰਕੇ ਕੇਸ ਚਲਾਏ ਜਾਣ ਤਾਂ ਅੱਗੇ ਤੋਂ ਕੋਈ ਹੋਰ ਅਖੌਤੀ ਅਣਪਛਾਤਾ ਅਧਿਕਾਰੀ ਅਜਿਹੀ ਕਰਤੂਤ ਨਾ ਕਰੇ। ਇਸ ਸਬੰਧੀ ਵੀ ਮੁੱਖ ਮੰਤਰੀ ਪੰਜਾਬ ਤੇ ਗਵਰਨਰ ਪੰਜਾਬ ਨੂੰ ਸਭਾ ਵੱਲੋਂ ਜਲਦੀ ਹੀ ਪੱਤਰ ਲਿਖੇ ਜਾਣਗੇ ਤਾਂ ਤੁਰੰਤ ਕਾਰਵਾਈ ਕੀਤੀ ਜਾਵੇ।

ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਪ੍ਰਧਾਨ ਪ੍ਰੇਮ ਸੌਂਧੀ ਨੇ ਦਿੱਤੀ।

**ਰਿਪੋਰਟ- ਸੰਤੋਖ ਸਿੰਘ ਗਿੱਲ**



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਅਗਸਤ ਮਹੀਨੇ ਦੇ ਪ੍ਰੋਗਰਾਮ

17 ਅਗਸਤ ਸ਼ੁੱਕਰਵਾਰ (ਭਾਦਰੋਂ ਮਹੀਨੇ ਦੀ ਸੰਗਰਾਂਦ) ਸਵੇਰੇ ਅਤੇ ਸ਼ਾਮੀ ਦੀਵਾਨ ਅਤੇ ਲੰਗਰ ਸੇਵਾ ਵੱਲੋਂ ਸਮੂਹ ਸਾਧ ਸੰਗਤ।

18 ਅਗਸਤ ਸ਼ਨਿਚਰਵਾਰ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਵੱਲੋਂ ਸੁਖਵਿੰਦਰ ਸਿੰਘ ਭੁੱਲਰ।

ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਟਾਇਰਾ ਬਿਊਨਾ ਯੂਬਾ ਸਿਟੀ ਵਿਖੇ ਬੱਚਿਆਂ ਦੇ ਪੰਜਾਬੀ ਸਕੂਲ ਦੀ ਰਜਿਸਟ੍ਰੇਸ਼ਨ ਆਰੰਭ ਹੈ ਜੀ। ਤੁਸੀਂ ਸ਼ਨਿਚਰਵਾਰ ਜਾਂ ਐਤਵਾਰ ਨੂੰ ਗੁਰੂ ਘਰ ਆ ਕੇ ਬੱਚਿਆਂ ਦੀ ਪੰਜਾਬੀ ਸਕੂਲ 'ਚ ਰਜਿਸਟ੍ਰੇਸ਼ਨ ਕਰਵਾ ਸਕਦੇ ਹੋ।

# ਮਹਾਂਰਿਸ਼ੀ ਵਾਲਮੀਕ ਸਭਾ ਦੀ ਚੋਣ ਸਰਬ ਸੰਮਤੀ ਨਾਲ ਹੋਈ

**ਯੂਬਾ ਸਿਟੀ-** ਬੀਤੀ 11 ਅਗਸਤ ਨੂੰ ਮਹਾਂਰਿਸ਼ੀ ਵਾਲਮੀਕ ਮੰਦਰ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸਮੂਹ ਸੰਗਤਾਂ (ਜਿਸ ਵਿਚ ਬਹੁਤ ਸਾਰੀਆਂ ਬੀਬੀਆਂ ਵੀ ਸ਼ਾਮਲ ਸਨ) ਦੀ ਇਕ ਵੱਡੀ ਮੀਟਿੰਗ ਹੋਈ। ਪਹਿਲਾਂ ਸਵੇਰੇ ਸ੍ਰੀ ਯੋਗ ਵਸ਼ਿਸ਼ਟ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਉਪਰੰਤ ਆਰਤੀ ਤੇ ਅਰਦਾਸ ਕੀਤੀ ਗਈ। ਉਪਰੰਤ ਸਮੂਹ ਸੰਗਤਾਂ ਵੱਲੋਂ ਲੰਗਰ ਛਕਿਆ ਗਿਆ। ਲੰਗਰਾਂ ਦੀ ਸੇਵਾ ਸੰਗਤਾਂ ਵੱਲੋਂ ਸਾਰਾ ਦਿਨ ਚਲਦੀ ਰਹੀ। ਜਿਸ ਉਪਰੰਤ ਬਾਅਦ ਦੁਪਹਿਰ ਮੀਟਿੰਗ ਆਰੰਭ ਹੋਈ। ਜਿਸ ਵਿਚ ਨਵੀਂ ਕਮੇਟੀ ਬਣਾਉਣ ਸਬੰਧੀ ਬੜੀ ਲੰਬੀ ਤੇ ਸਾਰਥਿਕ ਬਹਿਸ ਹੋਈ, ਜਿਸ ਵਿਚ ਬਹੁਤ ਸੰਗਤਾਂ ਵੱਲੋਂ ਪ੍ਰਬੰਧ ਨੂੰ ਵਧੀਆ ਤੇ ਸਾਰਥਕ ਢੰਗ ਨਾਲ ਚਲਾਉਣ ਲਈ ਵਧੀਆ ਵਿਚਾਰ ਪੇਸ਼ ਕੀਤੇ। ਸਾਰਥਕ ਬਹਿਸ ਤੋਂ ਬਾਅਦ ਹੇਠ ਲਿਖੇ ਅਨੁਸਾਰ ਨਵੀਂ ਕਮੇਟੀ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਗਈ।

ਨਵੀਂ ਚੁਣੀ ਗਈ ਕਮੇਟੀ
ਪ੍ਰਧਾਨ- ਪ੍ਰੇਮ ਸੌਂਧੀ
ਸੀਨੀਅਰ ਵਾਈਸ ਪ੍ਰਧਾਨ- ਸੰਤੋਖ ਸਿੰਘ ਗਿੱਲ
ਵਾਈਸ ਪ੍ਰਧਾਨ- ਕੁਲਦੀਪ ਥਾਪਰ
ਜਨਰਲ ਸਕੱਤਰ- ਜਸਪਾਲ ਮਾਲੜੀ
ਸਕੱਤਰ- ਵਿਸ਼ਾਲ ਸ਼ਰਬਤੀ
ਵਾਈਸ ਸਕੱਤਰ- ਬਲਬੀਰ ਧਾਰੀਵਾਲ
ਚੇਅਰਮੈਨ- ਗੁਰਪਾਲ ਸਿੰਘ
ਸੀਨੀਅਰ ਵਾਈਸ ਚੇਅਰਮੈਨ- ਪਲਵਿੰਦਰ ਸਿੰਘ ਸਹੋਤਾ
ਵਾਈਸ ਚੇਅਰਮੈਨ- ਅਵਿਨਾਸ਼ ਸੌਂਧੀ
ਖਜਾਨਚੀ- ਵਿਨੋਦ ਗਿੱਲ, ਬਲਬੀਰ ਥਾਪਰ, ਵਰੁਨ ਗਿੱਲ
ਚੀਫ ਆਰਗੇਨਾਈਜਰ- ਨਰਿੰਦਰ ਕੁਮਾਰ ਗਿੱਲ
ਆਰਗੇਨਾਈਜਰ-ਸੁਰਜੀਤ ਗਿੱਲ, ਕੁੰਦਨ ਲਾਲ ਸੌਂਧੀ, ਰਾਕੇਸ਼ ਸਲਹੋਤਰਾ, ਦਵਿੰਦਰ ਸ਼ੁਭ, ਅੰਮ੍ਰਿਤਪਾਲ, ਸ਼ਾਮ ਲਾਲ ਸੌਂਧੀ, ਰਵੀ ਪਾਲ, ਗੁਰਜੀਤ ਸਿੰਘ ਟਰੇਸੀ, ਸਾਧੂ ਰਾਮ ਭੱਟੀ, ਰਾਮ ਪਾਲ ਮੱਟੂ, ਤਰਸੇਮ ਲਾਲ ਥਾਪਰ, ਦੇਸ ਰਾਜ ਸ਼ੁੱਭ, ਅਮਰਜੀਤ ਸਿੰਘ ਲਾਲੀ, ਰਾਜ ਕੁਮਾਰ ਪੰਡੋਰੀ, ਪਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆ, ਦੀਪਕ ਸਹੋਤਾ।
ਮੇਨਟੀਨੈਂਸ ਕਮੇਟੀ: ਜਗਜੀਤ ਸਿੰਘ ਗਿੱਲ, ਪ੍ਰਕਾਸ਼ ਸਿੰਘ ਗਿੱਲ
ਸਟੋਰ ਇੰਚਾਰਜ- ਵਿਸ਼ਾਲ ਸ਼ਰਬਤੀ, ਦੀਪਾ ਥਾਪਰ, ਕੁੰਦਨ ਲਾਲ ਸੌਂਧੀ
ਲੰਗਰ ਕਮੇਟੀ- ਦਵਿੰਦਰ ਸ਼ੁੱਭ, ਭੁਪਿੰਦਰ ਭਿੰਦਾ, ਅੰਮ੍ਰਿਤਪਾਲ, ਰਵੀ, ਰਮਨ ਥਾਪਰ, ਵਰਨ ਗਿੱਲ, ਬਲਬੀਰ ਧਾਲੀਵਾਲ, ਪਰਦੀਪ ਗਿੱਲ, ਸੰਜੀਵ ਗਿੱਲ।
ਮੀਟਿੰਗ ਦੇ ਅੰਤ ਵਿਚ ਨਵੀਂ ਚੁਣੀ ਕਮੇਟੀ ਵੱਲੋਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।


## Matrimonials

Parents seek suitable medico match for their Dentist Doctor daughter, US Citizen, 34 yrs, 5'-4", attractive, never married, family oriented. Caste no bar. Call or text, Ph: 916-254-6378 or E-mail:psmiles1212@gmail.com

------------------------------------------------

Punjabi (Ramdasia Sikh) Clean shave boy age 27 yrs. 5' 7" In San Jose, California. BA Degree in Accounting. Working in a corporate office as a Sr. Accountant. We are looking for a girl in a Sikh family. Caste: No Bar Contact: 408.528.4489 Email: tsumman@yahoo.com


## ਭਾਰਤੀ ਅਮਰੀਕਨ ਪ੍ਰੋਫੈਸਰ ਮੁਰੂਗੇਸ਼ ਸਿਵਾਪਾਲਨ ਨੂੰ ਪਾਣੀ ਲਈ ਪ੍ਰਿੰਸ ਸੁਲਤਾਨ ਬਿਨ ਅਬਦੁੱਲਾਜਿਜ਼ ਇੰਟਰਨੈਸ਼ਨਲ ਇਨਾਮ ਪ੍ਰਾਪਤ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਇਲੀਨਾਇਸ ਯੂਨੀਵਰਸਿਟੀ ਦੇ ਸਿਵਲ ਅਤੇ ਐਨਵਾਇਰਨਮੈਂਟਲ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਮੁਰੂਗੇਸ਼ ਸਿਵਾਪਾਲਨ ਨੂੰ ਹਾਲ ਹੀ ਵਿਚ ਪਾਣੀ ਲਈ ਪ੍ਰਿੰਸ ਸੁਲਤਾਨ ਬਿਨ ਅਬਦੁੱਲਾਜਿਜ਼ ਇੰਟਰਨੈਸ਼ਨਲ ਇਨਾਮ ਪ੍ਰਾਪਤ ਹੋਇਆ। ਵਿਆਨਾ ਯੂਨੀਵਰਸਿਟੀ ਆਫ ਟੈਕਨਾਲੌਜੀ ਦੇ ਭਾਰਤੀ ਅਮਰੀਕੀ ਅਧਿਆਪਕ ਅਤੇ ਉਸਦੇ ਸਾਥੀ ਗੁੰਟਰ ਬਲਾਸਲ ਨੇ ਦੋਵਾਂ ਟੀਮਾਂ ਵਿਚੋਂ ਇਕ ਦੀ ਸ਼ਮੂਲੀਅਤ ਕੀਤੀ, ਜਿਸ ਨੇ ਅੰਤਰ-ਸ਼ਾਸਤਰੀ ਕਾਰਜਾਂ ਲਈ ਸਨਮਾਨਿਤ ਕੀਤਾ, ਜੋ ਕਿਸੇ ਵੀ ਪਾਣੀ ਸਬੰਧਤ ਖੇਤਰ ਵਿਚ ਇਕ ਪ੍ਰਮੁੱਖ ਵਿਗਿਆਨਕ ਸਫਲਤਾ ਨੂੰ ਦਰਸਾਉਂਦਾ ਹੈ। ਸਿਵਾਪੋਲਨ ਅਤੇ ਬਲਾਸਿਲ ਨੂੰ ਆਪਣੇ ਕੰਮ ਲਈ ਇਹ ਸਨਮਾਨ ਪ੍ਰਾਪਤ ਹੋਇਆ ਹੈ, ਜਿਸ ਨੂੰ ਸੋਸ਼ਲਿਅਥ੍ਰੋਲੌਜੀ ਕਿਹਾ ਜਾਂਦਾ ਹੈ। ਉਹਨਾਂ ਦਾ ਨਜ਼ਰੀਆ ਪਾਣੀ ਪ੍ਰਬੰਧਨ ਪ੍ਰਣਾਲੀਆਂ ਅਤੇ ਲੋਕਾਂ ਵਿਚਕਾਰ ਸਬੰਧਾਂ ਨੂੰ ਸਮਝਣ 'ਤੇ ਕੇਂਦਰਿਤ ਹੈ।

ਪਾਣੀ ਖੋਜ ਲਈ ਪ੍ਰਿੰਸ ਸੁਲਤਾਨ ਬਿਨ ਅਬਦੁੱਲਾਜਿਜ਼ ਅੰਤਰ ਰਾਸ਼ਟਰੀ ਪੁਰਸਕਾਰ ਇਕ ਮੋਹਰੀ, ਵਿਸ਼ਵ ਵਿਆਪੀ ਵਿਗਿਆਨਕ ਪੁਰਸਕਾਰ ਹੈ



ਜੋ ਪਾਣੀ ਖੋਜ ਵਿਚ ਅਤਿਅੰਤ ਨਵੀਨਤਾ 'ਤੇ ਕੇਂਦਰਿਤ ਹੈ। ਪੰਜ ਸ਼੍ਰੇਣੀਆਂ ਵਿਚ ਦੁਨੀਆਂਦਾਰੀ ਨਾਲ ਇਹ ਪੁਰਸਕਾਰ ਦਿੱਤਾ ਜਾਂਦਾ ਹੈ, ਇਸ ਨਾਲ ਪਾਇਨੀਅਰਾਂ ਦੇ ਕੰਮ ਲਈ ਵਿਸ਼ਵ ਭਰ ਵਿਚ ਵਿਗਿਆਨੀਆਂ, ਖੋਜਕਰਤਾਵਾਂ ਅਤ ਖੋਜਕਾਰਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਜੋ ਕਿ ਪਾਣੀ ਦੀ ਕਮੀ ਦੀ ਸਿਰਜਣਾਤਮਕ ਅਤੇ ਪ੍ਰਭਾਵੀ ਢੰਗ ਨਾਲ ਸਮੱਸਿਆ ਦਾ ਹੱਲ ਲੱਭਦੇ ਹਨ। ਸਿਵਾਪਾਲਨ ਸਿਵਲ ਅਤੇ ਐਨਵਾਇਰਨਮੈਂਟਲ ਇੰਜੀਨੀਅਰਿੰਗ ਵਿਚ ਚੇਸਟਰ ਅਤੇ ਹੈਲਨ ਸਾਇੰਸਿਜ਼ ਪ੍ਰੋਫੈਸਰ ਹਨ।

ਉਸ ਨੇ ਇਕ ਬੀ. ਐਸ. ਸੇਲੌਨ ਯੂਨੀਵਰਸਿਟੀ ਵਿਚ ਸਿਵਲ ਇੰਜੀਨੀਅਰਿੰਗ ਵਿਚ, ਥਾਈਲੈਂਡ ਵਿਚ ਏਸ਼ੀਅਨ ਇੰਸਟੀਚਿਊਟ ਆਫ ਟੈਕਨਾਲੌਜੀ ਵਿਚ ਜਲ ਸਰੋਤ ਇੰਜੀਨੀਅਰਿੰਗ ਵਿਚ ਇਕ ਐਮ. ਈ. ਅਤੇ ਇਕ ਐਮ. ਏ. ਅਤੇ ਸਿਵਲ ਇੰਜੀਨੀਅਰਿੰਗ ਵਿਚ ਡਾਕਟਰੇਟ, ਪ੍ਰਿੰਸਟਨ ਯੂਨੀਵਰਸਿਟੀ ਤੋਂ ਹਾਈਡਰਲੌਜੀ ਮੁੱਖ ਰੂਪ 'ਚ ਕੀਤੀ। ਉਹ ਅਮਰੀਕੀ ਜਿਓਫਿਸ਼ਿਕ ਯੂਨੀਅਨ ਤੋਂ ਅਲਬਰਟ ਵੇਗੇਨਰ ਮੈਡਲ ਅਤੇ ਯੂਰੋਪੀਅਨ ਜਿਓਸਾਇਸੀਜ਼ ਯੂਨੀਅਨ ਤੋਂ ਅਲਬਰਟ ਵੇਗੇਨਰ ਮੈਡਲ ਅਤੇ ਰੌਬਰਟ ਈ. ਹੋਰਟਨ ਮੈਡਲ ਸਮੇਤ ਬਹੁਤ ਸਾਰੇ ਸਨਮਾਨਤ ਪੁਰਸਕਾਰ ਪ੍ਰਾਪਤ ਕਰ ਚੁੱਕੇ ਹਨ।

## ਖਾਸ ਬਨਾਮ ਆਮ



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਕਰੀ ਕੋਸ਼ਿਸ਼ ਸਤਾਰਾਂ ਦੇ ਵਿਚ ਜਿਹੜੀ
'ਤੀਜੇ ਬਦਲ' ਨੂੰ ਮੋਹਰੇ ਲਿਆਉਣ ਵਾਲੀ।

ਹਾਲਤ ਬਣੀ ਕੀ ਉਸਦੀ ਦੇਖ ਲਓ ਜੀ
ਸਾਰੇ ਵਰਕਰਾਂ ਤਾਈਂ ਸ਼ਰਮਾਉਣ ਵਾਲੀ।

ਕੈਂਚੀ ਸੁੱਟ ਕੇ ਕਰੇ ਨਾ ਗੱਲ ਕੋਈ
ਨਾਲ ਸੂਈ ਦੇ ਫਟੇ ਮਿਲਾਉਣ ਵਾਲੀ।

ਲੱਗੇ ਅਗਲੀਆਂ ਪਿਛਲੀਆਂ ਫੋਲਣੇ 'ਤੇ
ਆਉਂਦੀ ਜਾਚ ਨਾ ਰੁੱਸੇ ਮਨਾਉਣ ਵਾਲੀ।

ਬੁੱਢੇ ਸਿਆਸਤੀ ਢੰਗ ਇਹ ਵਰਤ ਲੈਂਦੇ
ਦੰਡ ਭੇਦ ਜਾਂ ਸਾਮ ਤੇ ਦਾਮ ਦਾ ਜੀ।

'ਖਾਸ' ਲੋਕ ਹੀ ਸਿਆਸਤਾਂ ਖੇਡ ਸਕਦੇ
ਇਹ 'ਧੰਦਾ' ਨਹੀਂ ਬੰਦਿਆ 'ਆਮ' ਦਾ ਜੀ।


# 'ਦੇਸ਼ ਦੁਆਬਾ'

## ਹਰ ਹਫਤੇ ਛਪਣ ਵਾਲਾ ਅਖ਼ਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**1-916-947-8920 (ਫੋਨ), 1-916-238-1393 (ਫੈਕਸ)**
**E-mail : deshdoaba@yahoo.com**
www.deshdoaba.com www.ambedkartimes.com


## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**
**E-mail : deshdoaba@yahoo.com**

# ਬੀਤੇ ਵਰ੍ਹਿਆਂ 'ਚ ਅਮਰੀਕਾ ਘੁੰਮਣ ਆਏ ਭਾਰਤੀਆਂ 'ਚੋਂ 21 ਹਜ਼ਾਰ ਤੋਂ ਵੱਧ ਵਾਪਸ ਹੀ ਨਹੀਂ ਗਏ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਟੀ ਵੱਲੋਂ ਜਾਰੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੰਨ 2017 ਵਿਚ 10.7 ਲੱਖ ਤੋਂ ਵੱਧ ਭਾਰਤੀ ਬੀ.-1 ਅਤੇ ਬੀ-2 ਵੀਜਿਆਂ ਤ ਅਮਰੀਕਾ ਆਏ ਸਨ। ਇਸ ਵੰਨਗੀ ਦੇ ਵੀਜ਼ੇ ਕਾਰੋਬਾਰ ਜਾਂ ਘੁੰਮਣ ਫਿਰਨ ਦੇ ਮਕਸਦ ਨਾਲ ਆਉਣ ਵਾਲਿਆਂ ਨੂੰ ਦਿੱਤੇ ਜਾਂਦੇ ਹਨ। ਰਿਪੋਰਟ ਮੁਤਾਬਕ ਇਨ੍ਹਾਂ ਵਿਚੋਂ 14204 ਮਿਆਦ ਖਤਮ ਹੋਣ ਤੋਂ ਬਾਅਦ ਵੀ ਅਮਰੀਕਾ ਵਿਚ ਰਹਿ ਰਹੇ ਹਨ। ਉਂਝ ਇਹਨਾਂ 'ਚੋਂ 1708ਭਾਰਤੀ ਬਾਅਦ ਵਿਚ ਵਾਪਸ ਰਵਾਨਾ ਹੋ ਗਏ ਸਨ ਜਦਕਿ 12498 ਭਾਰਤੀਆਂ ਦਾ ਕੋਇ. ਅਤਾ ਪਤਾ ਨਹੀਂ ਸੀ। ਸਮਝਿਆ ਜਾਂਦਾ ਹੈ ਕਿ ਉਹ ਜੇ ਵੀ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਰਹਿ ਰਹੇ ਹਨ।

ਸੱਜਰੇ ਸਰਕਰੀ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ ਸੰਨ 2017 ਵਿਚ 21000 ਤੋਂ ਵੱਧ ਭਾਰਤੀ ਆਪਣੇ ਵੀਜ਼ੇ ਦੀ ਮਿਆਦ ਤੋਂਬਾਅਦ ਵੀ ਅਮਰੀਕਾ ਵਿਚ ਟਿਕੇ ਹੋਏ ਸਨ।




ਹਾਲਾਂਕਿ ਅਮਰੀਕਾ ਵਿਚ ਵੀਜੇ ਦੀ ਮਿਆਦ ਤੋਂ ਬਾਅਦ ਵੀ ਟਿਕੇ ਰਹਿਣ ਵਾਲੇ ਭਾਰਤੀਆਂ ਦੀ ਦਰ ਹੋਰਨਾਂ ਮੁਲਕਾਂ ਦੇ ਨਾਗਰਿਕਾਂ ਮੁਕਾਬਲੇ ਕੋਈ ਬਹੁਤੀ ਨਹੀਂ ਪਰ ਇਹਨਾਂ ਦੀ ਤਾਦਾਦ ਕਰਕੇ ਹੀ ਭਾਰਤ ਅਜਿਹੇ ਮੋਹਰੀ ਮੁਲਕਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ, ਜਿਹਨਾਂ ਦੇ ਨਾਗਰਿਕ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿਣ ਨੂੰ ਤਰਜੀਹ ਦਿੰਦੇ ਹਨ।

ਸੰਨ 2016 ਵਿਚ 10 ਲੱਖ ਤੋਂ ਵੱਧ ਬੀ. 1 ਅਤੇ ਬੀ 2 ਵੀਜਿਆਂ 'ਤੇ ਅਮਰੀਕਾ ਆਏ ਸਨ। ਇਹਨਾਂ ਵਿਚੋਂ 17763 ਭਾਰਤੀਆਂ ਨੇ ਓਵਰਸਟੇਅ ਕੀਤੀ ਸੀ। ਫਿਰ 2040 ਭਾਰਤੀ ਆਪਣੇ ਵੀਜਿਆਂ ਦੀ ਮਿਆਦ ਪੁੱਗਣ ਤੋਂ ਬਾਅਦ ਵਾਪਸ ਰਵਾਨਾ ਹੋ ਗਏ ਸਨ ਜਦਕਿ 15723 ਭਾਰਤੀਆਂ ਦਾ ਕੋਈ ਅਤਾ ਪਤਾ ਨਹੀਂ ਲੱਗ ਸਕਿਆ। ਰਿਪੋਰਟ ਮੁਤਾਬਕ ਸੰਨ 2017 ਵਿਚ 127,435 ਭਾਰਤੀ ਵਿਦਿਆਰਥੀ ਅਤੇ ਰਿਸਰਚ ਸਕਾਲਰ ਐਫ, ਜੇ ਅਤੇ ਐਮ ਵੰਨਗੀ ਦੇ ਵੀਜਿਆਂ ਤੇ ਅਮਰੀਕਾ ਆਏ ਸਨ। ਇਹਨਾਂ ਵਿਚੋਂ 4400 ਭਾਰਤੀਆਂ ਨੇ ਓਵਰਸਟੇਅ ਕੀਤੀ ਸੀ ਜਦਕਿ ਅੰਕੜਿਆਂ ਮੁਤਾਬਕ 1567 ਭਾਰਤੀ ਮਗਰੋਂ ਵਾਪਸ ਰਵਾਨਾ ਹੋ ਗਏ ਸਨ ਪਰ 2833 ਭਾਰਤੀ ਅਜੇ ਵੀ ਅਮਰੀਕਾ ਵਿਚ ਟਿਕੇ ਹੋਏ ਹਨ। ਗੈਰ ਅਵਾਸੀਆਂ ਦੀਆਂ ਹੋਰਨਾਂ ਵੰਨਗੀਆਂ ਵਿਚੋਂ 4.5 ਲੱਖ ਭਾਰਤੀਆਂ ਦੇ ਅਮਰੀਕਾ 'ਚੋਂ ਰਵਾਨਾ ਹੋਣ ਦੀ ਆਸ ਕੀਤੀ ਜਾਂਦੀ ਸੀ ਜਿਹਨਾਂ ਵਿਚੋਂ 9568 ਨੇ ਓਵਰਸਟੇਅ ਕੀਤੀ ਸੀ ਜਦਕਿ 2956 ਨੇ ਵੀਜਾ ਮਿਆਦ ਪੁੱਗਣ ਤੋਂ ਬਾਅਦ ਚਾਲੇ ਪਾ ਦਿੱਤੇ ਸਨ ਪਰ 6612 ਬਾਰੇ ਅਜੇ ਵੀ ਅਮਰੀਕਾ ਵਿਚ ਟਿਕੇ ਹੋਣ ਦਾ ਸ਼ੱਕ ਹੈ।




ਭਾਰਤ ਦੀ ਆਜ਼ਾਦੀ ਦੇ ਦਿਹਾੜੇ ਨੂੰ ਸਮਰਪਿਤ ਫਰੀਮਾਂਟ ਵਿਖੇ ਵਿਸ਼ੇਸ਼ ਪਰੇਡ 19 ਅਗਸਤ ਨੂੰ ਆਯੋਜਿਤ ਕੀਤੀ ਜਾ ਰਹੀ ਹੈ। ਇਸ ਪਰੇਡ ਵਿਚ ਭਾਗ ਲੈਣ ਲਈ ਹੁੰਮਾ-ਹੁੰਮਾ ਕੇ ਪਹੁੰਚੋ। ਪਰੇਡ ਸਵੇਰੇ 3411 Capitol Ave Fremont, CA 94538, b/t Liberty St & Mount Vernon Ave ਵਿਖੇ 10 ਵਜੇ ਆਰੰਭ ਹੋਵੇਗੀ। ਹੋਰ ਜਾਣਕਾਰੀ ਲਈ ਵਿਨੋਦ ਕੁਮਾਰ ਚੁੰਬਰ ਨਾਲ 510-953-9800 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੈਕਰਾਮੈਂਟੋ, ਕੈਲੇਫੋਰਨੀਆ ਲਾਗੇ ਦੋ ਡ੍ਰਾਈਵਰਾਂ ਵਿਚਾਲੇ ਹੋਈ ਖਹਿਬਾਜ਼ੀ ਕਾਰਨ ਲੜਾਈ 'ਚ ਦੋਹਾਂ ਦੀ ਮੌਤ



**ਸੈਕਰਾਮੈਂਟੋ–** ਕੈਲੇਫੋਰਨੀਆ ਦੇ ਇੰਟਰਸਟੇਟ 5 ਤੇ ਡਿਲ ਪਾਸੋਂ ਸਟਰੀਟ ਲਾਗੇ ਦੋ ਡਰਾਈਵਰਾਂ ਵਿਚਾਲੇ ਹੋਈ ਖਹਿਬਾਜ਼ੀ ਕਰਕੇ ਲੜਾਈ ਦੌਰਾਨ ਦੋਹਾਂ ਦੀ ਹੀ ਮੌਤ ਹੋ ਗਈ। ਕੈਲੇਫੋਰਨੀਆ ਦੇ ਹਾਇ.ਵੇ ਪੈਟਰੋਲ ਨੇ ਦੱਸਿਆ ਕਿ ਇਹ ਘਟਨਾ ਸਵੇਰੇ 3.44 ਵਜੇ ਵਾਪਰੀ, ਜਦੋਂ ਡਿਲ ਪਾਸੋ ਰੋਡ ਦੇ ਨੇੜੇ ਹਾਈਵੇਅ ਦੇ ਉਤਰ ਵੱਲ ਖੜ੍ਹੇ ਸੜਕ ਉਤੇ ਸੈਕਰਾਮੈਂਟੋ ਤੋਂ 10 ਮੀਲ ਉਤਰ ਵੱਲ ਇਕ ਡਰਾਈਵਰ ਦੂਜੇ ਨੂੰ ਟਕਰਾਅ ਗਿਆ ਅਤੇ ਬਾਹਰ ਨਿਕਲਣ ਦੇ ਦੋਵੇਂ ਨੇੜੇ ਚਲੇ ਗਏ, ਜਿੱਥੇ ਉਹਨਾਂ ਨੇ ਲੜਨਾ ਆਰੰਭ ਕੀਤਾ। ਝਗੜੇ ਦੌਰਾਨ ਹਾਈਵੇ ਪੈਟਰੋਲ ਦੇ ਅਨੁਸਾਰ ਇਕ ਆਦਮੀ ਨੇ ਇਕ ਰੌਡ ਖਿੱਚਿਆ ਅਤੇ ਦੂਜੇ ਆਦਮੀ ਨੂੰ ਇਕ ਹਾਈਵੇ ਟਰੈਫਿਕ ਲੇਨਾਂ ਵਿਚ ਹੀ ਮਾਰਨਾ ਆਰੰਭ ਕਰ ਦਿੱਤਾ, ਜਿਸ ਦੇ ਫਲਸਰੂਪ ਉਹ ਮਰ ਗਿਆ। ਜਦੋਂ ਉਹ ਵਾਪਸ ਆਪਣੀ ਕਾਰ ਵੱਲ ਵਧਿਆ ਤਾਂ ਉਧਰੋਂ ਤੇਜ਼ ਆ ਰਹੀ ਕਾਰ ਦੀ ਚਪੇਟ ਵਿਚ ਆ ਗਿਆ, ਜਿਸ ਕਰਕੇ ਉਥੇ ਹੀ ਮੌਤ ਹੋ ਗਈ। ਅਫਸਰ ਮਾਈਕ ਜ਼ਰਫਸ ਨੇ ਕਿਹਾ, ਗੁੱਸਾ ਵਾਹਨ ਚਾਲਕਾਂ ਵਿਚਕਾਰ ਫ੍ਰੀਵੇਅ ਉਤੇ ਲੜਾਈ, ਭਾਵੇਂ ਇਹ ਟ੍ਰੈਫਿਕ ਦੀ ਟੱਕਰ ਜਾਂ ਸੜਕ ਦੀ ਇਕ ਕਿਸਮ ਦੀ ਘਟਨਾ ਦਾ ਨਤੀਜਾ ਹੋਵੇ, ਆਮ ਤੌਰ ਤੇ ਅਜਿਹਾ ਨਹੀਂ ਹੁੰਦਾ। ਮਾਰਨ ਵਾਲੇ ਵਾਹਨ ਦਾ ਡਰਾਈਵਰ ਮੌਕੇ 'ਤੇ ਹੀ ਰਿਹਾ ਅਤੇ ਜਾਂਚਕਾਰਾਂ ਨਾਲ ਮਿਲਵਰਤਨ ਕਰ ਰਿਹਾ ਸੀ। ਕਿਸੇ ਵੀ ਮ੍ਰਿਤਕ ਵਿਅਕਤੀ ਦੀ ਤੁਰੰਤ ਪਛਾਣ ਨਹੀਂ ਕੀਤੀ ਗਈ ਸੀ। ਸਿਰਫ ਗੁੱਸੇ ਦੇ ਆਧਾਰ ਤੇ ਹੋਈ ਇਸ ਘਟਨਾ ਨੇ ਵਿਸ਼ਵ ਪੱਧਰੀ ਸੁਨੇਹਾ ਦੇਣ ਦਾ ਕੰਮ ਕੀਤਾ ਹੈ।

# ਸ਼ੇਰ-ਏ-ਪੰਜਾਬ ਨਿਊਯਾਰਕ ਦੇ ਐਡੀਟਰ ਬਲਦੇਵ ਸਿੰਘ ਗਰੇਵਾਲ ਗੋਲਡ ਮੈਡਲ ਨਾਲ ਸਨਮਾਨਿਤ

**ਨਿਊਯਾਰਕ (ਹੁਸਨ ਲੜੋਆ ਬੰਗਾ)** ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ ਵਲੋਂ ਸੁਲਤਾਨ ਉਲ ਕੌਮ ਜੱਸਾ ਸਿੰਘ ਆਹਲੂਵਾਲੀਆ ਦਾ 300ਵਾਂ ਜਨਮ ਦਿਹਾੜਾ ਸਥਾਨਕ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਦੇ ਸਹਿਯੋਗ ਨਾਲ ਵਿਸ਼ਾਲ ਪੱਧਰ 'ਤੇ ਮਨਾਇਆ ਗਿਆ। ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਗੁਰਦੁਆਰਾ ਸੰਤ ਸਾਗਰ, ਗੁਰਦੁਆਰਾ ਸਿੱਖ ਸੈਂਟਰ ਫਲੱਸ਼ਿੰਗ ਅਤੇ ਸਮੂਹ ਜਥੇਬੰਦੀਆਂ ਦੇ ਸਹਿਯੋਗ ਨਾਲ ਮਨਾਏ ਇਸ ਸਮਾਗਮ ਵਿਚ ਡਾ. ਸੁਖਪ੍ਰੀਤ ਸਿੰਘ ਉਬੋਕੇ, ਡਾ. ਅਮਰਜੀਤ ਸਿੰਘ,




ਹਰਿੰਦਰ ਸਿੰਘ ਟੈਕਸਸ ਆਦਿ ਵਿਦਵਾਨਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੇ ਗੌਰਵਮਈ ਇਤਿਹਾਸ ਦੀਆਂ ਪਰਤਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਮੌਕੇ ਸ਼ੇਰ-ਏ-ਪੰਜਾਬ ਦੇ ਐਡੀਟਰ ਬਲਦੇਵ ਸਿੰਘ ਗਰੇਵਾਲ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਗਰੇਵਾਲ ਪਿਛਲੇ ਪੰਜਾਹ ਸਾਲਾਂ ਤੋਂ ਪੰਜਾਬੀ ਪੱਤਰਕਾਰੀ ਨਾਲ ਜੁੜੇ ਹੋਏ ਹਨ। ਉਹ ਲੰਮਾ ਅਰਸਾ ਰੋਜ਼ਾਨਾ ਅਜੀਤ ਦੇ ਮੈਗਜ਼ੀਨ ਐਡੀਟਰ ਵੀ ਰਹਿ ਚੁੱਕੇ ਹਨ।

# ਭਾਰਤੀਆਂ ਸਮੇਤ 120 ਲੋਕ ਹੋਰ ਨਜਾਇਜ਼ ਪ੍ਰਵਾਸ ਕਰਦੇ ਪਕੜੇ

(ਸਫਾ 1 ਦੀ ਬਾਕੀ)

ਦੁਬਾਰਾ ਪ੍ਰਵੇਸ਼ ਕਰਨ ਦੇ ਦੋਸ਼ਾਂ ਵਿਚ ਅਪਰਾਧਿਕ ਮੁਕੱਦਮੇ ਦਾ ਵੀ ਸਾਹਮਣਾ ਕਰਨਾ ਹੋਵੇਗਾ। ਇਕ ਹੋਰ ਘਟਨਾ ਵਿਚ ਅਮਰੀਕਾ ਦੇ ਬਾਰਡਰ ਗਸ਼ਤੀ ਅਧਿਕਾਰੀਆਂ ਨੇ ਪਿਛਲੇ ਹਫਤੇ ਟੈਕਸਾਸ ਦੀ ਇਕ ਜਾਂਚ ਚੌਂਕੀ ਤੋਂ 78 ਲੋਕਾਂ ਨੂੰ ਪਕੜਿਆ ਹੈ। ਇਹ ਸਾਰੇ ਇਕ ਟਰਾਲੇ ਵਿਚ ਲੁਕੇ ਸਨ। ਕਈ ਮੁਲਕਾਂ ਦੇ ਇਹਨਾਂ ਲੋਕਾਂ ਵਿਚ ਕੁਝ ਭਾਰਤੀ ਹਨ। ਇਕ ਅਧਿਕਾਰੀ ਨੇ ਦੱਸਿਆ ਕਿ ਅਪਰਾਧਿਕ ਗਿਰੋਹ ਲੋਕਾਂ ਦੀ ਸੁਰੱਖਿਆ ਦੀ ਚਿੰਤਾ ਕੀਤੇ ਬਿਨਾਂ ਇਸ ਕਿਸਮ ਦੇ ਵਹੀਕਲਾਂ ਜ਼ਰੀਏ ਲੋਕਾਂ ਨੂੰ ਅਮਰੀਕਾ ਪਹੁੰਚਾਉਣ ਦਾ ਕੰਮ ਕਰਦੇ ਰਹਿੰਦੇ ਹਨ।

ਰਾਸ਼ਟਰਪਤੀ ਟਰੰਪ ਨੇ ਪਿਛਲੇ ਮਹੀਨੇ ਪ੍ਰਵਾਸ ਤੇ ਆਪਣੇ ਵਿਵਾਦਗ੍ਰਸਤ ਆਦੇਸ਼ ਨੂੰ ਬਦਲਦੇ ਹੋਏ ਪ੍ਰਵਾਸੀ ਪਰਿਵਾਰਾਂ ਨੂੰ ਅਲੱਗ ਕਰਨ ਦੀ ਵਿਵਸਥਾ ਖਤਮ ਕਰ ਦਿੱਤੀ ਸੀ। ਅਮਰੀਕਾ-ਮੈਕਸੀਕੋ ਬਾਰਡਰ ਤੇ ਨਜਾਇਜ਼ ਪ੍ਰਵੇਸ਼ ਕਰਨ ਵਾਲੇ ਪਰਿਵਾਰਾਂ ਤੋਂ ਉਹਨਾਂ ਦੇ ਬੱਚਿਆਂ ਨੂੰ ਅਲੱਵ ਕਰਨ ਦੇ ਟਰੰਪ ਪ੍ਰਸ਼ਾਸਨ ਦੇ ਕਦਮ ਦੀ ਆਲੋਚਨਾ ਹੋਈ ਸੀ।

# ਡਾ. ਰਾਜਵੰਤ ਕੌਰ ਗਿੱਲ ਦੀ ਪਹਿਲੀ ਬਰਸੀ 'ਤੇ ਡਾ.ਅਜੈਪਾਲ ਗਿੱਲ ਵਲੋਂ ਭਲਾਈ ਕਾਰਜਾਂ ਦਾ ਐਲਾਨ

**ਮੈਰੀਲੈਂਡ (ਰਾਜ ਗੋਗਨਾ)** – ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰੇ ਦੇ ਪ੍ਰਬੰਧਕ ਵਜੋਂ ਕਈ ਅਹੁਦਿਆਂ ਤੇ ਰਹਿ ਚੁੱਕੇ ਡਾ. ਰਾਜਵੰਤ ਕੌਰ ਗਿੱਲ ਦੀ ਪਹਿਲੀ ਬਰਸੀ ਮਨਾਈ ਗਈ। ਜਿਸ ਵਿੱਚ ਸੰਗਤਾਂ ਨੇ ਹੁੰਮ ਹੁੰਮਾ ਕੇ ਹਾਜ਼ਰੀ ਭਰੀ। ਡਾ. ਰਾਜਵੰਤ ਕੌਰ ਗਿੱਲ ਇੱਕ ਸਿੱਖਿਆ ਸ਼ਾਸਤਰੀ ਵਜੋਂ ਵਿਚਰੇ ਜਿਨ੍ਹਾਂ ਨੇ ਫਿਜ਼ਿਕਸ, ਗਣਿਤ ਅਤੇ ਕੰਪਿਊਟਰ ਦੀ ਮੁਹਾਰਤ ਉਪਰੰਤ ਪੀ. ਐਚ. ਡੀ. ਦੀ ਡਿਗਰੀ ਅਮਰੀਕਾ ਵਿੱਚ ਹਾਸਲ ਕੀਤੀ। ਉਨ੍ਹਾਂ ਸਮਿਆਂ ਵਿੱਚ ਲੜਕੀਆਂ ਨੂੰ ਪੜ੍ਹਾਉਂਦੇ ਨਹੀਂ ਸਨ, ਜਿਸ ਸਮੇਂ ਵਿੱਚ ਰਾਜਵੰਤ ਕੌਰ ਗਿੱਲ ਨੇ ਪੜ੍ਹਾਈ ਦੇ ਹਰ ਮੁਕਾਮ ਨੂੰ ਬਾਖੂਬੀ ਨਾਲ ਪ੍ਰਾਪਤ ਕੀਤਾ ਅਤੇ ਫਸਟ ਕਲਾਸ ਫਸਟ ਦਰਜਾ ਹਾਸਲ ਕੀਤਾ। ਜ਼ਿਕਰਯੋਗ ਹੈ ਕਿ ਉਨ੍ਹਾਂ ਦੀ ਮੁਹਾਰਤ ਸਦਕਾ ਹੀ ਉਨ੍ਹਾਂ ਨੇ ਆਪਣੇ ਤਿੰਨੇ ਬੱਚੇ ਮੈਡੀਕਲ ਖੇਤਰ ਵਿੱਚ ਡਾਕਟਰ ਬਣਾਏ ਜੋ ਹਰ ਫੀਲਡ ਵਿੱਚ ਹੀ ਖਾਸ ਥਾਂ ਰੱਖਣ ਵਾਲੇ ਅਮਰੀਕਾ ਦੇ ਮੋਹਰੀ ਡਾਕਟਰਾਂ ਵਿੱਚੋਂ ਇੱਕ ਹਨ। ਡਾ. ਰਾਜਵੰਤ ਕੌਰ ਗਿੱਲ ਜਿਨ੍ਹਾਂ ਨੂੰ ਸਿੱਖਿਆ ਨਾਲ ਬਹੁਤ ਪਿਆਰ ਸੀ ਅਤੇ ਪੰਜਾਬੀ ਸਕੂਲ ਵੀ ਗੁਰੂਘਰ ਵਿਖੇ ਹੋਂਦ ਵਿੱਚ ਲਿਆਂਦਾ ਜੋ ਅੱਜ



ਤੀਸਰੇ ਸਾਲ ਵਿੱਚ ਵਧੀਆ ਚੱਲ ਰਿਹਾ ਹੈ।

ਡਾ. ਅਜੈਪਾਲ ਸਿੰਘ ਗਿੱਲ ਜੋ ਬੀਬੀ ਰਾਜਵੰਤ ਕੌਰ ਦੇ ਪਤੀ ਹਨ, ਉਨ੍ਹਾਂ ਵਲੋਂ ਗੁਰੂਘਰ ਵਿੱਚ ਕਈ ਸਕੀਮਾਂ ਤਹਿਤ ਵਿਦਿਆਰਥੀਆਂ ਦਾ ਸਨਮਾਨ ਕੀਤਾ, ਜਿਨ੍ਹਾਂ ਵਿੱਚ ਸਕਾਲਰਸ਼ਿਪ ਸਕੀਮ, ਅਧਿਆਪਕਾਂ ਨੂੰ ਮਹੀਨਾਵਾਰ ਵਜ਼ੀਫਾ, ਅੰਮ੍ਰਿਤਧਾਰੀ ਬੱਚਿਆਂ ਨੂੰ ਉਤਸ਼ਾਹਿਤ ਕਰਨਾ, ਮੈਡੀਕਲ ਖੇਤਰ ਵਿੱਚ ਵਿਦਿਆਰਥੀਆਂ ਵਲੋਂ ਪ੍ਰਵੇਸ਼ ਕਰਨ ਤੇ ਮਾਲੀ ਮਦਦ ਕਰਨਾ ਆਦਿ ਨੂੰ ਅੰਜ਼ਾਮ ਦਿੱਤਾ ਜੋ ਡਾ. ਰਾਜਵੰਤ ਕੌਰ ਗਿੱਲ ਦੀ ਯਾਦ ਨੂੰ ਤਾਜਾ ਰੱਖਣ ਵਿੱਚ ਅਹਿਮ ਕਦਮ ਹੈ। ਗੁਰੂਘਰ ਦੇ ਆਲੇ ਦੁਆਲੇ ਨੂੰ ਸੁੰਦਰ ਬਣਾਉਣ ਵਿੱਚ ਵੀ ਡਾ. ਅਜੈਪਾਲ ਗਿੱਲ ਨੇ ਯੋਗਦਾਨ ਪਾ ਕੇ ਆਲੇ ਦੁਆਲੇ ਨੂੰ ਸੁੰਦਰ ਬਣਾ ਦਿੱਤਾ ਹੈ।

ਸੰਗਤਾਂ ਵਲੋਂ ਇਸ ਸ਼ਲਾਘਾਯੋਗ ਕਾਰਜ ਦੀ ਤਾਰੀਫ ਕੀਤੀ ਜਾ ਰਹੀ ਹੈ। ਭਾਈ ਸ਼ਾਤ ਸਾਹਿਬ ਦੇ ਜਥੇ ਵਲੋਂ ਵੈਰਾਗਮਈ ਕੀਰਤਨ ਕੀਤਾ ਗਿਆ ਅਤੇ ਲੰਗਰ ਦੀ ਸੇਵਾ ਅਤੁੱਟ ਕੀਤੀ ਗਈ। ਅਜਿਹੀਆਂ ਸਖਸ਼ੀਅਤਾਂ ਦੀ ਯਾਦ ਹਮੇਸ਼ਾ ਹੀ ਨੇਕ ਕਾਰਜਾਂ ਲਈ ਸੰਗਤ ਯਾਦ ਰੱਖੇਗੀ।

# ਹਿੰਸਾ ਨਾਲੋਂ ਅਹਿੰਸਾ ਵੱਧ ਤਾਕਤਵਰ: ਰਾਸ਼ਟਰਪਤੀ ਕੋਵਿੰਦ

(ਸਫਾ 1 ਦੀ ਬਾਕੀ)

ਔਰਤਾਂ ਵੀ ਆਪਣੀ ਮਨਮਰਜ਼ੀ ਦੀ ਜ਼ਿੰਦਗੀ ਜਿਉਣ ਦੀਆਂ ਹੱਕਦਾਰ ਹਨ। ਉਨ੍ਹਾਂ ਕਿਹਾ, ''ਅਸੀਂ ਆਪਣੇ ਇਤਿਹਾਸ ਵਿੱਚ ਅਜਿਹੇ ਮੋੜ ਉਤੇ ਹਾਂ, ਜਿਹੜਾ ਇਸ ਤੋਂ ਪਹਿਲਾਂ ਸਾਨੂੰ ਪੇਸ਼ ਆਏ ਕਿਸੇ ਵੀ ਦੌਰ ਤੋਂ ਅਲੱਗ ਹੈ। ਅਸੀਂ ਆਪਣੇ ਚਿਰਾਂ ਤੋਂ ਉਡੀਕੇ ਜਾ ਰਹੇ ਅਨੇਕਾਂ ਟੀਚਿਆਂ ਨੂੰ ਸਰ ਕਰਨ ਦੇ ਕਰੀਬ ਹਾਂ।'' ਉਨ੍ਹਾਂ ਇਸ ਸਬੰਧੀ ਸਾਰਿਆਂ ਨੂੰ ਬਿਜਲੀ ਮਿਲਣ, ਖੁੱਲ੍ਹੇ 'ਚ ਪਾਖ਼ਾਨਾ ਜਾਣ ਦੇ ਖ਼ਾਤਮੇ, ਬੇਘਰਿਆਂ ਨੂੰ ਘਰ ਮਿਲਣ ਆਦਿ ਦੇ ਸਰਕਾਰੀ ਦਾਅਵੇ ਗਿਣਾਏ ਤੇ ਨਾਲ ਹੀ ਕਿਹਾ ਕਿ ਛੇਤੀ ਹੀ ਬਹੁਤ ਜ਼ਿਆਦਾ ਗੁਰਬਤ ਦਾ ਵੀ ਖ਼ਾਤਮਾ ਸੰਭਵ ਹੈ। ਉਨ੍ਹਾਂ ਦੇਸ਼ ਨੂੰ ਅੰਨ ਸੁਰੱਖਿਆ ਮੁਹੱਈਆ ਕਰਾਉਣ ਲਈ ਕਿਸਾਨਾਂ ਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਹਥਿਆਰਬੰਦ ਫ਼ੌਜਾਂ ਤੇ ਪੁਲੀਸ ਦੇ ਰੋਲ ਦੀ ਵੀ ਸ਼ਲਾਘਾ ਕੀਤੀ।

# ਆਜ਼ਾਦੀ ਦੇ ਮਾਇਨੇ

ਭਾਰਤ 1947 ਵਿਚ ਇੰਗਲੈਂਡ ਦੀ ਹਕੂਮਤ ਤੋਂ ਆਜ਼ਾਦ ਹੋਇਆ ਪਰ ਦੇਸ਼ ਵੰਡ ਨੇ ਭਾਰਤ ਨੂੰ ਬਹੁਤ ਵੱਡਾ ਜ਼ਖਮ ਦਿੱਤਾ। ਇਸ ਤੋਂ ਬਾਅਦ ਫਿਰ ਭਾਰਤ ਸੰਭਲਿਆ ਅਤੇ ਆਪਣਾ ਸ਼ਾਨਦਾਰ ਸੰਵਿਧਾਨ ਤਿਆਰ ਕਰਕੇ ਪੂਰਨ ਆਜ਼ਾਦੀ ਨਾਲ ਰਹਿਣ ਦਾ ਪ੍ਰਬੰਧ ਕਰਨਾ ਆਰੰਭ ਕੀਤਾ। ਇਸ ਦਰਮਿਆਨ ਕਈ ਮੁਸ਼ਕਿਲਾਂ ਆਈਆਂ, ਵਿਦੇਸ਼ੀ ਹਮਲੇ ਹੋਏ ਅਤੇ ਦੇਸ਼ ਵਿਚ ਹਿੰਸਾ ਹੁੰਦੀ ਰਹੀ ਅਤੇ ਅੱਜ ਵੀ ਹੋ ਰਹੀ ਹੈ। ਪਰ ਇਸ ਸਭ ਦੇ ਬਾਵਜੂਦ ਅੱਜ ਕਈ ਲੋਕੀ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਸਾਡੇ ਲਈ ਆਜ਼ਾਦੀ ਦੇ ਕੀ ਮਾਇਨੇ ਹਨ? ਉਹਨਾਂ ਦੀ ਆਪੋ-ਆਪਣੀ ਸੋਚ ਹੋ ਸਕਦੀ ਹੈ ਪਰ ਆਜ਼ਾਦੀ ਦੀ ਸਭ ਤੋਂ ਵਧੀਆ ਪਰਿਭਾਸ਼ਾ ਤਾਂ ਮਨੁੱਖੀ ਸੁਭਾਅ ਖੁਦ ਹੈ। ਮਨੁੱਖ ਕਦੀ ਵੀ ਅਜਿਹਾ ਨਹੀਂ ਚਾਹੇਗਾ ਕਿ ਉਸ ਨੂੰ ਇਕ ਸੀਮਾ ਵਿਚ ਬੰਨ੍ਹ ਕੇ ਰੱਖਿਆ ਜਾਵੇ।ਜੇਲ੍ਹ ਵਿਚ ਰਹਿ ਰਹੇ ਕੈਦੀ ਇਸੇ ਕਾਰਨ ਦੁਖੀ ਹੁੰਦੇ ਹਨ ਕਿ ਉਹਨਾਂ ਨੂੰ ਸਮਾਜ ਤੋਂ ਦੂਰ ਕਰਕੇ ਇਕ ਦਾਇਰੇ ਵਿਚ ਸੀਮਤ ਕਰ ਦਿੱਤਾ ਗਿਆ ਹੈ। ਉਹਨਾਂ ਦੇ ਖਾਣ-ਪੀਣ, ਰਹਿਣ-ਸਹਿਣ ਅਤੇ ਘੁੰਮਣ-ਫਿਰਨ ਉਤੇ ਕੰਟਰੋਲ ਕਰ ਲਿਆ ਗਿਆ ਹੈ।ਇੱਥੋਂ ਹੀ ਆਜ਼ਾਦੀ ਦੀ ਧਾਰਨਾ ਕਾਫੀ ਹੱਦ ਤੱਕ ਸਾਹਮਣੇ ਆਉਂਦੀ ਹੈ। ਇਕ ਵਿਅਕਤੀ ਜੋ ਆਜ਼ਾਦ ਫਿਜ਼ਾ ਵਿਚ ਰਹਿੰਦਾ ਹੈ, ਆਪਣੀ ਮਰਜ਼ੀ ਨਾਲ ਖਾਂਦਾ-ਪੀਂਦਾ ਹੈ, ਆਪਣੀ ਜ਼ਿੰਦਗੀ ਮਿਹਨਤ ਕਰਕੇ ਗੁਜ਼ਾਰਦਾ ਹੈ, ਉਹ ਆਜ਼ਾਦ ਨਹੀਂ ਤਾਂ ਹੋਰ ਕੀ ਹੈ। ਇਸ ਤੋਂ ਵੀ ਅੱਗੇ ਜਾ ਕੇ ਦੇਖੀਏ, ਇਕ ਵਿਅਕਤੀ ਆਪਣੀ ਸਰਕਾਰ ਦੀ ਆਲੋਚਨਾ ਕਰ ਸਕਦਾ ਹੈ, ਉਸ ਦੀਆਂ ਨੀਤੀਆਂ ਤੇ ਉਂਗਲਾਂ ਉਠਾ ਸਕਦਾ ਹੈ। ਉਹ ਖੁਦ ਵੀ ਅੱਗੇ ਆ ਕੇ ਜਨਤਾ ਦੀ ਕਚਹਿਰੀ ਵਿਚ ਜਾ ਸਕਦਾ ਹੈ ਅਤੇ ਆਪਣੀ ਗੱਲ ਜਨਤਾ ਮੂਹਰੇ ਰੱਖ ਕੇ ਖੁਦ ਵੀ ਹੁਕਮਰਾਨ ਬਣ ਸਕਦਾ ਹੈ। ਇਸ ਦੇ ਉਲਟ ਦੂਜੇ ਮੁਲਕ ਦੀ ਗੁਲਾਮੀ, ਜਿਸ ਵਿਚ ਬੋਲਣ, ਸੁਣਨ, ਬੈਠਣ-ਉਠਣ, ਆਪਣਾ ਵਿਕਾਸ ਕਰਨ ਦੀ ਆਜ਼ਾਦੀ ਨਹੀਂ, ਬਲਕਿ ਹਕੂਮਤ ਜਿਸ ਤਰ੍ਹਾਂ ਚਾਹੁੰਦੀ ਹੈ, ਉਸੇ ਤਰ੍ਹਾਂ ਕਰਨਾ ਪੈਂਦਾ ਹੈ। ਇਹ ਸਭ ਕੁਝ ਮਨੁੱਖੀ ਫਿਤਰਤ ਦੇ ਉਲਟ ਹੈ ਕਿਉਂਕਿ ਮਨੁੱਖੀ ਮਨ ਬੰਧਨਾਂ ਦੇ ਅਧੀਨ ਨਹੀਂ ਰਹਿਣਾ ਚਾਹੁੰਦਾ। ਪਰ ਆਜ਼ਾਦੀ ਦਾ ਇਹ ਮਤਲਬ ਨਹੀਂ ਕਿ ਤੁਸੀਂ ਹੀ ਸਿਰਫ ਆਜ਼ਾਦ ਹੋ, ਤੁਹਾਡੇ ਆਸ-ਪਾਸ ਦੇ ਲੋਕ ਵੀ ਆਜ਼ਾਦ ਹਨ। ਉਹਨਾਂ ਦਾ ਵੀ ਇੰਨਾ ਹੀ ਹੱਕ ਹੈ, ਜਿੰਨਾ ਤੁਹਾਡਾ ਹੈ, ਉਹਨਾਂ ਦੇ ਵੀ ਇੰਨੇ ਹੀ ਫਰਜ਼ ਹਨ, ਜਿੰਨੇ ਤੁਹਾਡੇ ਹਨ। ਇਸ ਕਰਕੇ ਇਕ ਜ਼ਾਬਤੇ ਵਿਚ ਰਹਿਣਾ ਹਰੇਕ ਵਿਅਕਤੀ ਦਾ ਪਹਿਲਾ ਫਰਜ਼ ਹੈ, ਕਿਉਂਕਿ ਜੇਕਰ ਉਹ ਆਜ਼ਾਦੀ ਚਾਹੁੰਦਾ ਹੈ ਤਾਂ ਦੂਜੇ ਵੀ ਆਜ਼ਾਦੀ ਚਾਹੁੰਦੇ ਹਨ। ਦੂਜੇ ਦੀ ਆਜ਼ਾਦੀ ਨੂੰ ਭੰਗ ਕਰਕੇ ਕੋਈ ਵਿਅਕਤੀ ਆਜ਼ਾਦ ਰਹੇ, ਅਜਿਹਾ ਕਰਨ ਨਾਲ ਸਮਾਜ ਵਿਚ ਅਫਰਾ-ਤਫਰੀ ਫੈਲਣ ਦਾ ਡਰ ਰਹਿੰਦਾ ਹੈ।ਆਜ਼ਾਦੀ ਤਾਂ ਉਹੀ ਹੈ, ਜਿਸ ਵਿਚ ਇਕ ਵਿਅਕਤੀ ਨੂੰ ਹੱਕ ਵੀ ਮਿਲਣ, ਜ਼ਿੰਮੇਵਾਰੀਆਂ ਵੀ ਮਿਲਣ ਅਤੇ ਉਸ ਨਾਲ ਅੱਨਿਆ ਨਾ ਹੋਵੇ। ਅਜਿਹਾ ਕਰਨ ਵਿਚ ਭਾਰਤ ਕਾਫੀ ਹੱਦ ਤੱਕ ਕਾਮਯਾਬ ਰਿਹਾ ਹੈ ਅਤੇ ਅੱਗੇ ਵੀ ਪ੍ਰਕਿਰਿਆ ਜਾਰੀ ਹੈ। ਇਸ ਕਰਕੇ ਆਜ਼ਾਦੀ ਨੂੰ ਕੋਸਣ ਵਾਲਿਆਂ ਨੂੰ ਪਹਿਲਾਂ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਮੁਸ਼ਕਿਲਾਂ, ਸਮੱਸਿਆਵਾਂ ਸਭ ਦੀਆਂ ਹਨ ਅਤੇ ਉਹਨਾਂ ਦਾ ਹੱਲ ਵੀ ਵਿਅਕਤੀ ਨੇ ਖੁਦ ਅਤੇ ਸਿਸਟਮ ਦੀ ਮਦਦ ਨਾਲ ਕਰਨਾ ਹੁੰਦਾ ਹੈ। ਮੁਲਕ ਪ੍ਰਤੀ ਵੀ ਇਕ ਵਿਅਕਤੀ ਦੀਆਂ ਬਹੁਤ ਜ਼ਿੰਮੇਵਾਰੀਆਂ ਹੁੰਦੀਆਂ ਹਨ।

ਦੇਸ਼ ਦੀ ਖਾਤਰ ਸਰਹੱਦਾਂ 'ਤੇ ਲੜਨ ਵਾਲੇ ਜਿੱਥੇ ਸੱਚੇ ਦੇਸ਼ ਭਗਤ ਹਨ, ਇਸੇ ਤਰਾਂ ਆਪਣੇ ਪਰਿਵਾਰ ਨੂੰ ਚੰਗੀ ਪਰਵਰਿਸ਼ ਅਤੇ ਸਮਾਜ ਨੂੰ ਚੰਗਾ ਮਾਹੌਲ ਦੇਣ ਵਾਲੇ ਵੀ ਸੱਚੇ ਦੇਸ਼ ਭਗਤ ਹਨ। ਭਾਰਤ ਵਿਚ ਆਜ਼ਾਦੀ ਬਾਰੇ ਵਿਅੰਗ ਕਸਣ ਵਾਲਿਆਂ ਨੂੰ ਪਹਿਲਾਂ ਇਹ ਵੀ ਸੋਚਣਾ ਚਾਹੀਦਾ ਹੈ ਕਿ ਜੇਕਰ ਉਹਨਾਂ ਨੂੰ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਚੰਗੇ ਲੱਗਦੇ ਹਨ ਤਾਂ ਉਹ ਇਹ ਵੀ ਦੇਖਣ ਕਿ ਉਹਨਾਂ ਮੁਲਕਾਂ ਨੂੰ ਉਥੋਂ ਦੇ ਲੋਕਾਂ ਨੇ ਮਿਹਨਤ ਕਰਕੇ ਬਣਾਇਆ ਹੈ। ਇਸੇ ਤਰਾਂ ਭਾਰਤ ਨੂੰ ਬਣਾਉਣਾ ਸਰਕਾਰ ਦੇ ਨਾਲ ਨਾਗਰਿਕਾਂ ਦਾ ਵੀ ਫਰਜ਼ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-76

## ਗੁਰਬਾਣੀ ਚਾਨਣ ਚ ਕਬੀਰ ਸ਼ਬਦ



ਅਵਤਾਰ ਸਿੰਘ ਮਿਸ਼ਨਰੀ
510-432-5827

ਕਬੀਰ ਅਰਬੀ ਦਾ ਸ਼ਬਦ ਅਤੇ ਇਸ ਦਾ ਅਰਥ ਸਭ ਤੋਂ ਵੱਡਾ, ਕਰਤਾਰ, ਬਜ਼ੁਰਗ। ਇਹ ਅਰਬੀ ਸ਼ਬਦ ਅਲ-ਕਬੀਰ ਤੋਂ ਆਇਆ ਹੈ, ਜਿਸ ਦਾ ਅਰਥ ਹੈ ਮਹਾਨ-ਯਕ ਅਰਜ ਗੁਫਤਮ ਪੇਸਿ ਤੋ, ਦਰ ਗੋਸ ਕੁਨ ਕਰਤਾਰ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥੧॥(੭੨੧) ਬਾਬਾ ਨਾਨਕ ਸਾਹਿਬ ਨੇ ਇਨ੍ਹਾਂ ਪੰਗਤੀਆਂ ਵਿੱਚ ਦਰਸਾਇਆ ਹੈ ਕਿ ਹੇ ਕਰਤਾਰ ਮੈ ਤੇਰੇ ਅੱਗੇ ਯਕ-ਇੱਕ ਬੇਨਤੀ ਕੀਤੀ ਹੈ, ਨੂੰ ਧਿਆਨ ਨਾਲ ਸੁਣ, ਹੱਕਾ-ਤੂੰ ਸਦਾ ਰਹਿਣ ਵਾਲਾ, ਕਬੀਰ-ਸਭ ਤੋਂ ਵੱਡਾ, ਕਰੀਮ-ਬਖਸ਼ਿਸ਼ ਕਰਨ ਵਾਲਾ, ਬੇਐਬ-ਪਵਿਤ੍ਰ ਅਤੇ ਪਰਵਦਗਾਰ-ਸਭ ਦਾ ਪਾਲਣਵਾਲਾ ਹੈਂ।

ਕਬੀਰ ਇੱਕ ਕ੍ਰਾਂਤੀਕਾਰੀ ਭਗਤ ਦਾ ਨਾਮ ਵੀ ਹੈ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਖੇ ਦਰਜ ਹੈ। ਇਸ ਧਰਤੀ 'ਤੇ ਬਹੁਤ ਮਹਾਨ ਸ਼ਖ਼ਸੀਅਤਾਂ ਨੇ ਜਨਮ ਲਿਆ, ਕਬੀਰ ਜੀ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਵਿੱਚੋਂ ਇੱਕ ਸਨ। "ਮਹਾਂਨ ਕੋਸ਼" ਅਨੁਸਾਰ ਭਗਤ ਕਬੀਰ ਜੀ ਦਾ ਜਨਮ ਇੱਕ ਵਿਧਵਾ ਬ੍ਰਾਹਮਣੀ ਤੋਂ ਜੇਠ ਸੁਦੀ ੧੫ ਸੰਮਤ ੧੪੫੫ ਭਾਵ ਗੁਰੂ ਨਾਨਕ ਸਾਹਿਬ ਤੋਂ ਲਗਪਗ 71 ਸਾਲ ਪਹਿਲਾਂ ਕਾਸ਼ੀ ਵਿਖੇ ਹੋਇਆ। ਕਬੀਰ ਦੀ ਮਾਂ ਨੇ ਬਨਾਰਸ ਕੋਲ ਲਹਿਰ-ਤਲਾਉ ਦੇ ਪਾਸ ਨਵੇਂ ਜੰਮੇਂ ਬਾਲਕ ਨੂੰ ਰੱਖ ਦਿੱਤਾ। ਤਰਸਵਾਨ ਅਲੀ ਨੀਰੂ ਜੁਲਾਹੇ ਨੇ ਆਪਣੇ ਘਰ ਲਿਆ, ਪੁੱਤ੍ਰ ਮੰਨ ਪਿਆਰ ਨਾਲ ਪਾਲਿਆ। ਇਸਲਾਮੀ ਮਤ ਅਨੁਸਾਰ ਬੱਚੇ ਦਾ ਨਾਉਂ "ਕਬੀਰ" ਰੱਖਿਆ ਗਿਆ। ਪਾਲਣਾ ਕਰਨ ਵਾਲੇ ਮਾਤਾ ਪਿਤਾ ਨੇ ਉਨ੍ਹਾਂ ਨੂੰ ਇਸਲਾਮ ਦੀ ਸਿੱਖਿਆ ਦਿੱਤੀ ਪਰ ਕਬੀਰ ਦਾ ਸੁਭਾਵਕ ਝੁਕਾਅ ਹਿੰਦੂ ਮਤ ਵੱਲ ਸੀ। ਜਵਾਨ ਅਵਸਥਾ ਹੋਣ ਤੇ ਆਪ ਦੀ ਸ਼ਾਦੀ "ਬੀਬੀ ਲੋਈ" ਨਾਲ ਹੋਈ ਜਿਸ ਤੋਂ "ਕਮਾਲ" ਪੁੱਤ੍ਰ ਪੈਦਾ ਹੋਇਆ। ਕਬੀਰ ਜੀ ਨੇ ਰਾਮਾਨੰਦ ਜੀ ਤੋਂ ਰਾਮ ਨਾਮ ਦਾ ਉਪਦੇਸ਼ ਲਿਆ। ਕਾਸ਼ੀ ਵਿਦਵਾਨਾਂ ਦਾ ਅਸਥਾਨ ਹੋਣ ਕਰਕੇ ਕਬੀਰ ਜੀ ਨੂੰ ਹੋਰ ਮਤਾਂ ਬਾਰੇ ਜਾਣਨ ਤੇ ਚਰਚਾ ਕਰਨ ਦਾ ਵੀ ਮੌਕਾ ਮਿਲਿਆ, ਤੀਖਣ ਬੁੱਧੀ ਹੋਣ ਕਰਕੇ, ਖੰਡਨ ਮੰਡਨ ਵਿੱਚ ਨਿਪੁੰਨ ਹੋ ਗਏ। ਲੰਬਾ ਸਮਾਂ ਗਿਆਨਵਾਨ ਵਿਦਵਾਨਾਂ ਦੀ ਸੰਗਤ ਕਰਕੇ ਗਿਆਨ ਪ੍ਰਾਪਤ ਕੀਤਾ। ਕਾਸ਼ੀ 'ਚ ਕਬੀਰ ਜੀ ਦਾ "ਕਬੀਰ ਚੌਰਾ" ਅਤੇ ਲਹਿਰ ਤਲਾਉ ਪਰ ਭੀ ਪ੍ਰਸਿੱਧ ਅਸਥਾਨ ਹੈ। ਕਬੀਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਖੇ ਅੰਕਿਤ ਹੈ ਪਰ ਉਨ੍ਹਾਂ ਦੇ ਨਾਂ 'ਤੇ ਇੱਕ ਰਚਨਾ "ਕਬੀਰ ਬੀਜਕ" ਜੋ ਧਰਮ ਦਾਸ ਅਤੇ ਸੂਰਤ ਗੋਪਾਲ ਆਦਿ ਚੇਲਿਆਂ ਨੇ ਵੀ ਰਿਆਸਤ ਰੀਵਾ ਵਿਖੇ ਸੰਮਤ ੧੫੨੧'ਚ ਲਿਖੀ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ ਵੀ ਕਬੀਰ ਦੇ ਨਾਂ ਤੇ ਕਬੀਰ ਗ੍ਰੰਥਾਵਲੀ, ਸਾਖੀ ਕਬੀਰ ਅਤੇ ਅਨੁਰਾਗ ਸਾਗਰ ਆਦਿਕ ਗ੍ਰੰਥ ਲਿਖੇ ਗਏ। ਬਹੁਤੇ ਕਬੀਰ ਪੰਥੀ ਗੁਰੂ ਗ੍ਰੰਥ ਤੋਂ ਬਾਹਰੀ ਰਚਨਾਵਾਂ ਦਾ ਹੀ ਪ੍ਰਚਾਰ ਕਰਦੇ ਹਨ ਜੋ ਉੱਤਰੀ ਅਤੇ ਕੇਂਦਰੀ ਭਾਰਤ ਵਿੱਚ ਫੈਲੇ ਹੋਏ ਹਨ। ਗੁਰੂ ਗ੍ਰੰਥ ਸਾਹਿਬ ਵਿਖੇ ਆਪ ਜੀ ਦੀ ਬਾਣੀ 17 ਰਾਗਾਂ 'ਚ ਅੰਕਿਤ ਹੈ ਜਿਸ ਵਿੱਚ ਕੁੱਲ ੨੨੫ ਸ਼ਬਦ, ੩ ਅਸਟਪਦੀਆਂ, ਬਾਵਨ ਅੱਖਰੀ, ਥਿਤੀ, ਸਤ ਵਾਰ ਤੇ ੨੪੩ ਸਲੋਕ ਦਰਜ ਹਨ। ਕਬੀਰ ਫ਼ਿਲਾਸਫ਼ੀ ਦਾ ਗੁਰਮਤਿ ਵਿਚਾਰਧਾਰਾ ਨਾਲ ਬਹੁਤ ਸੁਮੇਲ ਹੈ। ਕਬੀਰ ਜੀ ਦੀ ਬਾਣੀ ਗੁਰੂ ਗ੍ਰੰਥ ਜੀ ਵਿਖੇ ਦਰਜ ਕਰਨ ਦਾ ਇਹੀ ਮਨੋਰਥ ਸੀ ਕਿ ਇਹ ਗੁਰਮਤਿ ਅਨੁਸਾਰੀ ਸੱਚ 'ਤੇ ਅਧਾਰਤ ਅਤੇ ਝੂਠੇ ਕਰਮਕਾਂਡਾਂ ਦਾ ਵਿਰੋਧ ਕਰਦੀ ਸੀ।

ਜਦ ਸਿਕੰਦਰ ਲੋਧੀ ਸੰਮਤ ੧੫੪੭ 'ਚ ਬਨਾਰਸ ਆਇਆ ਤਦ ਕਬੀਰ ਜੀ ਨੂੰ ਮੁਤੱਸਵੀ ਮੁਸਲਮਾਨਾਂ ਦੀ ਤੰਗ ਦਿਲੀ ਕਰਕੇ ਬਹੁਤ ਕਸ਼ਟ ਦਿੱਤੇ ਜਿਨ੍ਹਾਂ ਦਾ ਜ਼ਿਕਰ ਕਬੀਰ ਜੀ ਨੇ ਗੋਂਡ ਰਾਗੁ 'ਚ ਕੀਤਾ ਹੈ-ਭੁਜਾ ਬਾਂਧਿ ਭਿਲਾ ਕਰਿ ਡਾਰਿਓ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥ ਹਸਤਿ ਭਾਗਿ ਕੈ ਚੀਸਾਂ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥ ਭਾਵ ਮੇਰੀਆਂ ਬਾਹਾਂ ਬੰਨ੍ਹ ਕੇ ਢੇਮ ਵਾਂਗ ਮੈਨੂੰ ਇਨ੍ਹਾਂ ਲੋਕਾਂ ਨੇ ਹਾਥੀ ਅੱਗੇ ਸੁੱਟ ਦਿੱਤਾ ਤੇ ਮਹਾਵਤ ਨੇ ਗੁੱਸੇ 'ਚ ਆ ਕੇ ਹਾਥੀ ਦੇ ਸਿਰ 'ਤੇ ਕੁੰਡੀ ਦੀ ਚੋਟ ਮਾਰੀ ਪਰ ਹਾਥੀ ਮੈਨੂੰ ਪੈਰਾਂ ਹੇਠ ਲਿਤਾੜਨ ਦੀ ਬਜਾਏ ਚੀਕਾਂ ਮਾਰ ਕੇ ਭੱਜਦਾ ਜਿਵੇਂ ਆਖਦਾ ਹੋਵੇ ਕਿ ਮੈਂ ਸਦਕੇ ਹਾਂ ਇਸ ਸੋਹਣੇ ਬੰਦੇ ਤੋਂ। ਅੰਤ ਨੂੰ ਇਨ੍ਹਾਂ ਦੀ ਬਜ਼ੁਰਗੀ ਦਾ ਅਸਰ ਬਾਦਸ਼ਾਹ ਦੇ ਚਿੱਤ ਉੱਪਰ ਹੋਇਆ। ਪੁਜਾਰੀਆਂ ਵੱਲੋਂ ਪ੍ਰਚਲਿਤ ਕੀਤੀ ਇਸ ਗ਼ਲਤ ਮਨੌਤ ਕਿ ਕਾਸ਼ੀ ਵਿੱਚ ਮਰਨ ਵਾਲੇ ਨੂੰ ਮੁਕਤੀ ਮਿਲਦੀ ਅਤੇ ਮਗਹਰ ਮਰਨ ਵਾਲੇ ਦੀ ਗਤੀ ਨਹੀਂ ਹੁੰਦੀ, ਦਾ ਖੰਡਨ ਕਰਨ ਲਈ, ਕਬੀਰ ਜੀ ਆਪਣੇ ਦੇਹਾਂਤ ਤੋਂ ਕੁਛ ਸਮਾਂ ਪਹਿਲਾਂ ਮਗਹਰ ਜੋ ਗੋਰਖਪੁਰ ਤੋਂ ਪੱਛਮ ਵੱਲ ੧੫ ਮੀਲ ਦੀ ਦੂਰੀ 'ਤੇ ਹੈ ਜਾ ਵੱਸੇ। ਪੁਜਾਰੀਆਂ ਵੱਲੋਂ ਪਾਏ ਇਨ੍ਹਾਂ ਵਹਿਮਾ-ਭਰਮਾ ਵਿਚੋਂ ਕੱਢਣ ਲਈ, ਉਨ੍ਹਾਂ ਇਹ ਸ਼ਬਦ ਉਚਾਰਨ ਕੀਤੇ ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ-ਜਿਉ ਜਲ ਛੋਡਿ ਬਾਹਰਿ ਭਇਓ ਮੀਨਾ॥ ਪੂਰਬ ਜਨਮ ਹਉ ਤਪ ਕਾ ਹੀਨਾ॥੧॥ ਅਬ ਕਹੁ ਰਾਮ ਕਵਨ ਗਤਿ ਮੋਰੀ॥ ਤਜੀ ਲੇ ਬਨਾਰਸ ਮਤਿ ਭਈ ਥੋਰੀ॥੧॥ ਰਹਾਉ॥ ਸਗਲ ਜਨਮੁ ਸਿਵ ਪੁਰੀ ਗਵਾਇਆ॥ ਮਰਤੀ ਬਾਰ ਮਗਹਰਿ ਉਠਿ ਆਇਆ ॥੨॥ ਬਹੁਤੁ ਬਰਸ ਤਪੁ ਕੀਆ ਕਾਸੀ॥ ਮਰਨੁ ਭਇਆ ਮਗਹਰ ਕੀ ਬਾਸੀ॥੩॥ ਕਾਸੀ ਮਗਹਰ ਸਮ ਬੀਚਾਰੀ॥ ਓਛੀ ਭਗਤਿ ਕੈਸੇ ਉਤਰਸਿ ਪਾਰੀ ॥੪॥ ਕਹੁ ਗੁਰ ਗਜ ਸਿਵ ਸਭੁ ਕੋ ਜਾਨੈ॥ ਮੁਆ ਕਬੀਰੁ ਰਮਤ ਸ੍ਰੀ ਰਾਮੈ॥੫॥(੩੨੬) ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ॥ ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ॥੨॥ ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ॥ ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ॥੩॥(੯੬੯)

ਜਾਤ-ਪਾਤ ਮੁਕਤ ਕਬੀਰ, ਜਾਤ ਅਭਿਮਾਨੀ ਬ੍ਰਾਹਮਣਾਂ ਨੂੰ ਵੰਗਾਰ ਕੇ ਆਖਦੇ ਹਨ ਕਿ ਸਾਰੇ ਜੀਵਾਂ ਦੀ ਉਤਪਤੀ ਪ੍ਰਭੂ ਅੰਸ਼ ਤੋਂ ਹੋ ਰਹੀ ਹੈ। ਮਾਂ ਦੇ ਪੇਟ 'ਚ ਤਾਂ ਕਿਸੇ ਨੂੰ ਇਹ ਸਮਝ ਨਹੀਂ ਹੁੰਦੀ ਕਿ ਮੈਂ ਕਿਸ ਕੁਲ ਦਾ ਹਾਂ-ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ॥ ਹੇ ਪੰਡਿਤ! ਦੱਸ ਤੁਸੀਂ ਬ੍ਰਾਹਮਣ ਕਦੋਂ ਤੋਂ ਬਣ ਗਏ ਹੋ? ਇਹ ਆਖ ਆਖ ਕੇ ਕਿ ਮੈਂ ਬ੍ਰਾਹਮਣ ਹਾਂ, ਮਨੁੱਖਾ ਜਨਮ ਅਹੰਕਾਰ 'ਚ ਅਜਾਈਂ ਨਾ ਗਵਾਓ-ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥ ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ਰਹਾਉ॥

ਹੇ ਪੰਡਿਤ! ਜੇ ਤੂੰ ਸੱਚ-ਮੁੱਚ ਬ੍ਰਾਹਮਣੀ ਦੇ ਪੇਟੋਂ ਜੰਮਣ ਕਰਕੇ ਬ੍ਰਾਹਮਣ ਹੈਂ ਤਾਂ ਕਿਸੇ ਹੋਰ ਰਸਤੇ ਮਾਂ ਦੇ ਗਰਭ ਤੋਂ ਕਿਉਂ ਨਹੀਂ ਜੰਮ ਪਿਆ? ਪਰ ਜੇ ਅਸੀਂ ਸਾਰਿਆਂ ਨੇ ਹੀ ਮਾਂ ਦੇ ਗਰਭ ਚੋਂ ਇੱਕ ਰਸਤੇ ਜਨਮ ਲਿਆ ਹੈ, ਫਿਰ ਤੂੰ ਵਿਸ਼ੇਸ਼ ਕਿਵੇਂ-ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ਤਉ ਆਨ ਬਾਟ ਕਾਹੇ ਨਹੀ ਆਇਆ॥੨॥ ਹੇ ਪੰਡਿਤ! ਤੁਸੀਂ ਕਿਵੇਂ ਬ੍ਰਾਹਮਣ? ਅਤੇ ਅਸੀਂ ਕਿਵੇਂ ਸ਼ੂਦਰ ਹੋ ਗਏ? ਅਗਰ ਸਾਡੇ ਸਰੀਰ 'ਚ ਲਹੂ ਹੈ? ਤਾਂ ਤੁਹਾਡੇ ਸਰੀਰ 'ਚ ਕਿਹੜਾ ਦੁੱਧ ਹੈ? -ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ਹਮ ਕਤ ਲੋਹੂ ਤੁਮ ਕਤ ਦੂਧ॥੩॥ ਕਬੀਰ ਜੀ ਆਖਦੇ ਹਨ ਕਿ ਅਸੀਂ ਤਾਂ ਉਸ ਨੂੰ ਬ੍ਰਾਹਮਣ ਮੰਨਦੇ ਹਾਂ ਜੋ ਸਦਾ ਬ੍ਰਹਮ ਨੂੰ ਵੀਚਾਰਦਾ ਹੈ-ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥(੩੨੪) ਮੁਕਤੀ ਬਾਰੇ ਕਬੀਰ ਜੀ ਦੇ ਬਚਨ ਹਨ ਕਿ ਦੁਨੀਆ ਖ਼ਾਤਰ ਦੀਨ ਨੂੰ ਵਿਸਾਰ ਕੇ ਮਨੁੱਖ ਧਨ-ਪਦਾਰਥ, ਪੁੱਤ੍ਰ, ਇਸਤ੍ਰੀ ਆਦਿਕ ਕਈ ਮਿੱਤ੍ਰ ਬਣਾਉਂਦਾ ਤੇ ਉਨ੍ਹਾਂ ਤੋਂ ਸੁੱਖ ਦੀ ਆਸ ਰੱਖਦੈ ਜਿਸ ਕਾਰਨ ਇਨ੍ਹਾਂ ਨਾਲੋਂ ਮੋਹ ਤੋੜ ਨਹੀਂ ਸਕਦਾ। ਜਿਸ ਮੋਹ ਦੇ ਤਿਆਗ-ਰੂਪ ਮੌਤ ਤੋਂ ਜਗਤ ਡਰਦੈ ਉਸ ਨਾਲ ਮੇਰੇ ਮਨ 'ਚ ਖ਼ੁਸ਼ੀ ਪੈਦਾ ਹੁੰਦੀ ਹੈ-ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ (੧੩੬੫)

ਪੁਜਾਰੀ ਵਰਗ ਵੱਲੋਂ ਪ੍ਰਭੂ ਨੂੰ ਵਿਸਾਰ ਹੋਰ ਵਿਖਾਵੇ ਦੇ ਧਾਰਮਿਕ ਚਿਨ੍ਹਾਂ ਅਤੇ ਕਰਮਕਾਂਡਾਂ ਦਾ ਵੀ ਕਬੀਰ ਜੀ ਨੇ ਜੋਰਦਾਰ ਸ਼ਬਦਾਂ 'ਚ ਖੰਡਨ ਕੀਤਾ ਜਿਵੇਂ ਕਿ ਲੋਕ ਮੱਥੇ ਉੱਤੇ ਤਿਲਕ ਲਾ, ਹੱਥ 'ਚ ਮਾਲਾ ਫੜ ਧਾਰਮਿਕ ਪਹਿਰਾਵਾ ਪਾ ਸਮਝਦੇ ਹਨ ਕਿ ਪ੍ਰਭੂ-ਭਗਤ ਬਣ ਗਏ ਹਾਂ। ਲੋਕਾਂ ਨੇ ਉਸ ਨੂੰ ਖਿਡੌਣਾ ਭਾਵ ਅੰਞਾਣ ਬਾਲ ਸਮਝ ਲਿਆ ਹੈ ਕਿ ਇਵੇਂ ਉਸ ਨੂੰ ਪ੍ਰਚਾਇਆ ਜਾ ਸਕਦਾ ਹੈ- ਮਾਥੇ ਤਿਲਕੁ ਹਥਿ ਮਾਲਾ ਬਾਨਾਂ॥ ਲੋਗਨ, ਰਾਮੁ ਖਿਲਉਨਾ ਜਾਨਾਂ॥(੧੧੫੮) ਆਪ ਜੀ ਵਿਖਾਵਾ-ਭਗਤੀ ਦੇ ਖਿਲਾਫ ਸਨ, ਇਸ ਲਈ ਕਹਿੰਦੇ ਹਨ ਕਿ ਹੇ ਭਾਈ! ਤੂੰ ਤੁਲਸੀ ਰੁੱਦ੍ਰਾਖ ਆਦਿਕ ਦੀ ਮਾਲਾ ਹੱਥ 'ਚ ਲੈ ਕਿਉਂ ਲੋਕਾਂ ਨੂੰ ਵਿਖਾਂਦਾ ਫਿਰਦਾ ਹੈਂ? ਤੂੰ ਆਪਣੇ ਹਿਰਦੇ 'ਚ ਤਾਂ ਪ੍ਰਭੂ ਨੂੰ ਯਾਦ ਨਹੀਂ ਕਰਦਾ। ਹੱਥ 'ਚ ਫੜੀ ਮਾਲਾ ਦਾ ਕੋਈ ਲਾਭ ਨਹੀਂ ਹੋ ਸਕਦਾ-ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ॥ ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ॥

ਅਗਰ ਪਾਣੀ 'ਚ ਚੁੱਭੀ ਲਾਇਆਂ ਮੁਕਤੀ ਮਿਲਦੀ ਹੋਵੇ ਤਾਂ ਡੱਡੂ ਸਦਾ ਪਾਣੀ 'ਚ ਨ੍ਹਾਉਂਦੇ ਹਨ। ਜਿਵੇਂ ਡੱਡੂ ਤਿਵੇਂ ਉਨ੍ਹਾਂ ਮਨੁੱਖਾਂ ਨੂੰ ਸਮਝੋ ਜੋ ਨਾਮ ਤੋਂ ਬਿਨਾਂ ਕੇਵਲ ਤੀਰਥ ਇਸਨਾਨਾਂ 'ਚ ਸਮਾ ਬਰਬਾਦ ਕਰਦੇ ਹਨ-ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥(੪੮੪)

ਕਰਮਕਾਂਡਾਂ ਦੀਆਂ ਜਨਮ ਦਾਤੀਆਂ ਸਿੰਮ੍ਰਿਤੀਆਂ ਤੋਂ ਸੁਚੇਤ ਕਰਦੇ ਫੁਰਮਾਂਦੇ ਨੇ ਕਿ ਹੇ ਭਾਈ!ਇਹ ਸਿੰਮ੍ਰਿਤੀਆਂ ਜੋ ਵੇਦਾਂ ਦੇ ਆਧਾਰਤ ਨੇ ਮਾਨੋ, ਆਪਣੇ ਸ਼ਰਧਾਲੂਆਂ ਵਾਸਤੇ ਵਰਨ ਆਸ਼ਰਮ ਦੇ ਸੰਗਲ ਤੇ ਕਰਮਕਾਂਡਾਂ ਦੀਆਂ ਰੱਸੀਆਂ ਹੀ ਲੈ ਕੇ ਆਈ ਹਨ-ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ਸਾਂਕਲ ਜੇਵਰੀ ਲੈ ਹੈ ਆਈ॥(੩੨੯)

ਲੋਕਾਈ ਨੂੰ ਵਿਕਾਰਾਂ ਵੱਲੋਂ ਸੁਚੇਤ ਕਰਦੇ ਨੇ ਕਿ ਹੇ ਜਗਤ ਦੇ ਲੋਕੋ! ਸੁਚੇਤ ਰਹੋ, ਜਾਗਦੇ ਰਹੋ, ਤੁਸੀਂ ਤਾਂ ਆਪਣੇ ਵੱਲੋਂ ਜਾਗਦੇ ਹੀ ਲੁੱਟੇ ਜਾ ਰਹੇ ਹੋ, ਵੇਦ ਸ਼ਾਸਤ੍ਰ-ਰੂਪ ਗਿਆਨ ਦੇ ਸੁਚੇਤ ਪਹਿਰੇਦਾਰਾਂ ਦੇ ਹੁੰਦਿਆਂ ਵੀ ਤੁਹਾਨੂੰ ਜਮ-ਰਾਜ ਲਈ ਜਾ ਰਿਹਾ ਹੈ ਭਾਵ ਸ਼ਾਸਤ੍ਰਾਂ ਦੀ ਰਾਖੀ 'ਚ ਭੀ ਤੁਸੀਂ ਅਜਿਹੇ ਕੰਮ ਕਰੀ ਜਾ ਰਹੇ ਹੋ ਜਿਨ੍ਹਾਂ ਕਰਕੇ ਜਮ ਦਾ ਡਰ ਬਣਿਆ ਰਹਿੰਦਾ ਹੈ-ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ॥ ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ॥(੯੭੨)

ਪ੍ਰਭੂ ਨਿਯਮਾਂ ਨੂੰ ਛੱਡ ਕੇਵਲ ਕਰਮਕਾਂਡਾਂ ਦੀ ਸਿੱਖਿਆ ਦੇਣ ਵਾਲੇ ਪੁਜਾਰੀਆਂ ਪੰਡਿਤਾਂ ਤੇ ਮੁਲਾਣਿਆਂ ਤੋਂ ਸੁਚੇਤ ਕਰਦੇ ਆਖਦੇ ਹਨ ਕਿ ਮੈਂ ਜਿਉਂ ਜਿਉਂ ਪ੍ਰਭੂ-ਯਾਦ ਦੀ ਤਾਣੀ ਉਣ ਰਿਹਾ ਹਾਂ, ਪੰਡਿਤ ਤੇ ਮੁੱਲਾਂ ਦੋਵੇਂ ਹੀ ਛੱਡ ਦਿੱਤੇ ਹਨ। ਦੋਹਾਂ ਦੇ ਦੱਸੇ ਕਰਮਕਾਂਡਾਂ ਤੇ ਸ਼ਰਹ ਦੇ ਰਸਤੇ ਨਾਲ ਮੇਰਾ ਕੋਈ ਵਾਸਤਾ ਨਹੀਂ ਰਿਹਾ-ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੂਲਾਂ ਛਾਡੇ ਦੋਊ॥(੧੧੫੯) ਇਹ "ਕਬੀਰ ਸ਼ਬਦ" ਅਤੇ "ਕਬੀਰ ਭਗਤ" ਬਾਰੇ ਉਪ੍ਰੋਕਤ ਸੰਖੇਪ ਵਿਚਾਰ ਹਨ।

# ਇੰਗਲੈਂਡ ਦੇ ਵਿਦਿਆਰਥੀ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆ ਪਹੁੰਚੇ

**ਲੁਧਿਆਣਾ-** ਪੰਜਾਬ ਸਰਕਾਰ ਦੇ ਪ੍ਰੋਗਰਾਮ 'ਆਪਣੀਆਂ ਜੜ੍ਹਾਂ ਨਾਲ ਜੁੜੋ' ਤਹਿਤ ਇੰਗਲੈਂਡ ਦੇ 16 ਤੋਂ 22 ਸਾਲ ਦੀ ਉਮਰ ਦੇ 8 ਵਿਦਿਆਰਥੀ ਅਤੇ 6 ਵਿਦਿਆਰਥਣਾਂ ਪੰਜਾਬ ਦੇ ਸਭਿਆਚਾਰਕ ਅਤੇ ਵਿਰਾਸਤ ਬਾਰੇ ਜਾਣੂ ਹੋਣ ਤੋਂ ਇਲਾਵਾ ਧਾਰਮਿਕ ਤੇ ਇਤਿਹਾਸਕ ਮਹੱਤਤਾ ਵਾਲੀਆਂ ਥਾਵਾਂ ਦਾ ਦੌਰਾ ਕਰਦੇ ਹੋਏ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆ ਲੁਧਿਆਣਾ ਵਿਖੇ ਪਹੁੰਚੇ, ਜਿੱਥੇ ਉਹਨਾਂ ਦਾ ਭਰਪੂਰ ਸਵਾਗਤ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ, ਦਲਬੀਰ ਸਿੰਘ ਸਰੋਆ ਜਨਰਲ ਸਕੱਤਰ, ਸ਼ਾਮ ਲਾਲ ਖਜਾਨਚੀ, ਰਾਮਦਾਸ ਗੁਰੂ, ਦੇਸ ਰਾਜ ਚੌਹਾਨ, ਗੁਰਨਾਮ ਮੱਲ, ਬੰਸੀ ਲਾਲ ਪ੍ਰੇਮੀ, ਵਿਨੋਦ ਕੁਮਾਰ, ਗੁਰਮੀਤ ਸਿੰਘ ਤੇ ਹੋਰ ਅਹੁਦੇਦਾਰਾਂ ਵੱਲੋਂ ਕੀਤਾ ਗਿਆ।

ਸ੍ਰੀ ਵਰਿੰਦਰ ਸਿੰਘ ਖੇੜਾ ਕੋਆਰਡੀਨੇਟਰ (ਯੂ. ਕੇ.) ਅਤੇ ਸ੍ਰੀ ਐਸ. ਆਰ. ਲੱਧੜ ਪ੍ਰਿੰਸੀਪਲ ਸਕੱਤਰ ਐਨ. ਆਰ. ਆਈ. ਮਾਮਲੇ ਪੰਜਾਬ ਸਰਕਾਰ ਦੀ ਅਗਵਾਈ ਵਿਚ ਆਏ ਇਹਨਾਂ ਵਿਦਿਆਰਥੀਆਂ ਨੇ ਭਿਖਸ਼ੂ ਪ੍ਰਗਿਆਬੋਧੀ ਕੋਲੋਂ ਬੁੱਧ ਧਰਮ ਦੀਆਂ ਸਿੱਖਿਆਵਾਂ ਗ੍ਰਹਿਣ ਕਰਨ ਵੇਲੇ ਗਹਿਰੀ ਰੁਚੀ ਦਿਖਾਈ। ਤਕਸ਼ਿਲਾ ਮਹਾਂ ਬੁੱਧ ਵਿਹਾਰ ਦੇ ਯਾਦ ਚਿੰਨ੍ਹ ਇੰਗਲੈਂਡ ਤੋਂ ਆਏ ਇਹਨਾਂ ਵਿਦਿਆਰਥੀਆਂ ਨੂੰ ਭੇਂਟ ਕੀਤੇ ਗਏ। ਸ੍ਰੀ ਵਰਿੰਦਰ ਸਿੰਘ ਖੇੜਾ ਅਤੇ ਸ੍ਰੀ ਐਸ. ਆਰ. ਲੱਧੜ ਨੂੰ ਵੀ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਸਭ ਨੇਆਪਸ ਵਿਚ ਮਿਲ ਕੇ ਅਤੇ ਚਰਚਾ ਵਿਚ ਹਿੱਸਾ ਲੈ ਕੇ ਬਹੁਤ ਆਨੰਦ ਮਾਣਿਆ।

ਰਿਪੋਰਟ- ਹਰਭਜਨ ਸਾਂਪਲਾ, ਪ੍ਰਧਾਨ



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸੰਵਿਧਾਨ ਸਾੜਨ ਦੇ ਰੋਸ ਵਿੱਚ ਬਸਪਾ ਨੇ ਅੰਬੇਡਕਰ ਚੌਂਕ 'ਚ ਜਲਾਇਆ ਮਨੂੰਵਾਦ ਅਤੇ ਮੋਦੀ ਦਾ ਪੁਤਲਾ

**ਲੁਧਿਆਣਾ–** ਬੀਤੀ 9 ਅਗਸਤ ਨੂੰ ਕੁਝ ਭਗਵਾਂ ਧਾਰੀ ਸਗੰਠਨਾਂ ਦੇ ਦੇਸ਼ ਵਿਰੋਧੀ ਕੰਮ ਕਰਨ ਵਾਲੇ ਕਾਰਕੂੰਨਾਂ ਨੇ ਰਾਜਧਾਨੀ ਦਿੱਲੀ ਦੇ ਸੰਸਦੀ ਮਾਰਗ ਤੇ ਭਾਰਤ ਦੇ ਪਵਿੱਤਰ ਸੰਵਿਧਾਨ ਨੂੰ ਅੱਗ ਲਗਾਈ ਅਤੇ ਸੰਵਿਧਾਨ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਲਈ ਜਾਤੀਸੂਚਕ ਸਬਦਾਂ ਦੀ ਵਰਤੋਂ ਕਰਕੇ ਮੁਰਦਾਬਾਦ ਦੇ ਨਾਅਰੇ ਲਗਾਏ। ਇਨਖ਼ਾਂ ਸੰਗਠਨਾਂ ਵੱਲੋਂ ਮਨੂੰ ਸਮਿਰਤੀ ਅਤੇ ਮਨੂਵਾਦ ਜਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ। ਇਨਖ਼ਾਂ ਭਗਵਾਂਧਾਰੀਆਂ ਵੱਲੋਂ ਅਜਿਹੀਆਂ ਘਿਨੌਣੀਆਂ ਅਤੇ ਅਤਿਨਿੰਦਣਯੋਗ ਕਾਰਵਾਈ ਤੋਂ ਗੁਸਾਏ ਬਸਪਾ ਵਰਕਰਾਂ ਨੇ ਸੂਬਾ ਸਕੱਤਰ ਦੇਸ਼ ਰਾਜ ਚੌਹਾਨ ਅਤੇ ਲੋਕ ਸਭਾ ਤੇ ਇੰਚਾਰਜ ਐਮ ਪੀ ਸਿੰਘ ਗੁਰਾਇਆ ਦੀ ਅਗਵਾਈ 'ਚ ਸਥਾਨਕ ਅੰਬੇਡਕਰ ਚੌਂਕ ਵਿਖੇ ਮਨੂਵਾਦ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ। ਇਸ ਮੌਕੇ ਗੱਲ ਕਰਦਿਆਂ ਦੋਵਾਂ ਆਗੂਆਂ ਨੇ ਕਿਹਾ ਕਿ ਇੱਕ ਪਾਸੇ ਤਾਂ 9 ਅਗਸਤ ਨੂੰ ਭਾਜਪਾ ਐਸ ਸੀ ਐਸ ਟੀ ਐਕਟ ਵਿੱਚ ਸੰਸੋਧਨ ਕਰਨ ਦੇ ਦਮਗਜੇ ਮਾਰਦੀ ਹੈ ਅਤੇ ਉਸੇ ਦਿਨ ਉਸ ਦੇ ਭਗਵਾਂ ਸੰਗਠਨ ਦੇਸ਼ ਦੀ ਰਾਜਧਾਨੀ ਖਾਸ ਕਰ ਸੰਸਦੀ ਮਾਰਗ ਤੇ ਦੇਸ਼ ਦਾ ਸੰਵਿਧਾਨ ਜਲਾ ਕੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਲਈ ਜਾਤੀ ਸੂਚਕ ਸਬਦਾਂ ਦੀ ਵਰਤੋਂ ਕਰਕੇ ਮੁਰਦਾਬਾਦ ਦੇ ਅਤੇ ਮਨੂ ਸਮਿਰਤੀ ਤੇ ਮਨੂ ਵਾਦ ਦੇ ਨਾਅਰੇ ਲਗਾਉਂਦੇ ਹਨ। ਉਨਖ਼ਾਂ ਕਿਹਾ ਕਿ ਏਹ ਸਿੱਧੇ ਤੌਰ ਤੇ ਮੋਦੀ ਸਰਕਾਰ ਦੀ ਹਿੰਦੂਤਵੀ ਸਗੰਠਨਾਂ ਦੇ ਰਾਹੀਂ ਦੇਸ਼ ਦੇ ਅਨੂਸੂਚਿਤ ਜਾਤੀ, ਜਨ ਜਾਤੀ, ਪਿਛੜਾ ਵਰਗ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਚੇਤਾਵਨੀ ਹੈ। ਉਨਖ਼ਾਂ ਕਿਹਾ ਦੇਸ਼ ਦਾ ਸੰਵਿਧਾਨ ਜਲਾਉਣ ਦੀ ਕੇਵਲ ਜਾਣਕਾਰੀ ਨਾ ਕਿ ਸਿਕਾਇਤ ਮਿਲਣ ਤੇ ਹੀ ਇਸਦੇ ਦੋਸ਼ੀਆਂ ਤੇ ਦੇਸ਼ ਧ੍ਰੋਹ ਦਾ ਮੁੱਕਦਮਾ ਦਰਜ ਕਰਕੇ ਫੌਰੀ ਗ੍ਰਿਫਤਾਰੀ ਬਣਦੀ ਹੈ ਪਰ ਇਸ ਮਾਮਲੇ ਵਿੱਚ ਅਜਿਹਾ ਨਾ ਕਰਕੇ ਕੇਵਲ ਹਲਕੀਆਂ ਧਾਰਾਵਾਂ ਤਹਿਤ ਦਬਾਓ ਤੋਂ ਬਾਅਦ ਪਰਚਾ ਦਰਜ ਕੀਤਾ ਗਿਆ। ਇਸ ਪਰਚੇ ਵਿੱਚ ਐਸ ਸੀ ਐਸ ਟੀ ਐਕਟ ਦੀ ਧਾਰਾ ਤਹਿਤ ਵੀ ਮਾਮਲਾ ਦਰਜ ਨਹੀ ਕੀਤਾ ਗਿਆ ਜਦਕਿ ਇਸ ਐਕਟ ਦੇ ਸੰਸੋਧਨ ਦੀਆਂ ਭਾਜਪਾ ਸਰਕਾਰ ਗੱਲਾਂ ਕਰ ਰਹੀ ਹੈ। ਉਨਖ਼ਾਂ ਕਿਹਾ ਕਿ ਸੰਵਿਧਾਨ ਨੂੰ ਜਲਾਉਣ ਵਾਲਿਆਂ ਤੇ ਦੇਸ਼ ਧ੍ਰੋਹ ਦਾ ਪਰਚਾ ਦਰਜ ਕਰ ਉਨਖ਼ਾਂ ਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਉਨਖ਼ਾਂ ਦੀ ਨਾਗਰਿਕਤਾ ਰੱਦ ਕੀਤੀ ਜਾਵੇ। ਉਨਖ਼ਾਂ ਕਿਹਾ ਕਿ ਦੇਸ਼ ਦਾ ਮਾਹੌਲ ਖਰਾਬ ਕਰਕੇ ਏਹ ਲੋਕ ਸਭਾ ਚੋਣਾਂ ਜਿੱਤਣ ਲਈ ਦੀ ਮੋਦੀ ਸਰਕਾਰ ਦੀ ਸ਼ਾਜਿਸ ਹੈ ਜਿਸਨੂੰ ਬਸਪਾ ਸਫਲ ਨਹੀ ਹੋਣ ਦੇਵੇਗੀ। ਸ੍ਰੀ ਗੋਰਾਇਆ ਨੇ ਕਿਹਾ ਕਿ ਦਲਿਤ ਵਰਗ ਲਈ ਸੰਵਿਧਾਨ ਤੋਂ ਉੱਪਰ ਕੁਝ ਵੀ ਨਹੀ ਇਸ ਲਈ ਭਾਜਪਾ ਨਾਲ ਜੁੜੇ ਦਲਿਤ ਆਗੂਆਂ ਨੂੰ ਨੈਤਕਿਤਾ ਦੇ ਆਧਾਰ ਤੇ ਅਸਤੀਫਾ ਦੇ ਕੇ ਭਾਜਪਾ ਨੂੰ ਸਬਕ ਸਿਖਾਉਣ ਦਾ ਰਸਤਾ ਅਖਤਿਆਰ ਕਰਨਾ ਚਾਹੀਦਾ ਹੈ। ਇਸ ਮੌਕੇ ਜੋਨ ਇੰਚਾਰਜ ਭੁਪਿੰਦਰ ਸਿੰਘ ਜੋੜਾ, ਜਿਲਖ਼ਾ ਪ੍ਰਧਾਨ ਜੀਤਰਾਮ ਬਸਰਾ, ਜਨਰਲ ਸਕੱਤਰ ਪ੍ਰਗਣ ਬਿਲਗਾ, ਰਾਜਿੰਦਰ ਨਿੱਕਾ, ਅਨੂਪ ਘਈ, ਕਰਨੈਲ ਸਿੰਘ ਕਾਰਾਬਾਰਾ, ਜਸਵੀਰ ਪੌਲ, ਚਰਨ ਸਿੰਘ ਲੁਹਾਰਾ, ਬਲਵਿੰਦਰ ਕੌਰ, ਕੁਲਵਿੰਦਰ ਕੁਮਾਰ, ਜਸਵਿੰਦਰ ਜੱਸਾ, ਰਾਕੇਸ਼ ਕੁਮਾਰ ਸੁਮਨ, ਅਮਰੀਕ ਸਿੰਘ ਘੁਲਾਲ, ਕਮਲ ਬੋਧ, ਅਜੇ ਬੱਧਣ, ਰੋਣੀ ਮੱਲ, ਕੇਤਨ, ਮਨਦੀਪ ਘੇੜਾ, ਰਵਿੰਦਰ ਕੁਮਾਰ, ਮੁਨੀਸ਼, ਡਾ: ਰਵਿੰਦਰ ਸਰੋਏ, ਸੁਰੇਸ਼ ਸੋਨੂੰ, ਇੰਦਰੇਸ਼ ਕੁਮਾਰ, ਖਵਾਜਾ, ਜਸਪਾਲ ਭੌਰਾ, ਮੋਹਣ ਵਿਰਦੀ ਅਤੇ ਹੋਰ ਹਾਜਰ ਸਨ।



# ਗੁਰੂ ਰਵਿਦਾਸ ਜੀ ਦੀ ਯਾਦ ਵਿਚ ਬਣੇਗਾ ਅਜੂਬਾ



ਡੇਰਾ ਬੱਲਾਂ ਦੇ ਸੰਤ ਸੁਰਿੰਦਰ ਦਾਸ ਤੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਨਾਲ ਮੀਟਿੰਗ ਤੋਂ ਬਾਅਦ

**ਚੰਡੀਗੜ੍ਹ–** ਗੁਰੂ ਰਵਿਦਾਸ ਜੀ ਦੀ ਯਾਦ ਵਿਚ ਉਤਰ ਪ੍ਰਦੇਸ਼ ਸਰਕਾਰ ਵੱਲੋਂ ਗਲਿਆਰਾ ਸਕੀਮ ਤਹਿਤ ਵਾਰਾਨਸੀ (ਕਾਂਸ਼ੀ) ਵਿਖੇ ਗੁਰੂ ਰਵਿਦਾਸ ਮੰਦਰ ਦਾ ਨਿਰਮਾਣ ਕਰਨ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ।

ਡੇਰਾ ਬੱਲਾਂ (ਜਲੰਧਰ) ਦੇ ਸੰਤ ਸੁਰਿੰਦਰ ਦਾਸ ਤੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਜੋ ਕਿ ਯੂ. ਪੀ. ਸਰਕਾਰ ਵੱਲੋਂ ਗਲਿਆਰਾ ਪ੍ਰਾਜੈਕਟ ਨੂੰ ਅਮਲੀ ਰੂਪ ਦੇਣ ਲਈ ਬਣਾਈ ਗਈ ਕਮੇਟੀ ਦੇ ਮੈਂਬਰ ਹਨ, ਨੇ ਦੱਸਿਆ ਕਿ ਯੂ. ਪੀ. ਸਰਕਾਰ ਵੱਲੋਂ 200 ਕਰੋੜ ਰੁਪਏ ਦੀ ਲਾਗਤ ਨਾਲ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਨੂੰ ਅਜੂਬੇ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਬੀਤੇ ਦਿਨੀਂ ਹੋਈ ਮੀਟਿੰਗ ਵਿਚ ਯੂ. ਪੀ. ਦੇ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਨੇ ਦੱਸਿਆ ਕਿ ਸਰਕਾਰ ਵੱਲੋਂ ਤੀਹ ਏਕੜ ਦੇ ਕਰੀਬ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ ਅਤੇ ਅੰਤਰ ਰਾਸ਼ਟਰੀ ਪੱਧਰ ਦੇ ਇਕ ਆਰਕੀਟੈਕਟ ਵੱਲੋਂ ਇਮਾਰਤ ਦਾ ਨਕਸ਼ਾ ਬਣਾਇਆ ਜਾਵੇਗਾ। ਉਹਨਾਂ ਦੱਸਿਆ ਕਿ ਅਜੂਬੇ ਵਿਚ ਜਿੱਥੇ ਮੰਦਰ ਦੀ ਖੂਬਸੂਰਤ ਇਮਾਰਤ ਦਾ ਨਿਰਮਾਣ ਕੀਤਾ ਜਾਵੇਗਾ, ਉਥੇ ਲਾਇਬ੍ਰੇਰੀ ਤੇ ਸਤਿਸੰਗ ਭਵਨ ਦਾ ਨਿਰਮਾਣ ਵੀ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਯੂ. ਪੀ. ਦੇ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਜੋ ਅਜੂਬੇ ਦੇ ਨਿਰਮਾਣ ਲਈ ਹੋਰ ਰਾਸ਼ੀ ਦੀ ਜ਼ਰੂਰਤ ਹੋਈ ਤਾਂ ਬਜਟ ਵਿਚ ਹੋਰ ਪ੍ਰਬੰਧ ਕੀਤਾ ਜਾਵੇਗਾ।

**(ਧੰਨਵਾਦ ਸਹਿਤ ਪੰਜਾਬੀ ਜਾਗਰਣ)**







It's a Historical occasion that officially named the street "AMBEDKAR WAY" in Pukekohe, Auckland in the memory of Dr. B. R. Ambedkar and it is the First road sign in New Zealand.

## ਸ਼ੋਕ ਸਮਾਚਾਰ

ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਮਾਤਾ ਜੀ ਗੁਰਦੇਵ ਕੌਰ ਕਾਜਲਾ 10 ਅਗਸਤ 2018 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।



19 ਜੁਲਾਈ 1946 - 10 ਅਗਸਤ 2018

**ਅੰਤਿਮ ਸੰਸਕਾਰ**

18 ਅਗਸਤ ਦਿਨ ਸ਼ਨੀਵਾਰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ

Sacramento Memorial Lawn Funeral Home

6100 Stockton Blvd Sacramento, CA 95824

**ਅੰਤਿਮ ਅਰਦਾਸ:**

ਸੰਸਕਾਰ ਤੋਂ ਬਾਅਦ ਸਮੂਹ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਬੀਬੀ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ।

**ਸਥਾਨ:** ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ

6221 16th St Rio linda, CA 95673

**ਦੁਖੀ ਪਰਿਵਾਰ**

ਹੰਸ ਰਾਜ ਕਾਜਲਾ 916-479-0421

ਰਾਜ ਕੁਮਾਰ ਕਾਜਲਾ 916-896-8238

ਗੁਰਮੇਲ ਰਾਜ ਕਾਜਲਾ 916-690-2792

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਗੁਰਪੁਰਬ ਮਨਾਇਆ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਬੀਤੀ 10, 11, 12 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਾ ਗੁਰਪੁਰਬ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਛਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿਚ 10 ਅਗਸਤ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 12 ਅਗਸਤ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ



ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤੋਂ ਇਲਾਵਾ ਗੁਰੂ ਘਰ ਦੇ ਗ੍ਰੰਥੀ ਭਾਈ ਕ੍ਰਿਬਨ ਸਿੰਘ ਜੀ ਨੇ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦੇ ਜੀਵਨ ਤੇ ਕਥਾ ਕੀਤੀ।ਸ੍ਰੀ ਰਾਮ ਸੇਵਕ ਭਾਟੀਆ ਜੀ ਅਤੇ ਭਾਈ ਸਤਨਾਮ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਪਿੰਡ ਦੌਲਤਪੁਰਾ ਦੇ ਨੌਜਵਾਨ ਕੁਲਵਿੰਦਰ ਸਿੰਘ ਤੇ ਢਾਹੇ ਤਸ਼ੱਦਦ ਲਈ ਪੁਲਿਸ ਤੇ ਸਿਵਲ ਪ੍ਰਸ਼ਾਸਨ ਦੋਨੋਂ ਦੋਸ਼ੀ ਕਰਾਰ

ਬਠਿੰਡਾ- ਹਾਕਮ ਜਮਾਤਾਂ ਵੱਲੋਂ ਲੋਕਾਂ ਦੀ ਜ਼ੁਬਾਨਬੰਦੀ ਕਰਨ ਤੇ ਤੱਥ ਲੁਕਾਉਣ ਲਈ ਦੌਲਤਪੁਰਾ ਦੇ ਨੌਜਵਾਨ ਕੁਲਵਿੰਦਰ ਸਿੰਘ ਨੂੰ ਨਜਾਇਜ਼ ਪੁਲਿਸ ਹਿਰਾਸਤ ਵਿੱਚ ਰੱਖ ਕੇ ਅੰਨ੍ਹਾ ਤਸ਼ੱਦਦ ਢਾਹੁਣ ਲਈ ਸਿਵਲ ਤੇ ਪੁਲਸ ਪ੍ਰਸ਼ਾਸਨ ਦੋਨਾਂ ਨੂੰ ਜ਼ਿੰਮੇਵਾਰ ਕਰਾਰ ਦਿੰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਵੱਲੋਂ ਗਠਿਤ ਪੰਜ ਮੈਂਬਰੀ ਤੱਥ ਖੋਜ ਕਮੇਟੀ ਨੇ ਪ੍ਰੈੱਸ ਸਕੱਤਰ ਡਾ ਅਜੀਤਪਾਲ ਸਿੰਘ ਐਮ ਡੀ ਰਾਹੀਂ ਇੱਥੇ ਆਪਣੀ ਰਿਪੋਰਟ ਰਿਲੀਜ਼ ਕੀਤੀ। ਕਮੇਟੀ ਨੇ ਦੋਸ਼ੀ ਪੁਲਿਸ ਅਧਿਕਾਰੀਆਂ ਤੇ ਡਾਕਟਰ ਨੂੰ ਨੌਕਰੀ ਤੋਂ ਬਰਖ਼ਾਸਤ ਕਰਕੇ ਕਾਨੂੰਨੀ ਪ੍ਰਕਿਰਿਆ ਰਾਹੀਂ ਸਖਤ ਤੇ ਮਿਸਾਲੀ ਸਜ਼ਾਵਾਂ ਦੇਣ ਦੀ ਮੰਗ ਵੀ ਕੀਤੀ ਹੈ। ਜਾਰੀ ਕੀਤੀ ਗਈ ਤੱਥ ਖੋਜ ਰਿਪੋਰਟ ਦੇ ਵਿਸਥਾਰ ਵਿਚ ਜਾਂਦਿਆਂ ਡਾ ਅਜੀਤਪਾਲ ਸਿੰਘ ਨੇ ਦੱਸਿਆ ਕਿ 28 ਜੂਨ ਨੂੰ ਅਖ਼ਬਾਰਾਂ ਵਿੱਚ ਛਪੀ ਰਿਪੋਰਟ ਪੜ੍ਹਨ ਪਿੱਛੋਂ ਜਮਹੂਰੀ ਅਧਿਕਾਰ ਸਭਾ ਨੇ ਐਡਵੋਕੇਟ ਐਨ ਕੇ ਜੀਤ,ਪ੍ਰਿਤਪਾਲ ਸਿੰਘ,ਰਾਮਪੁਰਾ ਇਲਾਕਾ ਇਕਾਈ ਦੇ ਕਨਵੀਨਰ ਸ੍ਰੀ ਬਲਵੰਤ ਰਾਜ ਮਹਿਰਾਜ,ਸੁਖਦੇਵ ਪਾਂਧੀ ਤੇ ਮਾਸਟਰ ਅਵਤਾਰ ਸਿੰਘ ਤੇ ਆਧਾਰਤ ਇੱਕ ਪੰਜ ਮੈਂਬਰੀ ਤੱਥ ਖੋਜ ਟੀਮ ਗਠਿਤ ਕੀਤੀ ਕਿਉਂਕਿ ਮਾਮਲਾ ਜਮਹੂਰੀ ਹੱਕਾਂ ਦੀ ਉਲੰਘਣਾ ਦਾ ਸੀ। ਤੱਥਖੋਜ ਟੀਮ ਨੇ ਪਿੰਡ ਦੌਲਤਪੁਰਾ ਜਾ ਕੇ ਉੱਥੋਂ ਦੇ ਸਰਪੰਚ,ਪੰਚਾਇਤ ਮੈਂਬਰ ਜਨਤਕ ਜੱਥੇਬੰਦੀਆਂ ਦੇ ਆਗੂ,ਪੀੜਤ ਪਰਿਵਾਰ ਤੇ ਪਿੰਡ ਦੇ ਲੋਕਾਂ ਨੂੰ ਮਿਲ ਕੇ ਘਟਨਾ ਬਾਰੇ ਜਾਣਕਾਰੀ ਇਕੱਤਰ ਕੀਤੀ ਤੇ ਇਸ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਪੜ੍ਹਿਆ ਤੇ ਵਿਚਾਰਿਆ। ਪੜਤਾਲ ਦੌਰਾਨ ਇਹ ਪਾਇਆ ਗਿਆ ਕਿ 24 ਜੂਨ ਵੀ ਨੂੰ ਨਸ਼ਾ ਵਿਰੋਧੀ ਸੈੱਲ ਬਠਿੰਡਾ ਦੀ ਇੱਕ ਟੀਮ ਨੇ ਸ਼ਰਾਬ ਦੇ ਠੇਕੇਦਾਰ ਨੂੰ ਨਾਲ ਲੈ ਕੇ ਭਾਰੀ ਪੁਲਿਸ ਸਮੇਤ ਦੌਲਤਪੁਰਾ ਵਾਸੀ ਬੇਅੰਤ ਸਿੰਘ ਦੇ ਘਰ ਛਾਪਾ ਮਾਰਿਆ ਪਰ ਉੱਥੋਂ ਕੋਈ ਨਾਜਾਇਜ਼ ਸ਼ਰਾਬ ਜਾਂ ਨਸ਼ੀਲਾ ਪਦਾਰਥ ਨਹੀਂ ਮਿਲਿਆ। ਨਾਜਾਇਜ਼ ਫੜੇ ਪਿੰਡ ਦੇ ਦੋ ਨਾਬਾਲਗ ਮੁੰਡਿਆਂ ਨੂੰ ਲੋਕਾਂ ਨੇ ਇਕੱਠੇ ਹੋ ਕੇ ਪੁਲਿਸ ਤੋਂ ਛੁਡਵਾ ਲਿਆ।ਇਸ ਦੌਰਾਨ ਪਿੰਡ ਦੇ ਕਲੱਬ ਦੇ ਪ੍ਰਧਾਨ ਤੇ ਪੀਆਰਟੀਸੀ ਦੇ ਡਰਾਈਵਰ ਕੁਲਵਿੰਦਰ ਸਿੰਘ "ਕਿੰਦੂ" ਨੇ ਪੁਲਸ ਦੀ ਇਸ ਧੱਕੇਸ਼ਾਹੀ ਦੀ ਵੀਡੀਓ ਬਣਾਉਣੀ ਸ਼ੁਰੂ ਕੀਤੀ ਤਾਂ ਪੁਲਿਸ ਵਾਲੇ ਖ਼ਫ਼ਾ ਹੋ ਗਏ। ਅਗਲੇ ਦਿਨ ਬਾਲਿਆਂਵਾਲੀ ਪੁਲਿਸ ਨੇ ਕੁਲਵਿੰਦਰ ਸਿੰਘ ਨੂੰ ਪੁਲਿਸ ਤੇ ਹਮਲਾ ਕਰਨ, ਡਿਊਟੀ ਵਿੱਚ ਵਿਘਨ ਪਾਉਣ, ਦੰਗਾ ਫਸਾਦ ਕਰਨ ਆਦਿ ਦਾ ਝੂਠਾ ਕੇਸ ਮੜ ਕੇ ਘਰੋਂ ਗ੍ਰਿਫ਼ਤਾਰ ਕੀਤਾ ਤੇ ਅਦਾਲਤ ਤੋਂ ਇੱਕ ਦਿਨ ਦਾ ਪੁਲਸ ਰਿਮਾਡ ਲੈ ਕੇ ਥਾਣਾ ਸੀਆਈਏ-2 ਦੇ ਹਵਾਲੇ ਕਰ ਦਿੱਤਾ ਗਿਆ,ਜਿੱਥੇ ਉਸ ਉੱਪਰ ਅੰਨਾ ਗੈਰ ਮਨੁੱਖੀ ਤਸ਼ੱਦਦ ਢਾਹਿਆ ਗਿਆ। ਉਸ ਦੇ ਪੈਰਾਂ ਦੀਆਂ ਤਲੀਆਂ ਡਾਂਗਾਂ ਨਾਲ ਕੁੱਟੀਆਂ ਗਈਆਂ ਤੇ ਮੁਨਸ਼ੀ ਦੇ ਨਾਲ ਦੇ ਕਮਰੇ ਵਿੱਚ ਲਿਜਾ ਕੇ ਉਸ ਨੂੰ ਇੱਕ ਲੋਹੇ ਦੀ ਕੁਰਸੀ ਉੱਪਰ ਬਿਠਾਇਆ ਗਿਆ ਤੇ ਲੱਤਾਂ ਚੌੜੀਆਂ ਕਰਕੇ ਉਸ ਦੇ ਗੁਪਤ ਅੰਗ ਵਿੱਚ ਇੱਕ ਕੋਲਡ ਡਰਿੰਕ ਵਾਲੀ ਬੋਤਲ ਰਾਹੀਂ ਪੈਟਰੋਲ ਪਾਇਆ ਗਿਆ ਅਤੇ ਨੰਗੀ ਹਾਲਤ ਵਿੱਚੋਂ ਉਸ ਦੇ ਲਿੰਗ ਤੇ 10-15 ਵਾਰੀ ਬਿਜਲੀ ਦੇ ਝਟਕੇ ਲਾਏ।ਫਿਰ ਉਸ ਦੇ ਮੋਢਿਆਂ ਤੇ ਪੱਚੀ ਕਿੱਲੋ ਭਾਰ ਦਾ ਇੱਕ ਘੋਟਣਾ ਰੱਖ ਕੇ ਉਸ ਨੂੰ ਕਾਫੀ ਚਿਰ ਖੜ੍ਹਾ ਰੱਖਿਆ ਗਿਆ। ਅਗਲੇ ਦਿਨ ਅਦਾਲਤ ਵਿੱਚ ਕੁਲਵਿੰਦਰ ਸਿੰਘ ਨੇ ਜੱਜ ਸਾਹਮਣੇ ਸਾਰੇ ਤਸ਼ਦਦ ਦਾ ਵੇਰਵਾ ਦਿੰਦਿਆਂ ਆਪਣੇ ਬਿਆਨ ਦਰਜ ਕਰਵਾਏ ਤਾਂ ਜੱਜ ਸਾਹਿਬ ਨੇ ਕੁਲਵਿੰਦਰ ਸਿੰਘ ਦਾ ਡਾਕਟਰੀ ਮੁਆਇਨਾ ਇੱਕ ਮੈਡੀਕਲ ਬੋਰਡ ਤੋਂ ਕਰਵਾਇਆ। ਜਿਸ ਵਿੱਚ ਕੁਲਵਿੰਦਰ ਸਿੰਘ ਤੇ ਪੁਲਿਸ ਤਸ਼ਦਦ ਦੇ ਪੰਜ ਨਿਸ਼ਾਨ ਸਾਹਮਣੇ ਆਏ। ਅਦਾਲਤ ਵਿੱਚ ਪੇਸ਼ ਕਰਨ ਤੋਂ ਪਹਿਲਾਂ ਸਿਵਲ ਹਸਪਤਾਲ ਦੇ ਡਾਕਟਰ ਹਰਮੀਤ ਸਿੰਘ ਵੱਲੋਂ ਕੀਤੇ ਡਾਕਟਰੀ ਮੁਆਇਨੇ ਵਿੱਚ ਤਸ਼ੱਦਦ ਦੇ ਨਿਸ਼ਾਨ ਜਾਣ ਬੁੱਝ ਕੇ ਨਹੀਂ ਸੀ ਵਿਖਾਏ ਗਏ।

28 ਜੂਨ ਦੇ ਆਪਣੇ ਫੈਸਲੇ ਚ ਅਦਾਲਤ ਨੇ ਸੀਆਈਏ ਸਟਾਫ-2 ਦੇ ਇੰਚਾਰਜ ਤਜਿੰਦਰ ਸਿੰਘ ਤੇ ਹੋਰ ਪੁਲਿਸ ਮੁਲਾਜ਼ਮਾਂ ਨੂੰ ਮੁਢਲੇ ਤੌਰ ਤੇ ਹਿਰਾਸਤ ਵਿੱਚ ਗੈਰ ਕਨੂੰਨੀ ਤਸ਼ਦਦ ਕਰਨ ਤੇ ਡਾਕਟਰ ਹਰਮੀਤ ਸਿੰਘ ਨੂੰ ਤਸ਼ਦਦ ਦੇ ਨਿਸ਼ਾਨ ਛੁਪਾਉਣ ਲਈ ਝੂਠੀ ਮੈਡੀਕਲ ਰਿਪੋਰਟ ਤਿਆਰ ਕਰਨ ਦਾ ਦੋਸ਼ੀ ਪਾਉਂਦਿਆਂ ਉਨ੍ਹਾਂ ਖਿਲਾਫ ਚੌਵੀ ਘੰਟੇ ਦੇ ਵਿੱਚ ਵਿੱਚ ਕੇਸ ਦਰਜ ਕਰਕੇ ਰਿਪੋਰਟ ਕਰਨ ਦਾ ਹੁਕਮ ਦਿੱਤਾ ਪਰ ਉੱਚ ਪੁਲਿਸ ਅਧਿਕਾਰੀਆਂ ਨੇ ਪੁਲਸ ਹਿਰਾਸਤ ਵਿੱਚ ਤਸ਼ਦਦ ਢਾਹੁਣ ਵਾਲੇ ਪੁਲਸੀਆਂ ਦੀ ਪੁਸ਼ਤਪਨਾਹੀ ਲਈ ਸੈਸ਼ਨ ਅਦਾਲਤ ਵਿੱਚ ਅਪੀਲ ਦਾਇਰ ਕਰ ਦਿੱਤੀ, ਜਿੱਥੋਂ ਉਨ੍ਹਾਂ ਨੂੰ ਰਿਪੋਰਟ ਤਿਆਰ ਕਰਨ ਲਈ ਦਸ ਦਿਨ ਦਾ ਸਮਾਂ ਤਾਂ ਮਿਲ ਗਿਆ ਪਰ ਆਖਰ ਪੁਲਸ ਮੁਲਾਜ਼ਮ ਤੇ ਡਾਕਟਰ ਖਿਲਾਫ ਮੁਕੱਦਮਾ ਦਰਜ ਕਰਨਾ ਹੀ ਪਿਆ।ਹੁਣ ਕੁਲਵਿੰਦਰ ਸਿੰਘ ਦੀ ਜ਼ਮਾਨਤ ਵੀ ਹੋ ਚੁੱਕੀ ਹੈ ਪਰ ਉਸ ਤੇ ਸਮਝੌਤਾ ਕਰਨ ਲਈ ਕਈ ਤਰ੍ਹਾਂ ਦਾ ਦਬਾਅ ਪਾਇਆ ਜਾ ਰਿਹਾ ਹੈ।ਜਮਹੂਰੀ ਅਧਿਕਾਰ ਸਭਾ ਨੇ ਪਹਿਲਾਂ ਵੀ ਨੋਟ ਕੀਤਾ ਹੈ ਕਿ ਬਠਿੰਡਾ ਜ਼ਿਲ੍ਹੇ ਅੰਦਰ ਹਿਰਾਸਤ ਵਿੱਚ ਪੁਲਿਸ ਤਸ਼ਦਦ ਦੀਆਂ ਦੋ ਘਟਨਾਵਾਂ ਵਾਪਰ ਚੁੱਕੀਆਂ ਹਨ ਜਿਨ੍ਹਾਂ ਵਿੱਚ ਪੁਲੀਸ ਅਧਿਕਾਰੀਆਂ ਉਪਰ ਕਾਰਵਾਈ ਕਰਨ ਤੋਂ ਟਾਲਾ ਵੱਟਿਆ ਜਾਂਦਾ ਰਿਹਾ ਅਤੇ ਗੈਰਕਨੂੰਨੀ ਸਮਝੌਤੇ ਰਾਹੀਂ ਪੀੜਤਾਂ ਦਾ ਮੂੰਹ ਬੰਦ ਕਰਕੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ। ਇੱਕ ਘਟਨਾ ਮੰਡੀ ਕਲਾਂ ਦੇ ਨੌਜਵਾਨ ਭੁਪਿੰਦਰ ਸਿੰਘ ਦੀ ਸੀ ਅਤੇ ਦੂਜੀ ਬਠਿੰਡਾ ਵਿਖੇ ਇੱਕ ਨਾਬਾਲਗ ਬੱਚੇ ਉੱਪਰ ਦੀ ਤਸ਼ਦਦ ਢਾਹੁਣ ਦੀ ਸੀ। ਜਮਹੂਰੀ ਅਧਿਕਾਰ ਸਭਾ ਦਾ ਮੱਤ ਹੈ ਕਿ ਕੌਮਾਂਤਰੀ ਕਨਵੈਨਸ਼ਨ ਤਹਿਤ ਪੁਲਿਸ ਤੰਤਰ ਵੱਲੋਂ ਤਸੀਹੇ ਦੇਣਾ ਇੱਕ ਸਜਾ ਯੋਗ ਜੁਰਮ ਹੈ। ਦੁਨੀਆਂ ਦੀ ਸਭ ਤੋਂ ਵੱਡੀ ਜ਼ਮਹੂਰੀਅਤ ਕਹਾਉਣ ਵਾਲੇ ਭਾਰਤ ਦੀ ਹਕੂਮਤ ਇਸ ਕਨਵੈਨਸ਼ਨ ਨੂੰ ਮੰਨਣ ਤੋਂ ਇਨਕਾਰੀ ਹੈ। ਜਮੂਹਰੀ ਹੱਕਾ ਲਈ ਸੰਘਰਸ਼ਸੀਲ ਬੁੱਧੀਜੀਵੀ ਸਰਕਾਰ ਉੱਪਰ ਇਸ ਕਨਵੈਨਸ਼ਨ ਉੱਪਰ ਦਸਤਖਤ ਕਰਨ ਲਈ ਲਾਮਬੰਦੀ ਕਰਨਗੇ। ਪ੍ਰੈੱਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਅਨੁਸਾਰ ਕੁਲਵਿੰਦਰ ਸਿੰਘ ਤੇ ਢਾਹੇ ਤਸ਼ਦਦ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਵੱਲੋਂ ਵੱਖੋ ਢੰਗਾਂ ਰਾਹੀ ਕੁਲਵਿੰਦਰ ਸਿੰਘ ਦੇ ਪਰਿਵਾਰ ਤੇ ਸਮਝੌਤਾ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ, ਜਿਸ ਨੂੰ ਰੋਕਣ ਲਈ ਪ੍ਰਸ਼ਾਸਨ ਨੂੰ ਅਸਰਦਾਰ ਢੰਗ ਨਾਲ ਅੱਗੇ ਆਉਣਾ ਚਾਹੀਦਾ ਹੈ। ਦੋਸ਼ੀਆਂ ਵਿੱਚ ਬਲਿਆਲੀ ਥਾਣੇ ਦੇ ਮੁੱਖ ਅਫਸਰ ਨੂੰ ਵੀ ਸ਼ਾਮਿਲ ਕੀ ਕੀਤਾ ਜਾਣਾ ਚਾਹੀਦਾ ਹੈ ਜੋ ਕੁਲਵਿੰਦਰ ਸਿੰਘ ਸੀ ਆਈ ਏ ਸਟਾਫ ਕੋਲ ਨਜਾਇਜ਼ ਢੰਗ ਨਾਲ ਛੱਡਣ ਦਾ ਦੋਸ਼ੀ ਹੈ।ਇਹ ਲੋਕਾਂ ਵਿੱਚ ਦਹਿਸ਼ਤ ਪਾਉਣ ਸਬੂਤਾਂ ਨੂੰ ਖਤਮ ਕਰਨ ਤੇ ਗਵਾਹਾਂ ਉੱਪਰ ਹਮਲਾ ਕਰਨ ਦੇ ਵੀ ਦੋਸ਼ੀ ਹਨ। ਡਾਕਟਰ ਸਮੇਤ ਸਾਰੇ ਦੋਸ਼ੀਆਂ ਨੂੰ ਨੌਕਰੀ ਤੋਂ ਸਸਪੈਂਡ ਕੀਤਾ ਜਾਵੇ। ਦੌਲਤਪੁਰਾ ਪਿੰਡ ਦੇ ਲੋਕਾਂ ਖਿਲਾਫ ਦਰਜ ਮੁਕੱਦਮਾ ਨੰਬਰ-38 ਰੱਦ ਕੀਤਾ ਜਾਵੇ ਅਤੇ ਇਸ ਤਹਿਤ ਗ੍ਰਿਫਤਾਰ ਕੀਤੇ ਲੋਕਾਂ ਨੂੰ ਰਿਹਾ ਕੀਤਾ ਜਾਵੇ।

ਸਭਾ ਇਹ ਵੀ ਮੰਗ ਕਰਦੀ ਹੈ ਕਿ ਪੁਲਿਸ ਦੇ ਤਸੀਹਾ ਕੇਂਦਰ ਬੰਦ ਕੀਤੇ ਜਾਣ। ਪ੍ਰਸ਼ਾਸਨ ਇਹ ਯਕੀਨੀ ਬਣਾਈ ਇਸ ਜੇਲ੍ਹ ਵਿੱਚ ਅਜਿਹਾ ਕੋਈ ਵੀ ਤਸੀਹਾ ਕੇਂਦਰ ਕੰਮ ਨਹੀਂ ਕਰ ਰਿਹਾ। ਜਮਹੂਰੀ ਅਧਿਕਾਰ ਸਭਾ ਅਪੀਲ ਕਰਦੀ ਹੈ ਕਿ ਜਬਰ ਦੇ ਖ਼ਿਲਾਫ਼ ਚੇਤਨ ਲਾਮਬੰਦੀ ਕਰਕੇ ਪ੍ਰਸ਼ਾਸਨ ਦੇ ਅਜਿਹੇ ਅਣਮਨੁੱਖੀ ਕਾਰਨਾਮਿਆਂ ਦਾ ਲੋਕ ਡਟ ਕੇ ਵਿਰੋਧ ਕਰਨ ਲਈ ਅੱਗੇ ਆਉਣ।

**ਜਾਰੀ ਕਰਤਾ**
**ਡਾਕਟਰ ਅਜੀਤਪਾਲ ਸਿੰਘ ਐਮ ਡੀ**




# ਭਾਰਤੀ ਸੰਵਿਧਾਨ ਸਾੜਨ ਅਤੇ ਡਾ.ਅੰਬੇਦਕਰ ਵਿਰੁੱਧ ਨਾਅਰੇ ਲਗਾਉਣ ਵਾਲਿਆਂ ਵਿਰੁੱਧ ਦੇਸ਼ ਧਰੋਹੀ ਦਾ ਮੁਕੱਦਮਾ ਦਰਜ ਕੀਤਾ ਜਾਵੇ

**ਨਵੀਂ ਦਿੱਲੀ-** ਸੰਵਿਧਾਨ ਫਾਊਂਡੇਸ਼ਨ ਨੇ ਹਾਲ ਹੀ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ 9 ਅਗਸਤ ਨੂੰ ਜੰਤਰ-ਮੰਤਰੀ ਦਿੱਲੀ ਤੇ ਕੁਝ ਅਨਸਰਾਂ ਨੇ ਭਾਰਤੀ ਸੰਵਿਧਾਨ ਨੂੰ ਸਾੜਿਆ ਅਤੇ ਸੰਵਿਧਾਨ ਮੁਰਦਾਬਾਦ, ਅੰਬੇਡਕਰ ਮੁਰਦਾਬਾਦ, ਐਸ. ਸੀ./ ਐਸ. ਟੀ. ਐਕਟ ਮੁਰਦਾਬਾਦ, ਮਨੂੰਸਮ੍ਰਿਤੀ ਜਿੰਦਾਬਾਦ ਦੇ ਨਾਅਰੇ ਲਗਾਏ। ਇਹ ਜਾਣਕਾਰੀ ਸਾਨੂੰ ਸਮਾਜਿਕ ਮਾਧਿਅਮਾਂ ਦੁਆਰਾ ਪ੍ਰਾਪਤ ਹੋਈ ਹੈ। ਅਜਿਹਾ ਕਰਨ ਵਾਲਿਆਂ ਨੇ ਭਾਰਤ ਦੇ ਸੰਵਿਧਾਨ ਅਤੇ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਦੀ ਘੋਰ ਬੇਇਜ਼ਤੀ ਅਤੇ ਦੇਸ਼-ਵਿਦੇਸ਼ ਵਿਚ ਭਾਰਤੀ ਸੰਵਿਧਾਨ ਅਤੇ ਸੰਵਿਧਾਨ ਨਿਰਮਾਤਾ ਦੇ ਪ੍ਰਤੀ ਵਿਸ਼ਵਾਸ ਅਤੇ ਸ਼ਰਧਾ ਰੱਖਣ ਵਾਲੇ ਸਾਰੇ ਲੋਕਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ ਹੈ। ਇਸ ਨਾਲ ਸੰਪਰਦਾਇਕ ਸਦਭਾਵਨਾ ਵਿਗੜ ਕੇ ਜਾਤੀ ਨਫਰਤ ਫੈਲਾਉਣ ਦੀ ਰਾਸ਼ਟਰ ਵਿਰੋਧੀ ਕੋਸ਼ਿਸ਼ ਕੀਤੀ ਗਈ ਹੈ। ਭਾਰਤੀ ਸੰਵਿਧਾਨ ਅਤੇ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਦਾ ਸਨਮਾਨ ਰੱਖਣਾ ਸਾਰੇ 130 ਕਰੋੜ ਭਾਰਤੀ ਨਾਗਰਿਕਾਂ ਦਾ ਸੰਵਿਧਾਨਕ ਅਤੇ ਨੈਤਿਕ ਕ ਕਰਤੱਵ ਹੈ। ਭਾਰਤ ਦੇ ਸੰਵਿਧਾਨ ਦੀ ਰੱਖਿਆ ਅਤੇ ਸਨਮਾਨ ਕਰਨਾ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੈ। ਭਾਰਤੀ ਸੰਵਿਧਾਨ ਸਾੜ ਕੇ ਸੰਵਿਧਾਨ ਨਿਰਮਾਤਾ ਡਾ. ਅੰਬੇਡਕਰ ਦੇ ਵਿਰੁੱਧ ਮੁਰਦਾਬਾਦ ਦੇ ਨਾਅਰੇ ਲਗਾਉਣ ਦੀ ਇਸ ਰਾਸ਼ਟਰ ਵਿਰੋਧੀ ਕੋਸ਼ਿਸ਼ ਦੀ ਅਸੀਂ ਸਖਤ ਨਿੰਦਾ ਕਰਦੇ ਹਾਂ।










ਸਰਬ ਸਮਾਜ ਟੋਹਾਣਾ ਦੁਆਰਾ ਸਰਕਾਰ ਦੇ ਖਿਲਾਫ ਕੀਤੇ ਗਏ ਪ੍ਰਦਰਸ਼ਨ ਦੀਆਂ ਕੁਝ ਝਲਕੀਆਂ। 9 ਅਗਸਤ ਨੂੰ ਜੰਤਰ ਮੰਤਰ ਤੇ ਦੇਸ਼ ਵਿਰੋਧੀ ਲੋਕਾਂ ਨੇ ਸੰਵਿਧਾਨ ਦੀਆਂ ਕਾਪੀਆਂ ਸਾੜੀਆਂ ਗਈਆਂ। ਉਹਨਾਂ ਨੂੰ ਫਾਂਸੀ ਦੇਣ ਦੀ ਮੰਗ ਇਕ ਮੈਮੋਰੰਡਮ ਰਾਹੀਂ ਪ੍ਰਧਾਨ ਮੰਤਰੀ/ ਰਾਸ਼ਟਰਪਤੀ ਨੂੰ ਭਿਜਵਾਈਆਂ ਗਈਆਂ। ਇਸ ਮੌਕੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ।

# ਹਿੰਦੂ ਭਾਰਤ ਦੇ ਬਿਮਾਰ ਲੋਕ ਹਨ



ਡਾ. ਭੀਮ ਰਾਓ ਅੰਬੇਡਕਰ ਜੀ

ਡਿਗਰੀਆਂ ਨਾਲ ਕਿਸੇ ਦੀ ਸਿੱਖਿਆ/ਸਮਝਦਾਰੀ ਦਾ ਪੱਧਰ ਨਹੀਂ ਮਾਪਿਆ ਜਾ ਸਕਦਾ ਅਤੇ ਨਾ ਹੀ ਇਸ ਨਾਲ ਉਸਨੇ ਕਿੰਨੀਆਂ ਪੁਸਤਕਾਂ ਅਤੇ ਗ੍ਰੰਥ ਪੜ੍ਹੇ ਹੈ। ਕਿਸੇ ਵੀ ਵਿਅਕਤੀ ਦੀ ਸਿੱਖਿਆ ਦਾ ਪੱਧਰ ਉਸ ਤੋਂ ਪਤਾ ਚੱਲਦਾ ਹੈ ਕਿ ਉਸ ਨੇ ਆਪਣੇ ਆਪ ਵਿੱਚ ਸੁਤੰਤਰ ਸੋਚ ਵਿਕਸਿਤ ਕੀਤੀ ਹੈ ਵਿਅਕਤੀ ਚਾਹੇ ਕਿੰਨੀਆਂ ਵੀ ਡਿਗਰੀਆਂ ਪ੍ਰਾਪਤ ਕਰ ਲਏ ਅਗਰ ਉਹ ਆਪਣੀ ਸੋਚ ਨੂੰ ਵਿਕਸਿਤ ਨਹੀਂ ਕਰ ਪਾਇਆ ਤਾਂ ਇਸ ਦਾ ਕੋਈ ਅਰਥ ਨਹੀਂ ਕਿ ਉਹ ਕਿੰਨਾ ਪੜ੍ਹਿਆ ਹੈ।

ਅਗਰ ਤੁਸੀ ਸਕੂਲ ਵਿੱਚ ਪੜ੍ਹਿਆ ਹੈ ਕਿ ਰਾਵਣ ਦੇ ਦਸ ਸਿਰ ਹੈ ਅਤੇ ਤੁਸੀ ਮੰਨ ਲਿਆ ਤਾਂ ਤੁਹਾਡੀ ਵਿੱਦਿਆ ਦਾ ਕੋਈ ਮਤਲਬ ਨਹੀਂ ਹੈ ਤੁਹਾਡੀ ਵਿੱਦਿਆ ਤਦ ਸਹੀ ਮੰਨੀ ਜਾਏਗੀ ਜਦੋ ਤੁਸੀ ਉਸ ਉੱਪਰ ਪ੍ਰਸ਼ਨ ਕਰੋਗੇ ਕਿ ਇਹ ਕਿਸ ਤਰ੍ਹਾਂ ਸੰਭਵ ਹੈ ਤੁਹਾਡੀ ਵਿੱਦਿਆ ਦਾ ਤਦ ਪਤਾ ਚੱਲਦਾ ਹੈ ਜਦੋਂ ਤੁਹਾਡੇ ਘਰ ਕਿਸੇ ਬੱਚੇ ਨੇ ਜਨਮ ਲਿਆ ਅਤੇ ਤੁਸੀਂ ਉਸ ਦਾ ਨਾਮ ਰੱਖਣ ਦੇ ਲਈ ਬ੍ਰਾਹਮਣ ਪ੍ਰੋਹਿਤ ਦੇ ਕੋਲ ਚੱਲੇ ਜਾਂਦੇ ਹੋ ਇਸ ਤੋ ਗਿਆਤ ਹੁੰਦਾ ਹੈ ਕਿ ਤੁਸੀ ਸਿਰਫ ਪੁਸਤਕਾਂ ਹੀ ਪੜ੍ਹੀ ਹੈ ਪ੍ਰੰਤੂ ਵਿੱਦਿਅਕ ਨਹੀਂ ਹੋਏ ਜਦੋਂ ਤੁਸੀ ਮੌਤ ਦੇ ਸਮੇਂ ਸਵਰਗ ਦਾ ਟਿਕਟ ਲਗਾਉਣ ਲਈ ਯੱਗ ਅਤੇ ਹਵਨ ਕਰਦੇ ਹੋ। ਸੁਤੰਤਰ ਸੋਚ ਦਾ ਵਿਕਾਸ ਹੀ ਵਿੱਦਿਆ ਹੈ ਇਹ ਵਿੱਦਿਆ ਨਹੀਂ ਕਿ ਤਾਂ ਤੁਹਾਨੂੰ ਦੱਸ ਦਿੱਤਾ ਕਿ ਰੀਸ਼ਚੰਦਰ ਇੱਕ ਸੱਤਿਆਵਾਦੀ ਰਾਜਾ ਸੀ ਅਤੇ ਤੁਸੀ ਮੰਨ ਲਿਆ ਬਲਕਿ ਵਿੱਦਿਆ ਇਹ ਹੈ ਕਿ ਤੁਸੀ ਸਵਾਲ ਉਠਾ ਦਿੱਤਾ ਕਿ ਉਹ ਰਾਜਾ ਸੱਤਿਆਵਾਦੀ ਕਿਸ ਤਰ੍ਹਾਂ ਹੋ ਸਕਦਾ ਹੈ ਜਿਸ ਨੇ ਸਿਰਫ਼ ਇੱਕ ਸਪਨੇ ਦੇ ਆਧਾਰ ਉੱਤੇ ਆਪਣਾ ਸਭ ਕੁਝ ਇੱਕ ਬ੍ਰਾਹਮਣ ਨੂੰ ਦਾਨ ਦੇ ਦਿੱਤਾ ਇਹ ਤਾਂ ਸੱਤਿਆਵਾਦੀ ਨਹੀਂ ਬਲਕਿ ਮੂਰਖਤਾ ਹੈ ਵਿੱਦਿਆ ਇਹ ਹੈ ਕਿ ਤੁਸੀ ਸਵਾਲ ਉਠਾ ਦਿੱਤਾ ਕਿ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੇਚਣ ਵਾਲਾ ਕੋਈ ਸੱਤਿਆਵਾਦੀ ਕਿਸ ਤਰ੍ਹਾਂ ਹੋ ਸਕਦਾ ਹੈ? ਮੂਰਖਤਾ ਦਾ ਇਸ ਤੋਂ ਵੱਡਾ ਪ੍ਰਮਾਣ ਅਤੇ ਹੋਰ ਕਿ ਹੋ ਸਕਦਾ ਹੈ ਕਿ ਕੋਈ 15-20 ਸਾਲ ਦੀ ਪੜ੍ਹਾਈ ਕਰਨ ਤੋ ਬਾਅਦ ਡਾਕਟਰ, ਇੰਜੀਨੀਅਰ,ਵਕੀਲ ਬਣਦੇ ਹਾ ਬਾਅਦ ਵਿੱਚ ਪੰਜਵੀ ਫੇਲ੍ਹ ਬ੍ਰਾਹਮਣ ਦੀ ਸਲਾਹ ਲੈਣ ਲਈ ਅਤੇ ਗ੍ਰਹਿ ਦਾ ਪ੍ਰਵੇਸ਼ ਕਰਨ ਪੁੱਛਦੇ ਹੈ। ਸਾਨੂੰ ਕੀ ਕਰਨਾ ਚਾਹੀਦਾ ਅਤੇ ਕਿ ਨਹੀਂ ਕਰਨਾ ਚਾਹੀਦਾ? ਅਰਥਾਤ ਅਸੀ ਇੰਜੀਨੀਅਰ,ਵਕੀਲ, ਡਾਕਟਰ, IAS, IPS , PCS, ਨੇਤਾ-ਅਭਿਨੇਤਾ ਬਣ ਕੇ ਵੀ ਇਸ ਯੋਗ ਨਹੀਂ ਹੋਏ ਕਿ ਆਪਣਾ ਨਿਰਣੈ ਖੁਦ ਨਹੀ ਲੈ ਸਕੇ ਅਸੀ ਆਪਣੇ ਵਿੱਚ ਏਨੀ ਸੋਚ ਵਿਕਸਤ ਨਹੀਂ ਹੋਈ ਜਿੰਨੀ ਇੱਕ ਪੰਜਵੀ ਫੇਲ੍ਹ ਬ੍ਰਾਹਮਣ ਵਿੱਚ ਹੈ ਅਸੀ ਪੰਦਰਾਂ ਵੀਹ ਲੱਖ ਖਰਚ ਕਰਨੇ ਦੀ ਹੈਸੀਅਤ ਰੱਖ ਕੇ ਵੀ ਇਹ ਗੱਲ ਵੀ ਕਿਸੇ ਬ੍ਰਾਹਮਣ ਤੋਂ ਪੁੱਛਦੇ ਹਾਂ ਕਿ ਘਰ ਕਦੋਂ ਬਣਾਉਣਾ ਸ਼ੁਰੂ ਕਰਨਾ ਚਾਹੀਦਾ ਅਰਥਾਤ ਆਪਣਾ ਮਹੂਰਤ ਕੱਢਣ ਦੇ ਲਈ ਜਾਂਦੇ ਹਾ ਆਪਣੇ ਦਿਮਾਗ ਦੇ ਨਾਲ ਨਹੀਂ ਸੋਚਦੇ ਕਿ ਅਸੀ ਆਪਣੇ ਘਰ ਦਾ ਨਿਰਮਾਣ ਦਾ ਨਿਰਣੇ ਖੁਦ ਨਹੀਂ ਲੈ ਸਕਦੇ ਜਦ ਘਰ ਬਣਾਉਣ ਦੀ ਵਾਰੀ ਆਈ ਤਾਂ ਸ਼ੁਰੂਆਤ ਪੰਜਵੀਂ ਫੇਲ੍ਹ ਬ੍ਰਾਹਮਣ ਤੋਂ ਹੀ ਕਰਵਾਉਂਦੇ ਸੀ।

ਬੱਚਾ ਤੁਸੀ ਖੁਦ ਪੈਦਾ ਕਰ ਲਿਆ ਲੇਕਿਨ ਪੰਦਰਾਂ ਤੋਂ ਵੀਹ ਸਾਲ ਦੇ ਹੋਣ ਤੇ ਵੀ ਤੁਸੀ ਇਹ ਨਹੀਂ ਸਿੱਖ ਪਾਏ ਕਿ ਆਪਣੇ ਬੱਚੇ ਦਾ ਨਾਮ ਖੁਦ ਰੱਖ ਲਈਏ ਸੋਚਿਆ ਹੈ ਕਿ ਬੱਚਾ ਤੁਹਾਡਾ ਹੈ ਜਾਂ ਬ੍ਰਾਹਮਣ ਦਾ। ਸ਼ਾਦੀ ਵਿਆਹ ਦੇ ਮਾਮਲੇ ਵਿੱਚ ਵੀ ਤੁਹਾਨੂੰ ਬ੍ਰਾਹਮਣ ਹੀ ਦੱਸਦਾ ਹੈ ਕਿ ਵਿਆਹ ਕਦੋਂ ਕਰਨਾ ਹੈ ਵਿਆਹ ਕਰਨਾ ਵੀ ਹੈ ਜਾਂ ਨਹੀਂ ਜਦ ਬ੍ਰਾਹਮਣ ਨੇ ਕਹਿ ਦਿੱਤਾ ਕਿ ਇਹ ਵਿਆਹ ਨਹੀ ਕਰਨਾ ਚਾਹੀਦਾ ਤਾਂ ਅਸੀ ਆਪਣੀ ਬੁੱਧੀ ਉਸ ਪੰਜਵੀਂ ਫੇਲ੍ਹ ਬ੍ਰਾਹਮਣ ਨੂੰ ਸਮਰਪਿਤ ਕਰ ਦਿੰਦੇ ਹੈ ਅਤੇ ਉਸ ਨੂੰ ਸ਼੍ਰੇਸ਼ਠ ਬਣਾ ਕੇ ਆਪ ਮਾਮੂਲੀ ਜਿਹੇ ਬਣ ਜਾਂਦੇ ਹਾਂ। ਅਸੀ ਸਾਰੀ ਉਮਰ ਇੱਕ ਪੰਜਵੀਂ ਫੇਲ੍ਹ ਅਤੇ ਘੱਟ ਪੜੇ ਲਿਖੇ ਬ੍ਰਾਹਮਣ ਦੇ ਅੱਗੇ ਝੁਕਦੇ ਰਹੇ ਲੇਕਿਨ ਮਰਨ ਦੇ ਸਮੇਂ ਵੀ ਤੈਅ ਨਹੀਂ ਕਰ ਪਾਏ ਕਿ ਕਿਸ ਤਰ੍ਹਾਂ ਮਰਨਾ ਹੈ ਗੀਤਾ ਸੁਣਕੇ ਰਾਮਾਇਣ ਸੁਣਕੇ ਅਤੇ ਸਤਿਆ ਨਾਰਾਇਣ ਦੀ ਕਥਾ ਸੁਣਕੇ ਘੜੇ ਦਾ ਪਾਣੀ ਪੀ ਕੇ ਅਤੇ ਗੰਗਾ ਜਲ ਪੀ ਕੇ ਤੁਹਾਨੂੰ ਹੁਣ ਇਸ ਤੋ ਜ਼ਿਆਦਾ ਮੂਰਖਤਾ ਦੀ ਬਿਮਾਰੀ ਦਾ ਹੋਰ ਕੀ ਪ੍ਰਮਾਣ ਚਾਹੀਦਾ ਹੈ ਲੱਗਦਾ ਹੈ ਅਸੀ ਸਭ ਬ੍ਰਾਹਮਣਵਾਦ ਦੇ ਰੋਗ ਵਿੱਚ ਗ੍ਰਸਤ ਹੋ।

**ਮੂਲ ਲੇਖਕ- ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ। ਅਨੁਵਾਦ- ਅਮਨਦੀਪ ਸਿੰਧੂ (ਫੂਲੇ-ਸ਼ਾਹੂ-ਅੰਬੇਡਕਰੀ ਕਾਰਜਕਰਤਾ) 94657-54037**

# ਵਾਣ ਦੇ ਮੰਜਿਆਂ ਦਾ ਰਿਵਾਜ ਸਿਖਰਾਂ ਤੇ ਰਿਹੈ ਪੰਜਾਬ 'ਚ



ਜਸਵੀਰ ਸ਼ਰਮਾ ਦੱਦਾਹੂਰ
91-94176-22046

ਕੋਈ ਸਮਾਂ ਸੀ ਪੰਜਾਬ ਦੇ ਵਿਚ ਵਾਣ ਦੇ ਮੰਜਿਆਂ ਦਾ ਰਿਵਾਜ ਪ੍ਰਚਲਤ ਸੀ!ਅਲੱਗ ਅਲੱਗ ਸਾਇਜ਼ ਦੇ ਮੰਜੇ ਬੁਣੇ ਜਾਂਦੇ ਰਹੇ ਨੇ, ਉਨਾਂ ਸਮਿਆਂ ਵਿਚ ਖੁਲਿਆਂ ਥਾਵਾਂ ਤੇ ਦਰੱਖਤਾਂ ਥੱਲੇ ਮੰਜੇ ਡਾਹ ਲੈਣੇ, ਸਾਰੇ ਦੇ ਸਾਰੇ ਪਰਿਵਾਰ ਹੀ ਗੂੜ੍ਹੀਆਂ ਛਾਵਾਂ ਥੱਲੇ ਆਕੇ ਬੈਠ ਜਾਣੇ! ਦੁਪਹਿਰਾ ਸਾਰਿਆਂ ਨੇ ਹੀ ਰਲ ਮਿਲਕੇ ਗੱਲਾਂ ਬਾਤਾਂ ਮਾਰੀ ਜਾਣੀਆਂ। ਬਜੁਰਗਾਂ ਨੇ ਇਕ ਸਾਈਡ ਤੇ ਬੈਠ ਕੇ ਤਾਸ਼ ਖੇਡ ਲੈਣੀ ਕਿਸੇ ਜ਼ਿਆਦਾ ਉਮਰ ਵਾਲੇ ਬੰਦੇ ਨੇ ਅੱਖ ਵੀ ਲਾ ਲੈਣੀ ਭਾਵ ਸੌਂ ਜਾਣਾ!

ਸਾਰੀਆਂ ਧੀਆਂ ਭੈਣਾਂ ਤੇ ਮਾਵਾਂ ਮਤਲਬ ਵੱਡੀ ਉਮਰ ਦੀਆਂ ਸਵਾਣੀਆਂ ਨੇ ਇਕੋ ਥਾਂ ਥੋੜੀ ਥੋੜੀ ਵਿਥ ਤੇ ਮੰਜੇ ਡਾਹ ਲੈਣੇ ਆਪਣੇ ਵਡੇਰਿਆਂ ਭਾਵ ਸਹੁਰੇ ਪਤਿਆਉਰੇ ਜੇਠ ਲੱਗਦੇ ਬੰਦਿਆਂ ਤੋਂ ਘੁੰਡ ਕੱਢਣ ਦਾ ਰਿਵਾਜ ਰਿਹਾ ਹੈ ਪੰਜਾਬ 'ਚ ਅਜੋਕੇ ਸਮਿਆਂ ਵਾਂਗ ਨਹੀ ਸੀ ਕਿ ਧੀ ਤੇ ਨੂੰਹ ਦਾ ਪਤਾ ਹੀ ਨਾ ਲੱਗੇ, ਘੁੰਡ ਕੱਢਣਾ ਘਰ ਦੀ ਨੂੰਹ ਲਈ ਅਤਿ ਜਰੂਰੀ ਸੀ!

ਕਿਸੇ ਘਰ ਨੇ ਕੋਈ ਮੰਜਾ ਬੁਨਣਾ ਹੁੰਦਾ ਤਾਂ ਉਥੇ ਹੀ ਚਗਾਨ ਦੇ ਵਿਚ ਲਿਆ ਕੇ ਬੁਨਣਾ ਤੇ ਬੈਠੇ ਕਿਸੇ ਵੀ ਹਮ ਉਮਰ ਦੇ ਜਾਂ ਆਪ ਤੋ ਛੋਟੇ ਨੂੰ ਕਹਿ ਦੇਣਾ ਕਿ ਲੰਘਾਈਂ ਚਾਰ ਕੁ ਸੂਬੀਆਂ ਆਈਂ ਕੇਰਾਂ, ਕੋਈ ਵੀ ਕਿਸੇ ਨੂੰ ਜਵਾਬ ਨਹੀ ਸੀ ਦਿੰਦਾ! ਲੋਹੜਿਆਂ ਦੇ ਪਿਆਰ ਤੇ ਅਪਣੱਤ ਭਰੇ ਸਮੇਂ ਰਹੇ ਨੇ ਪੰਜਾਬ 'ਚ! ਨਵਾਰੀ ਪਲੰਘ ਵੱਡੇ ਮੰਜੇ ਛੋਟੇ ਸਾਇਜ਼ ਦੇ ਮੰਜੇ ਛੋਟੇ ਬੱਚਿਆ ਲਈ ਪੰਘੂੜੇ ਪੀੜ੍ਹੀ ਸਾਦੇ ਵਾਣ ਦੀ ਰੰਗਵੇਂ ਸੂਤ ਦੀ ਜਾਂ ਪੁਰਾਣੇ ਕੱਪੜਿਆਂ ਦੀਆਂ ਲੀਰਾਂ ਪਾੜ ਪਾੜ ਕੇ ਵੱਟ ਚੜ੍ਹਾਕੇ ਵੀ ਮੰਜੇ ਬੁਣੇ ਜਾਂਦੇ ਰਹੇ ਨੇ! ਚੌਖੜੇ ਜਾਂ ਨੌਖੜੇ ਭਾਵ ਨੌ ਰਸੀਆਂ ਦੇ ਮੰਜੇ ਬੁਨਣ ਦਾ ਰਿਵਾਜ ਬਹੁਤ ਜਿਆਦਾ ਰਿਹਾ ਹੈ! ਪਰ ਮੰਜੇ ਬੁਨਣ ਦੀ ਕਲਾ ਕਿਸੇ ਵਿਰਲੇ ਬੰਦਿਆ ਜਾਂ ਬੀਬੀਆਂ ਕੋਲ ਹੁੰਦੀ ਸੀ, ਕਈ ਤਾਂ ਛੋਟੀ ਉਮਰ ਦੀਆਂ ਬੱਚੀਆਂ ਵੀ ਦਿਮਾਗ ਨਾਲ ਇਹ ਕਲਾ ਸਿੱਖ ਲੈਂਦੀਆਂ ਸਨ! ਉਨਾਂ ਸਮਿਆਂ ਦੇ ਵਿਚ ਵਿਆਹ ਵੇਲੇ ਧੀਆਂ ਭੈਣਾਂ ਨੂੰ ਬਹੁਤ ਵਧੀਆ ਨਵਾਰੀ ਪਲੰਘ ਦਾਜ ਵਿਚ ਦੇਣ ਦਾ ਰਿਵਾਜ ਵੀ ਰਿਹਾ ਹੈ!



ਪਿੰਡ ਆਈ ਬਰਾਤ ਵਾਸਤੇ ਵੀ ਘਰ ਘਰ ਤੋ ਦੇਸੀ ਵਾਣ ਦੇ ਮੰਜੇ ਤੇ ਬਿਸਤਰੇ ਇਕੱਠੇ ਕਰਨੇ ਉਤੇ ਨੰਬਰ ਲਾ ਦੇਣੇ ਤੇ ਵਿਆਹ ਤੋ ਬਾਅਦ ਆਪੋ ਆਪਣੇ ਮੰਜੇ ਬਿਸਤਰੇ ਸਿਆਣ ਕੇ ਲੈਜਾਣ ਦਾ ਰਿਵਾਜ ਵੀ ਪਿੰਡਾਂ ਵਿਚ ਸਿਖਰਾਂ ਤੇ ਰਿਹਾ ਹੈ! ਜੇਕਰ ਕੋਈ ਢਾਣੀ ਬਾਹਰ ਖੇਤਾਂ ਵਿਚ ਹੁੰਦੀ ਸੀ ਤਾਂ ਉਹ ਟਰੈਕਟਰ ਟਰਾਲੀ ਤੇ ਮੰਜੇ ਬਿਸਤਰੇ ਇਕੱਠੇ ਕਰਕੇ ਲੈ ਜਾਂਦੇ ਸਨ, ਕਿਸੇ ਨੂੰ ਕੋਈ ਵੀ ਪਰਿਵਾਰ ਜਵਾਬ ਨਹੀ ਸੀ ਦਿੰਦਾ! ਇਹ ਮੰਜੇ ਬੀਬੜ ਵਾਣ ਜਾਂ ਮੂੰਜ ਦੇ ਬੁਨਣੇ ਜਾਂ ਫਿਰ ਸਣ ਦੀ ਪਤਲੀ ਰੱਸੀ ਬੁਣਕੇ ਤੇ ਉਸ ਨੂੰ ਰੰਗ ਲੈਣਾ, ਰੰਗ ਵੀ ਅਲੱਗ ਅਲੱਗ ਦਾ ਕਰਨਾ ਜੋ ਕੋਈ ਕਿਸੇ ਨੂੰ ਪਸੰਦ ਹੋਣਾ! ਇਕ ਵੱਡੇ ਮੰਜੇ ਨੂੰ ਬੁਨਣ ਲਈ ਤਿੰਨ ਤੋ ਚਾਰ ਦਿਨ ਲੱਗਦੇ ਸਨ ਬਾਕੀ ਟਾਈਮ ਦੇ ਮੁਤਾਬਕ ਜਿੰਨਾ ਕੁ ਟਾਇਮ ਹੋਣਾ ਬੁਣ ਲੈਣਾ ਤੇ ਬਾਕੀ ਸੰਭਾਲ ਕੇ ਰੱਖ ਦੇਣਾ ਤੇ ਅਗਲੇ ਦਿਨ ਫਿਰ ਉਥੋਂ ਹੀ ਸ਼ੁਰੂ ਕਰ ਲੈਣਾ! ਘਰ ਦੇ ਵਿਚ ਨਵਾਰੀ ਪੀੜ੍ਹੀ ਤਕਰੀਬਨ ਹਰ ਪਰਿਵਾਰ ਨੇ ਜਰੂਰ ਰੱਖਣੀ! ਜਿਹੜੇ ਨਵਾਰੀ ਪਲੰਘ ਹੁੰਦੇ ਸਨ ਉਨਾਂ ਦੇ ਪਾਵੇ ਬਹੁਤ ਭਾਰੇ ਹੋਇਆ ਕਰਦੇ ਸਨ ਭਾਵ ਇਕ ਬੰਦੇ ਤੋ ਉਹ ਮੰਜਾ ਨਹੀ ਸੀ ਚੱਕਿਆ ਜਾਂਦਾ! ਇਸੇ ਤਰਾਂ ਹੋਰ ਵੀ ਬਹੁਤ ਚੌੜੇ ਮੰਜੇ ਬਣਾਉਣੇ ਜੋ ਸੱਥਾਂ ਵਿਚ ਤੇ ਜਾਂ ਫਿਰ ਕਿਸੇ ਹੋਰ ਸਾਂਝੀਆਂ ਥਾਵਾਂ ਤੇ ਰੱਖੇ ਜਾਂਦੇ ਸਨ ਜਿਨਾਂ ਤੇ ਕੋਈ ਵੀਹ, ਵੀਹ ਬੰਦੇ ਵੀ ਬੈਠ ਜਾਇਆ ਕਰਦੇ ਸਨ! ਆਮ ਕਹਾਵਤ ਹੈ ਕਿ ਸ਼ੌਕ ਦਾ ਕੋਈ ਮੂਲ ਨਹੀ ਹੁੰਦਾ ਕਈ ਪਰਿਵਾਰ ਤਾਂ ਇਹਨਾਂ ਵਾਣ ਦੇ ਮੰਜਿਆਂ ਦੇ ਦੌਣ ਵੀ ਰੰਗਦਾਰ ਹੀ ਪੌਂਦੇ ਸਨ ਗੱਲ ਕੀ ਇਹ ਸ਼ੌਕ ਨਾਲ ਬੁਣੇ ਮੰਜੇ ਘਰ ਦੀ ਸ਼ਾਨ ਹੋਇਆ ਕਰਦੇ ਸਨ ਸਰਦੇ ਪੁਜਦੇ ਘਰਾਂ 'ਚ ਵੀਹ ਵੀਹ ਮੰਜੇ ਵੀ ਹੁੰਦੇ ਸਨ! ਸੋ ਦੋਸਤੋ ਗੱਲ ਸਮੇ ਸਮੇ ਦੀ ਹੁੰਦੀ ਹੈ ਅਜੋਕੇ ਬਦਲੇ ਸਮੇ ਵਿਚ ਡਬਲਬੈਡ, ਲੋਹੇ ਦੇ ਮੰਜੇ ਪਲਾਸਟਿਕ ਨਾਲ ਬੁਣਿਆਂ ਦਾ ਆਮ ਰਿਵਾਜ ਹੋ ਚੁੱਕਾ ਹੈ! ਅੱਜ ਪਹਿਲੀ ਗੱਲ ਤਾਂ ਕਿਸੇ ਵਿਰਲੇ ਘਰ ਵਿਚ ਹੀ ਵਾਣ ਦਾ ਮੰਜਾ ਜਾਂ ਬੇਬੇ ਦਾ ਨਵਾਰੀ ਪਲੰਘ ਹੋਵੇਗਾ! ਜੇਕਰ ਕਿਸੇ ਕੋਲ ਦੇਸੀ ਵਾਣ ਦਾ ਮੰਜਾ ਹੋਇਆ ਵੀ ਤਾਂ ਉਹ ਪੱਕਾ ਕਬਾੜ ਵਾਲੇ ਵਰਾਂਡੇ ਜਾਂ ਕਮਰੇ 'ਚ ਹੋਵੇਗਾ ਹਾਂ ਜੇ ਕਿਸੇ ਕੋਲ ਬੇਬੇ ਦਾ ਨਵਾਰੀ ਪਲੰਘ ਹੋਇਆ ਤਾਂ ਉਹ ਹੋ ਸਕਦੈ ਕਿ ਮਾਂ ਦੀ ਆਖਰੀ ਨਿਸ਼ਾਨੀ ਵਜੋਂ ਸਾਂਭ ਕੇ ਰੱਖਿਆ ਹੋਵੇ! ਇਸ ਕਰਕੇ ਅਜੋਕੇ ਸਮੇਂ ਅਨੁਸਾਰ ਵਾਣ ਦੇ ਮੰਜਿਆਂ ਨੂੰ ਵਿਰਸੇ ਦਾ ਇਕ ਅੰਗ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀ ਹੈ!

# ਬਾਂਸਲ ਮਾਧੋਪੁਰੀ ਪਰਿਵਾਰ ਨੇ ਲੜਕਾ ਵਿਆਹਿਆ ਬਿਨਾਂ ਦਾਜ਼ ਦਹੇਜ਼ ਤੋਂ

## ਫਜ਼ੂਲ ਰਸਮਾਂ ਅਤੇ ਫਜ਼ੂਲ ਖਰਚਿਆਂ ਤੋਂ ਕੀਤਾ ਪ੍ਰਹੇਜ਼





**ਜਲੰਧਰ (ਬਿਊਰੋ)** ਆਜ਼ਾਦੀ ਸ਼ੰਗਰਾਮ ਦੀਆਂ ਇਨਕਲਾਬੀ ਲਹਿਰਾਂ ਦੇ ਇਤਿਹਾਸ ਦੇ ਖੋਜੀ, ਇਸ ਇਤਿਹਾਸਕ ਧਰੋਹਰ ਨੂੰ ਸੋਸ਼ਲ ਮੀਡੀਆਂ, ਕਿਤਾਬਾਂ, ਕਿਤਾਬਚਿਆਂ, ਪ੍ਰਦਰਸ਼ਨੀਆਂ ਰਾਹੀਂ ਲੋਕਾਂ ਤੱਕ ਲੈ ਕੇ ਜਾਣ ਵਾਲੀ ਵਾਤਾਵਰਨ ਪ੍ਰੇਮੀ ਸੀਤਾ ਰਾਮ ਬਾਂਸਲ ਅਤੇ ਬਲਵਿੰਦਰ ਕੌਰ ਜੋੜੀ ਨੇ ਆਪਣੇ ਬੇਟੇ ਦਾ ਅੰਤਰਜਾਤੀ ਵਿਆਹ ਗਿਆਰਾਂ ਬਰਾਤੀਆਂ ਨਾਲ, ਬਿਨਾਂ ਦਾਜ਼ ਦਹੇਜ਼, ਬੇਲੋੜੀਆਂ ਰਸਮਾਂ ਨੂੰ ਤਿਲਾਂਜਲੀ ਦਿੰਦਿਆਂ ਸਮਾਜਿਕ ਦਬਾਅ ਤੋਂ ਬੇਪਰਵਾਹ ਹੋ ਕੇ ਕੀਤਾ। ਬਲੜਕੀ ਦੇ ਮਾਪਿਆਂ ਨੂੰ ਘਰ 'ਚ ਵਿਆਹ ਕਰਕੇ ਮੈਰਿਜ ਪੈਲਿਸ ਦੇ ਵੀਹ ਪੱਚੀ ਵਾਧੂ ਖਰਚਿਆਂ ਤੋਂ ਬਚਣ ਲਈ ਕਿਹਾ। ਦੋਵੇਂ ਪਰਿਵਾਰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਵਾਲੇ ਹਨ। ਦੋਹਾਂ ਪਰਿਵਾਰਾਂ ਦੇ ਵਿਆਹ ਲਈ ਕਰਜਾ ਨਹੀਂ ਲਿਆ ਸਗੋਂ ਆਪਸੀ ਸਹਿਮਤੀ ਨਾਲ ਇੱਕ ਦੂਜੇ ਦਾ ਘੱਟ ਤੋਂ ਘੱਟ ਖਟਚਾ ਕਰਵਾਇਆ। ਬੇਲੋੜੇ ਰੀਤੀ ਰਿਵਾਜ਼ਾਂ ਅਤੇ ਖਰਚਿਆਂ ਬਿਨਾਂ ਵੀ ਵਿਆਹ ਕੀਤੇ ਜਾ ਸਕਦੇ ਹਨ। ਇੱਕ ਦਿਨ ਦੀ ਟੌਹਰ ਲਈ ਸਾਰੀ ਜਿੰਦਗੀ ਕਰਜਾ, ਰੋਗ ਅਤੇ ਚਿੰਤਾ 'ਚ ਕੱਟਣ ਨਾਲੋਂ ਲੜਕੇ ਲੜਕੀ ਦੇ ਮਾਪੇ ਇਹ ਤੈਅ ਕਰਨ ਕਿ ਵਿਆਹ 'ਤੇ ਇੱਕ ਦੂਜੇ ਦਾ ਖਰਚਾ ਨਹੀਂ ਕਰਾਉਣਾ। ਦ੍ਰਿੜ ਇਰਾਦੇ ਨਾਲ ਦਾਜ ਦਹੇਜ ਅਤੇ ਹੋਰ ਬੇਲੋੜੇ ਖਰਚਿਆਂ ਤੋਂ ਬਚਿਆ ਜਾ ਸਕਦਾ ਹੈ। ਖੁਸ਼ੀ ਮਨਾਉਣ ਲਈ ਸਮਾਜਸੇਵੀ ਸੰਸਥਾਵਾਂ ਨੂੰ ਦਾਨ ਦਿੱਤਾ ਜਾ ਸਕਦਾ ਹੈ। ਆਪਣੀ ਹੈਂਕੜ ਨੂੰ ਪੱਠੇ ਪਾਉਣ ਲਈ ਅਤੇ ਸਮਾਜ 'ਚ ਧੌਣ ਉੱਚੀ ਕਰਨ ਲਈ ਬੇਲੋੜੇ ਖਰਚੇ ਕਰਕੇ ਕਰਜਾ ਨਾਂ ਲਿਆ ਜਾਵੇ ਤਾਂਕਿ ਕਰਜਾਈ ਹੋ ਕੇ ਖੁਦਕੁਸ਼ੀ ਦੀ ਨੌਬਤ ਨਾਂ ਆਵੇ। ਸਮਾਜ ਨਾਲ ਟੱਕਰ ਲੈਣੀ ਹੈ ਤਾਂ ਔਖੀ ਪਰ ਅਸੰਭਵ ਨਹੀਂ। ਅਸੀਂ ਕਰਕੇ ਦਿਖਾਇਆ।" ਇਹ ਕਹਿਣਾ ਹੈ ਲੜਕੀ ਬਲਜੀਤ ਕੌਰ ਦੇ ਪਿਤਾ ਰਣਜੀਤ ਸਿੰਘ ਰਾਣਾ, ਮਾਤਾ ਜੋਗਿੰਦਰ ਕੌਰ, ਭਰਾ ਮਾਣਕ, ਭਰਜਾਈ ਕਰਮਜੀਤ ਕੌਰ ਤੇ ਭੈਣ ਕਮਲ ਦਾ ਤੇ ਲੜਕੇ ਦੇ ਮਾਪਿਆਂ ਦਾ।

ਸ੍ਰੀ ਮਾਧੋਪੁਰੀ ਨੇ 1992 'ਚ ਆਪ ਵੀ ਬਿਨਾਂ ਦਾਜ ਤੋਂ ਵਿਆਹ ਕਰਾਇਆ ਸੀ।ਪਤਨੀ ਬਲਵਿੰਦਰ ਕੌਰ ਦਾਜ 'ਚ ਆਪਣੀ ਨਿੱਜੀ ਲਾਇਬ੍ਰੇਰੀ ਦੀਆਂ ਸੌ ਦੇ ਕਰੀਬ ਕਿਤਾਬਾਂ ਲਿਆਈ ਸੀ ਜਿਸ ਨਾਲ ਪਰਿਵਾਰ ਦੇ ਬੌਧਿਕ ਵਿਕਾਸ 'ਚ ਵਾਧਾ ਹੋਇਆ।

# ਬਲੂਮਿੰਗ ਬਡਜ਼ ਸਕੂਲ ਵਿੱਚ ਨੈਲਸਨ ਮੰਡੇਲਾ ਦੇ 100ਵੇਂ ਜਨਮ ਦਿਨ ਉੱਤੇ ਦਿੱਤੀ ਸ਼ਰਧਾਂਜਲੀ

**ਮੋਗਾ (ਬਲਰਾਜ ਸੰਘ ਜੱਖੂ)-** ਮੋਗਾ ਸ਼ਹਿਰ ਦੀ ਨਾਮਵਰ ਵਿੱਦਿਅਕ ਸੰਸਥਾ ਬਲੂਮਿੰਗ ਬਡਜ਼ ਵਿੱਚ ਗਰੁੱਪ ਚੇਅਰਮੈਨ ਸ਼੍ਰੀ ਸੰਜੀਵ ਕੁਮਾਰ ਸੈਣੀ ਅਤੇ ਚੇਅਰਪਰਸਨ ਮੈਡਮ ਕਮਲ ਸੈਣੀ ਦੀ ਅਗਵਾਈ ਹੇਠ ਵਿਸ਼ੇਸ਼ ਸਮਾਗਮ ਕਰਵ-ਾਇਆ ਗਿਆ, ਜਿਸ ਵਿੱਚ ਨੈਲਸਨ ਮੰਡੇਲਾ ਦਾ 100ਵਾਂ ਜਨਮ ਦਿਨ ਮਨਾਇਆ ਗਿਆ, ਜਿਸ ਦੌਰਾਨ ਸਕੂਲੀ ਵਿਦਆਰਥੀਆਂ ਨੇ ਕਈ ਪ੍ਰਕਾਰ ਦੇ ਆਰਟੀਕਲ ਅਤੇ ਸਪੀਚ ਪੇਸ਼ ਕਰਦਿਆਂ ਉਨ੍ਹਾਂ ਦੇ ਜੀਵਨ ਉੱਤੇ ਚਾਨਣਾ ਪਾਉਂਦਿਆਂ ਕਿਹਾ ਕਿ ਨੈਲਸਨ ਮੰਡੇਲਾ ਦੱਖਣੀ ਅਫਰੀਕਾ ਦੇ ਪਹਿਲੇ ਅਛਵੇਤ ਰਾਸ਼ਟਰਪਤੀ ਸਨ, ਜਿਨ੍ਹਾਂ ਨੂੰ ਦੂਸਰੇ ਗਾਂਧੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਕਿਉਂਕਿ ਉਹ ਗਾਂਧੀ ਤਰ੍ਹਾਂ ਅਹਿੰਸਾ ਉੱਤੇ ਜਿਆਦਾ ਵਿਸ਼ਵਾਸ਼ ਕਰਦੇ ਸਨ। ਉਨ੍ਹਾਂ ਦਾ ਜਨਮ 18 ਜੁਲਾਈ 1918 ਨੂੰ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਰੋਲਹਿਲਾਹਲਾ ਸੀ। ਆਪ ਦੇ ਮਾਤਾ ਪਿਤਾ ਅਨਪੜ੍ਹ ਸਨ। ਆਪ ਪਰਿਵਾਰ ਵਿੱਚੋਂ ਪਹਿਲੇ ਵਿਅਕਤੀ ਸਨ ਜੋ ਸਕੂਲ ਗਏ। ਆਪ ਇੱਕ ਅਜਿਹੀ ਸ਼ਖਸ਼ੀਅਤ ਸਨ, ਜਿਨ੍ਹਾਂ ਦਾ ਜਨਮਦਿਨ ਨੈਲਸਨ ਮੰਡੇਲਾ ਅੰਤਰਰਾਸ਼ਟਰੀ ਦਿਵਸ ਦੇ ਰੂਪ ਵਿੱਚ ਉਨ੍ਹਾਂ ਦੇ ਜੀਵਨ ਕਾਲ ਵਿੱਚ ਹੀ ਮਨਾਇਆ ਜਾਣ ਲੱਗਾ ਸੀ। ਸੰਯੁਕਤ ਰਾਸ਼ਟਰ ਮਹਾਸਦਿਵ ਬਾਂਟ ਦੀ ਮਨੂ ਨੇ ਕਿਹਾ ਸੀ ਕਿ ਮੰਡੇਲਾ ਸੰਯੁਕਤ ਰਾਸ਼ਟਰ ਦੇ ਉੱਚੇ ਆਦਰਸ਼ਾਂ ਦੇ ਪ੍ਰਤੀਕ ਹਨ। 1993 ਵਿੱਚ ਉਨ੍ਹਾਂ ਨੂੰ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।




ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਹਿਮਾਲਿਆ ਰਾਣੀ ਨੇ ਵਿਦਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਚਾਹੇ ਅੱਜ ਨੈਲਸਨ ਮੰਡੇਲਾ ਸੰਸਾਰ ਵਿੱਚ ਨਹੀਂ ਹਨ ਪਰ ਉਨ੍ਹਾਂ ਦੇ ਤਿਆਗ ਅਤੇ ਸੰਘਰਸ਼ ਦੀ ਮਹਾਂਗਾਥਾ ਪੂਰੀ ਦੁਨੀਆਂ ਨੂੰ ਪ੍ਰੇਰਨਾ ਦੇਣ ਲਈ ਜੀਵਤ ਹਨ।

ਉਨ੍ਹਾਂ ਇਹ ਵੀ ਕਿਹਾ ਕਿ "ਕੋਈ ਵੀ ਦੇਸ਼ ਅਸਲ ਵਿੱਚ ਉਦੋਂ ਤੱਕ ਵਿਕਸਿਤ ਨਹੀਂ ਹੋ ਸਕਦਾ ਜਦੋਂ ਤੱਕ ਉਸਦੇ ਸਾਰੇ ਨਾਗਰਿਕ ਸਿੱਖਿਅਤ ਨਾ ਹੋਣ"। ਇਸ ਮੌਕੇ ਸਮੂਹ ਸਟਾਫ ਅਤੇ ਵਿਦਆਰਥੀ ਹਾਜਰ ਸਨ।

# ਅਸਰੋ ਕੈਨੇਡਾ ਕਰੇਗਾ ਰੋਸ ਮੁਜ਼ਾਹਰਾ

**ਸਰੀ (ਕੈਨੇਡਾ)-** ਭਾਰਤ ਵਿਚ ਮਨੂੰਵਾਦੀ ਲੋਕਾਂ ਵੱਲੋਂ ਬੀਤੇ9 ਅਗਸਤ ਨੂੰ ਜੰਤਰ ਮੰਤਰ ਪਾਰਲੀਮੈਂਟ ਸਟ੍ਰੀਟ ਨਵੀਂ ਦਿੱਲੀ ਵਿਖੇ ਭਾਰਤੀ ਸੰਵਿਧਾਨ ਜਲਾਏ ਜਾਣ ਅਤੇ ਭਾਰਤੀ ਸੰਵਿਧਾਨ ਨਿਰਮਾਤਾ, ਕਰੋੜਾਂ ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਖਿਲਾਫ ਨਾਅਰੇਬਾਜ਼ੀ ਕਰਨ ਦੇ ਵਿਰੁੱਧ ਵਿਚ ਅੰਬੇਦਕਰ ਇੰਟਰਨੈਸ਼ਨਲ ਸੋਸ਼ਲ ਰਿਫਾਰਮ ਆਰਗੇਨਾਈਜੇਸ਼ਨ (ਅਸਰੋ) ਕੈਨੇਡਾ, ਸਰੀ ਦੇ ਹਾਲੈਂਡ ਪਾਰਕ ਵਿਚ 19 ਅਗਸਤ 2018 ਨੂੰ ਸ਼ਾਮੀ 6.30 ਵਜੇ ਰੋਸ ਪ੍ਰਦਰਸ਼ਨ ਕਰੇਗੀ। ਲੋਅਰ ਮੇਨਲੈਂਡ ਦੇ ਬਾਰੇ ਅੰਬੇਦਕਰੀਆਂ ਨੂੰ ਅਪੀਲ ਕੀਤੀ ਗਏ. ਕਿ ਇਸ ਮੁਜ਼ਾਹਰੇ ਵਿਚ ਪਹੁੰਚ ਕੇ ਆਪਣਾ ਰੋਸ ਪ੍ਰਗਟ ਕਰੋ। ਰੋਸ ਮੁਜ਼ਾਹਰੇ ਤੋਂ ਬਾਅਦ ਅਸਰੋ ਕੈਨੇਡਾ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜ ਕੇ ਮੰਗ ਕਰੇਗਾ ਕਿ ਇਸ ਘਿ-ਨੌਣੀ ਘਟਨਾਂ ਦੇ ਜ਼ਿੰਮੇਵਾਰ ਲੋਕਾਂ ਦੇ ਵਿਰੁੱਧ ਸਖਤ ਨੋਟਿਸ ਲੈਂਦਿਆਂ ਦੇਸ਼ ਧਰੋਹ ਦਾ ਕੇਸ ਦਰਜ ਕੀਤਾ ਜਾਵੇ ਤਾਂ ਜੋ ਮੁੜ ਤੋਂ ਕੋਈ ਐਸੀ ਹਰਕਤ ਕਰਨ ਦੀ ਜੁਅਰਤ ਨਾ ਕਰ ਸਕੇ।

# ਨੀਲਮ ਸੈਣੀ ਦੀ ਨਵ ਸੰਪਾਦਿਤ ਪੁਸਤਕ 'ਤੀਆਂ ਤੀਜ ਦੀਆਂ' 18 ਅਗਸਤ 2018 ਨੂੰ ਲੋਕ ਅਰਪਿਤ ਕੀਤੀ ਜਾਵੇਗੀ

ਗੋਲਡਨ ਪੰਜਾਬ ਕਲੱਬ ਯੂ. ਐਸ.ਏ ਵਲੋਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਨੀਲਮ ਸੈਣੀ ਦੀ ਨਵ ਪ੍ਰਕਾਸਿਤ ਪੁਸਤਕ ' ਤੀਆਂ ਤੀਜ ਦੀਆਂ' ਅਗਸਤ 18, 2018 ਦਿਨ ਸ਼ਨੀਵਾਰ ਸਵੇਰ 11:00- 3:00 ਸ਼ਾਮ ਮਹਿਰਾਨ




ਰੈਸਟੋਰੈਂਟ 5774 Mowry School Rd, Newark, CA 94560 ਵਿਖੇ ਲੋਕ ਅਰਪਿਤ ਕੀਤੀ ਜਾਵੇਗੀ ।

ਪ੍ਰੋਗਰਾਮ ਦੇ ਸ਼ੁਰੂ ਵਿਚ ਨੀਲਮ ਸੈਣੀ ਦੀ ਮਾਤਾ ਸ੍ਰੀ ਮਤੀ ਕਮਲਾ ਦੇਵੀ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਉਹ 6 ਅਗਸਤ 2018 ਨੂੰ 82 ਵਰ੍ਹੇ ਉਮਰ ਭੋਗ ਕੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ। ਇਸ ਮੌਕੇ ਪੁਸਤਕ ਵਿਚਾਰ ਚਰਚਾ ਦੇ ਨਾਲ -ਨਲ ਤੀਆਂ ਦੇ ਇਤਿਹਾਸ ਨੂੰ ਰੂਪਮਾਨ ਕਰਦਾ ਹੋਇਆ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਨੀਲਮ ਸੈਣੀ ਦੀ ਪੁਸਤਕ 'ਸਾਡੀਆਂ ਰਸਮਾਂ ਸਾਡੇ ਗੀਤ' ਦਾ ਦੂਜਾ ਐਡੀਸ਼ਨ ਵੀ ਲੋਕ ਅਰਪਿਤ ਕੀਤਾ ਜਾਵੇਗਾ। ਪੋ੍ਗਰਾਮ ਵਿਚ ਸ਼ਾਮਿਲ ਹੋਣ ਲਈ ਸੱਦਾ ਪੱਤਰ ਭੇਜੇ ਜਾ ਚੁੱਕੇ ਹਨ। ਤੁਸੀਂ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਜਾ ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ: ਸਰਬਜੀਤ ਸਿੰਘ ਗਿੱਲ-ਪ੍ਰਧਾਨ ਗੋਲਡਨ ਪੰਜਾਬ ਕਲੱਬ: 510-427-8612, ਤਾਰਾ ਸਿੰਘ ਸਾਗਰ 510-453-5779, ਨੀਲਮ ਸੈਣੀ 510-502-0551

# ਪੱਖੀ ਨੂੰ ਖਾ ਗਏ ਪੱਖੇ, ਪੱਖੇ ਨੂੰ ਕੂਲਰ ਖਾ ਗਿਆ, ਕੀ ਬਣੂਗਾ ਕੂਲਰ ਦਾ, ਜਦ ਠੰਡਾ ਏ ਸੀ ਆ ਗਿਆ

## ਸਾਉਣ ਮਹੀਨੇ ਦਾ ਤਿਉਹਾਰ ਸੈਕੰਡਰੀ ਸਕੂਲ ਭੁੱਲਰ ਵਿਖੇ ਚਾਵਾਂ ਨਾਲ ਮਨਾਇਆ



**ਬਟਾਲਾ (ਬਰਨਾਲ)-** ਪੰਜਾਬੀ, ਪੰਜਾਬ ਤੇ ਪੰਜਾਬੀਅਤ ਦੇ ਹਿੱਤਾਂ ਵਾਸਤੇ ਪੰਜਾਬ ਸਰਕਾਰ ਕੋਈ ਨਾ ਕੋਈ ਸਾਰਥਕ ਉਪਰਾਲਾ ਕਰਦੀ ਹੈ, ਤੇ ਪਰ ਉਹ ਉਪਰਾਲਾ ਤੇ ਨਾਲ ਸਾਡਾ ਪੰਜਾਬ ਦਾ ਸਕੂਲੀ ਸਿਸਟਮ ਭਾਵੇਂ ਪ੍ਰਾਈਵੇਟ ਅਦਾਰਾ ਜਾਂ ਸਰਕਾਰੀ ਅਦਾਰਾ ਹੋਵੇ, ਪੰਜਾਬ ਦੀ ਚੜ੍ਹਦੀ ਕਲਾ ਵਾਸਤੇ ਉਪਰਾਲੇ ਜਾਰੀ ਰਹਿੰਦੇ ਹਨ, ਵਿਦਿਆਰਥੀਆਂ ਨੂੰ ਸਾਉਣ ਮਹੀਨੇ ਦੀ ਮਹੱਤਤਾ ਦੱਸਣ ਤੇ ਵਿਦਿਆਰਥੀਆਂ ਵਿਚ ਸੱਭਿਆਚਾਰ ਦੀ ਭਾਵਨਾਂ ਉਜਾਗਰ ਕਰਨ ਦੇ ਮਕਸਦ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਰ ਵਿਖੇ ਤੀਆਂ ਦਾ ਤਿਉਹਾਰ ਪੂਰੀ ਭਾਵਨਾ ਨਾਲ ਮਨਾਇਆ ਗਿਆ, ਸਕੂਲ ਪ੍ਰਿੰਸੀਪਲ ਰਵਿੰਦਰਪਾਲ ਸਿੰਘ ਚਾਹਲ, ਦੀ ਅਗਵਾਈ ਕਰਵਾਏ ਸਾਉਣ ਮੇਲੇ ਵਿਚ ਸਕੂਲ ਬੱਚੀਆਂ ਨੇ ਬੋਲੀਆਂ ਰਾਰੀ ਪੂਰਾ ਪੰਜਾਬੀ ਸੱਭਿਆਚਾਰ ਦਾ ਮਹੌਲ ਸਿਰਜਿਆ ਤੇ ਪੁਰਾਣੇ ਪੰਜਾਬ ਦੇ ਗਿੱਧੇ ਦੀ ਯਾਦ ਤਾਜ਼ਾ ਕਰਦਿਆਂ ਮਿਡਲ ਵਿੰਗ ਤੋ ਲੈ ਕੇ ਸੈਕੰਡਰੀ ਵਿੰਗ ਦੀਆਂ ਲੜਕੀਆਂ ਨੇ ਗਿੱਧਾ ਪੇਸ਼ ਕੀਤਾ ਤੇ ਪੰਜਾਬੀਆ ਦਾ ਸੱਭਿਆਚਾਰ ਯਾਦ ਕਰਵਾ ਦਿੱਤਾ। ਸਾਉਣ ਮਹੀਨੇ ਦੀਆ ਪੁਰਾਤਨ ਬੋਲੀਆਂ, ਸਾਉਣ ਮਹੀਨਾ ਪਿੱਪਲੀ ਪੀਂਘਾ ਸਈਆਂ ਝੂਟਣ ਆਈਆਂ ਆਦਿ ਬੋਲੀਆਂ ਦੇ ਨਾਲ ਮੌਜੂਦਾ ਦੌਰ ਦੀਆਂ ਬੋਲੀਆਂ ਨੂੰ ਗਾ ਕੇ ਵੱਖਰਾ ਹੀ ਆਨੰਦ ਬੰਨ੍ਹਿਆਂ ਇਸ ਮੌਕੇ ਵਿਦਿਆਰਥੀਆਂ ਵਾਸਤੇ ਮਿੱਠੇ ਚੌਲਾਂ ਦਾ ਲੰਗਰ ਲਗਾਇਆ ਗਿਆ।

ਇਸ ਸਮੁੱਚੇ ਸਾਉਣ ਮਹੀਨੇ ਦੇ ਮੇਲੇ ਨੂੰ ਸਰਕਾਰ ਸੀਨੀਅਰ ਸੈਕੰਡਰੀ ਸਕੂਲ ਭੂਲਰ ਵਿਖੇ ਮਨ-ਾਉਣ ਵਿੱਚ ਲੈਕਚਰਾਰ ਕੰਵਲਪ੍ਰੀਤ ਕੌਰ, ਰਮਿੰਦਰ ਕੌਰ ਮੈਥ ਮਿਸਟ੍ਰੈਸ, ਮਨਇੰਦਰ ਕੌਰ, ਪਰਵਿੰਦਰ ਕੌਰ, ਪੂਜਾ ਭਾਰਤੀ , ਰੇਖਾ ਸਲੋਤਰਾ, ਵੀਨਾ ਕੁਮਾਰੀ , ਨਰੇਸ਼ ਕੁਮਾਰੀ ਰਵਿੰਦਰ ਕੌਰ ਸ ਸ ਮਿਸਟ੍ਰੈਸ, ਸੁਮਨ , ਰਮਨ ਬਾਜਵਾ ਤੋ ਇਲਾਵਾ ਜਤਿੰਦਰ ਬੀਰ ਸਿੰਘ, ਗੁਰਮੀਤ ਸਿੰਘ, ਹਰਜਿੰਦਰ ਸਿੰਘ, ਪਿਆਰਾ ਲਾਲ, ਅਰੁਣ ਕੁਮਾਰ, ਦਵਿੰਦਰ ਸਿੰਘ, ਹਰਦੀਦ ਸਿੰਘ, ਹਰਪ੍ਰੀਤ ਸਿੰਘ, ਰਾਜਵਿੰਦਰ ਪੰਨੂ ਆਦਿ ਸਟਾਫ ਮੈਂਬਰ ਹਾਜਰ ਸਨ। ਸਾਉਣ ਤੇ ਮਹੀਨੇ ਦੌਰਾਨ ਸਕੂਲ ਵਿਖੇ ਲਗਾਏ ਮੇਲੇ ਵਿਚ ਸੁਖਨੀਤ, ਸਮਰਪ੍ਰੀਤ ਆਦਿ ਵਿਦਿਆਰਥੀਆਂ ਨੇ ਗਿੱਧੇ ਦੀਆਂ ਬੋਲੀਆਂ ਪਾਕੇ ਖੂਬ ਰੰਗ ਬੰਨ੍ਹਿਆਂ।

ਸਟੇਜ ਸਕੱਤਰ ਦੀ ਭੂਮਿਕਾ ਪੰਜਾਬੀ ਮਾਸਟਰ ਸ ਦਵਿੰਦਰ ਸਿੰਘ ਨੇ ਬਖ਼ੂਬੀ ਨਾਲ ਨਿਭਾਈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com,
www.ambedkartimes.com

# 15 ਅਗਸਤ ਦੇ ਜਸ਼ਨ ਮਨਾਉਣ ਵਾਲੇ ਸਿੱਖ, 'ਬੌਧਿਕ ਕੰਗਾਲੀ ਵੱਲ ਵੱਧ ਰਹੇ ਹਨ?



ਨਿਸ਼ਾਨ ਸਿੰਘ ਮੂਸੇ
91-98767-30001

14 ਅਗਸਤ ਦੀ ਰਾਤ ਨੂੰ 12 ਵਜੇ ਲਾਲ ਕਿਲੇ ਤੋਂ ਯੂਨੀਅਨ ਯੈਕ ਉਤਾਰ ਕਿ ਤਿਰੰਗਾ ਲਾ ਦਿੱਤਾ ਗਿਆ। ਜਿਹੜਾ 15 ਅਗਸਤ ਦਾ ਦਿਨ ਚੜਿਆ ਉਹ ਭਾਰਤੀ ਬੁਹ-ਗਿਣਤੀ ਲਈ ਵਿਸ਼ੇਸ਼ ਸੀ। ਕਿਉਂਕਿ ਸਦੀਆਂ ਦੀ ਗੁਲਾਮੀ ਹੰਡਾਅ ਰਹੀ ਹਿੰਦੂ ਕੌਮ ਅੱਜ ਮੁਫਤ ਵਿੱਚ ਦੇਸ਼ ਦੀ ਮਾਲਕਣ ਬਣ ਬੈਠੀ ਸੀ। ਜਿੱਥੇ ਇੱਕ ਬੰਨੇ ਪੰਦਰਾਂ ਅਗਸਤ ਦੇ ਜਸ਼ਨ ਮੰਨਾਏ ਜਾ ਰਹੇ ਸਨ। ਉਹਨਾਂ ਜਸ਼ਨਾਂ ਦੇ ਸ਼ੋਰ ਸ਼ਰਾਬੇ ਵਿੱਚ ਸਿੱਖ ਕੌਮ ਆਪਣੀ ਧੌਣ ਨੂੰ ਮਾਲਸ਼ ਕਰ, ਨਵੀਂ ਨਿਕੋਰ ਰਾਜਸੀ ਗੁਲਾਮੀ ਦੇ ਜੂਲੇ ਵਿੱਚ ਆਪਣਾ ਸਿਰ ਫਸਾਉਣ ਲਈ ਤੱਗੜੀ ਹੋ ਰਹੀ ਸੀ। ਸਿਰਫ ਕੁਝ ਸਾਲ ਪਹਿਲਾ ਬਾਦਸ਼ਾਹ ਰਹੀ ਕੌਮ ਗੁਲਾਮ ਹੋ ਰਹੀ ਸੀ, ਅਤੇ ਸਦੀਆਂ ਤੋਂ ਗੁਲਾਮੀ ਹੰਢਾਅ ਰਹੀ ਕੌਮ ਜਿਸ ਨੂੰ ਗੁਲਾਮੀ ਦਾ ਕਨ ਵੀ ਪੈ ਚੁੱਕਾ ਸੀ ਤੇ ਜਿਸਨੇ ਅਜ਼ਾਦੀ ਦੀ ਆਸ ਵੀ ਡੂੰਗੇ ਟੋਏ ਵਿੱਚ ਦੱਬ ਦਿੱਤੀ ਸੀ । ਅੱਜ ਉਹ ਕੌਮ ਤਾਜ-ਦਾਰ ਹੋ ਰਹੀ ਸੀ । ਅਜ਼ਾਦੀ ਤੋਂ ਤੁਰੰਤ ਬਾਅਦ ਪੰਡਤ ਜਵਾਹਰ ਲਾਲ ਨਹਿਰੂ ਨੇ ਆਪਣੇ ਭਾਸ਼ਣ ਦੌਰਾਨ ਇਹ ਗੱਲ ਆਖੀ ਸੀ ਕਿ ਅੱਜ ਵਰਗੀ ਤਬਦੀਲੀ ਤਾਂ ਭਾਗਾਂ ਵਾਲਿਆਂ ਦੇ ਹਿੱਸੇ ਆਉਂਦੀ ਹੈ । ਇਹ ਗੱਲ ਪੰਡਤ ਜੀ ਦੀ ਸੋਲਾਂ ਆਨੇ ਸੱਚੀ ਸੀ । 15 ਅਗਸਤ 1947 ਨੂੰ ਕੁਝ ਭਾਰਤੀਆਂ ਨੂੰ ਤਾਂ ਮਹਿਮਾਨਾਂ ਦੀ ਤਰਾਂ ਜੇਲਾਂ ਵਿੱਚ ਰੱਖਿਆ ਸੀ, ਕਿਸੇ ਨੂੰ ਆਲੀਸ਼ਾਨ ਕੋਠੀ ਵਿੱਚ ਹੀ ਵੰਨ ਸਵੰਨੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਸਨ ਅਤੇ ਕਿਸੇ ਦੀ ਬੱਕਰੀ ਵੀ ਸੋਨੇ ਦੇ ਵਰਕ, ਕਾਜੂ, ਬਦਾਮ ਚੱਬ ਕਿ ਅਜ਼ਾਦੀ ਦੇ ਜਸ਼ਨ ਵਿੱਚ ਹਿੱਸਾ ਪਾ ਰਹੀ ਸੀ, ਤੇ ਕਈ ਵਿਚਾਰੇ ਭੁੱਖੇ ਤ੍ਰਿਹਾਏ ਮਣ, ਮਣ, ਲੋਹਾ ਚੁੱਕੀ ਕਾਲੇ ਪਾਣੀ ਦੀਆਂ ਜੇਲਾਂ ਵਿੱਚ ਜਿੰਦਗੀ ਤੇ ਮੌਤ ਦੇ ਵਿਚਾਕਾਰ ਲਟਕ ਦੇ ਹੋਏ ਵੀ ਫਰੰਗੀਆਂ ਨੂੰ ਸਬਕ ਸਿਖਾਉਂਣ ਦੀ ਸੋਚ ਰਹੇ ਸਨ । ਇੱਕ ਬੰਨੇ ਭਾਰਤ ਵਿੱਚ ਇਨਕਲਾਬ ਲਿਆਉਣ ਵਾਲੇ ਵੀਰ ਸਪੂਤ ਜੇਲਾਂ ਵਿੱਚ ਡੱਕੇ ਸਨ । ਦੂਜੇ ਬੰਨੇ ਬਰਤਾਨੀਆਂ ਹਕੂਮਤ ਆਪਣੇ ਚਿਹੇਤਿਆਂ ਨੂੰ ਅਜ਼ਾਦੀ ਦਾ ਮੁਕਟ ਪਾ ਰਹੀ ਸੀ, ਜਿਨਾਂ ਚਿਰ ਨਹਿਰੂ ਸਰਕਾਰ ਆਪਣੀਆਂ ਕੁਰਸੀਆਂ ਤੇ ਪੂਰੀ ਤਰਾਂ ਕਾਬਜ ਨਹੀਂ ਹੋ ਸਕੀ, ਉਹਨਾਂ ਚਿਰ ਅਜ਼ਾਦੀ ਘੁਲਾਟੀਏ ਜੇਲਾਂ ਵਿੱਚ ਹੀ ਡੱਕੇ ਰਹੇ, 'ਤਾਂ ਹੀ ਨਹਿਰੂ ਦੀ ਭਾਗਾਂ ਵਾਲੀ ਗੱਲ ਫਿੱਟ ਬੈਠਦੀ ਸੀ । ਸਭ ਤੋਂ ਵੱਧ ਅਜ਼ਾਦੀ ਲਈ ਕਰਬਾਨੀਆਂ ਸਿੱਖ ਕੌਮ ਨੇ ਕੀਤੀਆਂ, ਉਸ ਵੇਲੇ ਬਹੁਤਾਂਤ ਦਾ ਮੰਨਣਾ ਸੀ, ਕਿ ਜੇਕਰ ਭਾਰਤ ਦੀ ਬਰੂਹਾਂ ਤੇ ਅਜ਼ਾਦੀ ਆਈ ਹੈ, ਉਸਦਾ ਕਾਰਨ ਸਿਰਫ ਇੱਕੋ ਇੱਕ ਹੈ, 'ਉਹ ਹੈ ਸਿੱਖ ਕੌਮ । ਜਿਨੇ ਵੀ ਅਜ਼ਾਦੀ ਲਿਆਉਣ ਵਾਲੇ ਸੂਰਮੇ ਸਨ, ਉਹ ਇਹ ਗੱਲ ਸੋਚਦੇ ਸੀ, ਕਿ ਅਜ਼ਾਦੀ ਤੋਂ ਬਾਅਦ ਇੱਕ ਐਸੀ ਸਰਕਾਰ ਦਾ ਗਠਨ ਕੀਤਾ ਜਾਏ, 'ਜੋ ਸਭ ਦੀ ਜਾਨ ਮਾਲ ਦੀ ਰਾਖੀ ਕਰੇ, ਬੋਲੀਆਂ ਦੇ ਅਧਾਰ ਤੇ ਖਿੱਤੇ ਵੰਡ ਹੋਵੇ, ਕਿਸੇ ਦੇ ਵੀ ਵਿਚਾਰਧਾਰਾ, ਧਰਮ, ਵਿੱਚ ਸਰਕਾਰ ਦੀ ਕੋਈ ਦਖਲ ਅੰਦਾਜੀ ਨਾ ਹੋਵੇ, ਇਹਨਾਂ ਵਿਚਾਰਾਂ ਨੂੰ ਹੀ ਪੰਡਤ ਨਹਿਰੂ ਨੇ ਸਰਕਾਰ ਦੀ ਕਸਮ ਵੇਲੇ ਕਾਪੀ ਕੀਤਾ ਅਤੇ ਸਰਕਾਰ ਬਣਾਉਣ ਸਮੇਂ ਇਹ ਸਾਰੇ ਪ੍ਰਣ ਕੀਤੇ ਜੋ ਅਜ਼ਾਦੀ ਘੁਲਾਟੀਆਂ ਦੀ ਦਿਲੀ ਤਮੰਨਾ ਸੀ ।

ਪਰ ਸਰਕਾਰ ਗਠਤ ਹੋਣ ਤੋਂ ਬਾਅਦ ਇਹ ਸਾਰੇ ਵਾਅਦੇ ਫਿੱਕੇ ਪੈ ਗਏ ਕੋਟ ਪੈਂਟ ਦੀ ਥਾਂ ਤੇ ਭੀੜੀ ਪਜਾਮੀ ਵਾਲਾ ਕੁੜਤਾ ਤੇ ਟਾਈ ਦੀ ਥਾਂ ਤੇ ਨਹਿਰੂ ਜੈਕਟ ਆ ਗਈ ਅਤੇ ਟੋਪ ਦੀ ਥਾਂ ਤੇ ਨੋਕ ਦਾਰ ਟੋਪੀ । ਇਹ ਕੱਪੜੇ ਲੋਕਤੰਤਰ ਦੇ ਕਾਂਗਰਸੀ ਲੀਡਰਾਂ ਦਾ ਉਹ ਬਾਣਾ ਸੀ, 'ਜਿਸ ਨੂੰ ਪਹਿਨ ਕਿ ਲੀਡਰ ਬਾਹਰਲੀ ਦਿੱਖ ਤੋਂ ਪੂਰੇ ਇਮਾਨਦਾਰ ਲੱਗਦੇ ਸਨ । ਪਰ ਕਾਂਗਰਸੀ ਲੀਡਰਾਂ ਨੇ ਇਹਨਾਂ ਕੱਪੜਿਆਂ ਨਾਲ ਦੇਸ਼ ਦੀ ਜਨਤਾਂ ਨੂੰ ਮਹਾਂ ਮੂਰਖ, ਬਣਾਉਣ ਹੇਰਾ ਫੇਰੀ, ਲੁੱਟ ਖਸੁੱਟ, ਧਾਂਦਲੀਆਂ ਕਰਨ ਲਈ ਇੱਕ ਸਰਕਾਰੀ ਪਰਮਿੰਟ ਦੀ ਤਰਾਂ ਵਰਤਿਆ। ਭਾਰਤ ਵਿੱਚ ਦਲਤ, ਘੱਟ ਗਿਣਤੀਆਂ, ਨੂੰ ਦੱਬਣ ਕੁੱਚਲਣ ਉਹਨਾਂ ਦੇ ਜਮਹੂਰੀ ਹੱਕਾਂ ਤੇ ਤਕਰੀਬਨ ਸੈਂਸਰ ਸ਼ਿੱਪ ਮੜ੍ਹ ਦਿੱਤੀ ਗਈ, ਤੇ ਸਿੱਖ ਕੌਮ ਨੂੰ ਉਚੇਚੇ ਤੌਰ ਤੇ ਸਬਕ ਸਿਖਾਉਣ ਲਈ ਸਰਕਾਰ ਵੱਲੋਂ ਹਰ ਸੰਭਵ ਕੋਸ਼ਿਸ ਪਰਾਅਰੰਭ ਕਰ ਦਿੱਤੀ ਗਈ ਪਹਿਲੀ ਮਿਸਾਲ, 'ਤਕਰੀਬਨ ਸਾਰੇ ਸੂਬੇ ਬੋਲੀਆਂ ਦੇ ਅਧਾਰ ਤੇ ਵੰਡ ਦਿੱਤੇ ਗਏ ਜਦੋਂ ਪੰਜਾਬੀ ਸੂਬਾ ਬਣਾਉਣ ਦੀ ਗੱਲ ਆਈ ਨਹਿਰੂ, ਤੇ ਪਟੇਲ ਨੂੰ ਦੰਦਣ ਪੈ ਗਈ । ਸਿੱਖਾਂ ਨੂੰ ਪੰਜਾਬੀ ਸੂਬਾ ਤਾਂ ਕੀ ਦੇਣਾ ਸੀ ਸਗੋਂ ਕਿਰਪਾਨ ਉੱਤੇ ਵੀ ਪਾਬੰਦੀ ਲਾ ਦਿੱਤੀ ਗਈ।

ਅਜ਼ਾਦੀ ਤੋਂ ਪਹਿਲਾ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਦਿੱਲੀ ਚਾਂਦਨੀ ਚੌਕ ਗੁਰਦਵਾਰੇ ਵਿੱਚ ਆਪਣੇ ਭਾਸ਼ਣ ਵਿੱਚ ਇੱਕ ਅਜਿਹਾ ਝੂਠ ਬੋਲਿਆਂ, 'ਜਿਸਦਾ ਸਿੱਖਾਂ ਦੀ ਮਾਨਸਿਕਤਾ ਤੇ ਗਹਿਰਾ ਅਸਰ ਪਿਆ, 'ਤੇ ਸਿੱਖ ਅੱਖਾਂ ਮੁੰਧ ਕਿ ਵਿਸ਼ਾਵਾਸ ਕਰ ਬੈਠੇ । ਗਾਂਧੀ ਜੀ ਕਹਿਣ ਲੱਗੇ ਭਾਰਤ ਵਿੱਚ ਸਿੱਖਾਂ ਨਾਲ ਪੂਰਾ ਇਨਸਾਫ ਹੋਵੇਗਾ ਇਹਨਾਂ ਦਾ ਆਪਣਾ ਖਿੱਤਾ ਹੋਵੇਗਾ, ਜਿੱਥੇ ਆਪਣੇ ਧਰਮ ਦੀ ਵਿੱਧੀ ਉਨਸਾਰ ਧਰਮ ਨੂੰ ਮੰਨਣ ਦੀ ਪੂਰਨ ਅਜ਼ਾਦੀ ਅਤੇ ਖਿੱਤੇ ਅੰਦਰ ਖੁਦਮੁਖਤਿਆਰੀ ਸਿੱਖਾਂ ਦੀ ਹੋਵੇਗੀ । ਜੇਕਰ ਕਾਂਗਰਸ ਇਹਨਾਂ ਨਾਲ ਵਿਥਕਰਾ ਕਰੇਗੀ ਤਾਂ ਸਿੱਖਾਂ ਕੋਲ ਆਪਣੇ ਹੱਕ ਲੈਣ ਲਈ ਕਿਰਪਾਨ ਹੈ, ਇੱਕ ਆਹਿੰਸਾ ਦਾ ਪੁਜਾਰੀ ਕਿਰਪਾਨ ਦੀ ਗੱਲ ਕਰਦਾ ਹੈ, 'ਤਾਂ ਸਿੱਖਾ ਨੂੰ ਮਾਮਲਾ ਸਮਝ ਜਾਣਾ ਚਾਹੀਦਾ ਸੀ । ਪਰ ਸਾਡੀ ਕੌਮ ਦੀ ਢਲਿਆਈ ਅਤੇ ਲਚਕੀਲੀ ਗੱਲ ਹੀ ਇਹ ਹੈ, ਜੇ ਕਿਸੇ ਨੇ ਸਾਡੀ ਸਿਫਤ ਵਿੱਚ ਚਾਰ ਬੋਲ ਦਿੱਤੇ ਅਸੀਂ ਫੁੱਲ ਕਿ ਪਹਾੜ ਹੋ ਗਏ। ਉਸ ਦਿਨ ਵੀ ਗਾਂਧੀ ਦੀ ਲੱਛੇਦਾਰ ਗੱਲਾਂ ਸੁਣ ਕੇ ਸਿੱਖਾਂ ਨੇ ਇਹਨੇ ਕੁ, ਜਕਾਰੇ ਲਾਏ ਅਤੇ ਗਾਂਧੀ ਦੇ ਅਸਲ ਮਨੋਰਥ ਦਾ ਪਤਾ ਹੀ ਨਹੀਂ ਲੱਗ ਸਕਿਆ ।

ਅਜ਼ਾਦੀ ਤੋਂ ਬਾਅਦ ਗਾਂਧੀ, ਨਹਿਰੂ, ਜਾਂ ਹੋਰ ਹਿੰਦੂਆਂ ਨੇ ਜਿੰਨੇ ਵੀ ਵਾਅਧੇ ਕੀਤੇ ਸੀ । ਸਾਰੇ ਹਵਾ ਹਵਾਈ ਕਰ ਦਿੱਤੇ ਜਿਸ ਵੇਲੇ ਗੱਲ ਕਿਰਪਾਨ ਤੇ ਪਾਬੰਦੀ ਦੀ ਆਈ ਤਾਂ ਮਾਸਟਰ ਤਾਰਾ ਸਿੰਘ ਨੇ ਬੜੇ ਜੋਸ਼ ਨਾਲ ਦਿੱਲੀ ਵੱਲ ਨੂੰ ਕੂਚ ਕੀਤਾ ਤਾਂ ਮਾਸਟਰ ਜੀ ਨੂੰ ਰਸਤੇ ਵਿੱਚ ਹੀ ਗ੍ਰਿਫਤਾਰ ਕਰ ਲਿਆ ਗਿਆ । ਜੱਦੋਂ ਨਹਿਰੂ, ਪਟੇਲ ਨਾਲ ਮਾਸਟਰ ਜੀ ਨੇ ਮੁਲਾਕਾਤ ਕਰ ਕਿ ਵਾਅਦੇ ਯਾਦ ਕਰਵਾਏ ਤਾਂ ਅੱਗਿਉ ਜਵਾਬ ਮਿਲਿਆ, 'ਕਿ ਅਬ ਵਕਤ ਬਦਲ ਚੁੱਕਾ ਹੈ । ਉਸ ਦਿਨ ਮਾਸਟਰ ਜੀ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਬਰਤਾਨਵੀ ਗੁਲਾਮੀ ਵਿੱਚੋਂ ਅਜ਼ਾਦ ਹੋ ਰਹੀ ਸਿੱਖ ਕੌਮ ਨੂੰ ਭਾਰਤ ਦੀ ਰਾਜਸੀ ਗੁਲਾਮੀ ਵਿੱਚ ਅਸੀਂ ਆਪਣੇ ਹੱਥੀ ਆਪ ਹੀ ਜਕੜ ਦਿੱਤਾ, ਮਾਸਟਰ ਜੀ ਨੂੰ ਸ਼ਾਇਦ ਇਹ ਬੋਲ ਆਪ ਮੁਹਾਰੇ ਚੇਤੇ ਆ ਗਏ ਹੋਣ, ਵਾਹ ਭਈ ਸਿਖੋ ਤੁਮ ਲੋਗੋਂ ਨੇ ਇਤਿਹਾਸ ਸੇ ਕਭੀ ਨਹੀਂ ਕੁੱਝ ਸੀਖਾ, ਹਮਾਰੇ ਬਜ਼ੁਰਗ ਆਟੇ ਕੀ ਬਣਾਈ ਗਊ ਕੀ ਖਾਈ ਹੂਈ ਕਸਮੇ ਤੋੜ ਦੇਨੇ ਮੈਂ ਮਾਹਰ ਥੇ , ਹਮ ਨੇ ਤੋਂ ਸਿਰਫ ਬਾਤੋਂ ਕੇ ਗੁਲਗੁਲੇ ਪਕਾਏ ਥੇ, ਤੁਮ ਉਨ ਬਾਤੋਂ ਪਰ ਇਤਮਾਦ ਲੇ ਆਏ, ਤੋ ਹਮਾਰਾ ਕਿਆ ਕਸੂਰ।

### ਅਜ਼ਾਦੀ ਦਿਵਸ ਮਨਾਉਣ ਵਾਲੇ ਸਿੱਖ, ਹੇਠਲੇ ਸਵਾਲਾਂ ਦੇ ਜਵਾਬ ਜਰੂਰ ਦੇਣ

ਚਲੋ ਇਹ ਗੱਲ ਠੀਕ ਹੈ, 'ਜਿਸਨੂੰ ਅਜ਼ਾਦੀ ਮਿਲੀ ਉਹ ਮਨਾਂ ਸਕਦਾ ਹੈ, ਪਰ ਜਿਸਨੂੰ ਮਿਲੀ ਹੀ ਨਹੀਂ ਉਸ ਨੇ ਕੀ ਮਨਾਉਣੀ ਅਤੇ ਉਹ ਅਜ਼ਾਦੀ ਬਾਰੇ ਦਸ ਵੀ ਕੀ ਸਕਦਾ ਹੈ । ਪਰ ਸਿੱਖ ਕੌਮ ਕਿਸ ਅਜ਼ਾਦੀ ਦੀ ਖੁੱਸ਼ੀ ਮਨਾਂ ਰਹੀ ਹੈ । ਕੁੱਝ ਅਜ਼ਾਦੀ ਮਨਾਉਣ ਵਾਲਿਆਂ ਨਾਲ ਜੀ ਕਰਦਾ ਹੈ, 'ਕਿ ਦਿਲ ਦੀਆਂ ਗੱਲਾਂ ਕਰਾਂ, ਜੱਦੋਂ ਦੇਸ਼ ਅਜ਼ਾਦ ਹੋਇਆ ਸੀ ਸਿੱਖ ਕੌਮ ਦਾ ਤਾਂ ਦਿਲ ਉਸ ਵੇਲੇ ਹੀ ਪਾਟ ਗਿਆ ਸੀ । ਪ੍ਰਾਣਾਂ ਤੋਂ ਪਿਆਰੇ ਬਾਬੇ ਨਾਨਕ ਜੀ ਅਤੇ ਹੋਰ ਬਿਅੰਤ ਇਤਿਹਾਸਕ ਅਸਥਾਨ ਪਾਕਿਸਤਾਨ ਵਿੱਚ ਰਹਿ ਗਏ ਜਿੰਨਾ ਦੀ ਅਰਦਾਸ ਹਰ ਸਿੱਖ ਦਿਨ ਵਿੱਚ ਘੱਟੋ ਘੱਟ ਦੋ ਵਾਰ ਤਾਂ ਜਰੂਰ ਹੀ ਕਰਦਾ ਹੈ, ਕੀ ਸਿੱਖ ਕੌਮ ਉਹਨਾਂ ਅਸਥਾਨਾਂ ਤੋਂ ਸਦੀਵੀਂ ਲਈ ਵਿਛੜਨ ਅਤੇ ਅੱਧੀ ਰਾਤ ਆਪਣੇ ਵਤਨ ਦੇ ਹੋਏ ਦੋ ਟੋਟਿਆ ਨੂੰ ਅਜ਼ਾਦੀ ਦਿਹਾੜਾ ਕਹਿੰਦੇ ਹੋ, ਜਰਾ ਹੋਸ਼ ਕਰੋ? ਜੱਦੋਂ ਭਾਰਤ ਅਜ਼ਾਦ ਹੋਇਆ ਸੀ ਪੰਜਾਬ ਦੀ ਸਰ ਜਮੀਨ ਵੀ ਵੰਡੀ ਗਈ ਸੀ, ਸਾਡੇ ਸਾਕ ਸਬੰਧੀ ਰਿਸ਼ਤੇ ਨਾਤੇ ਕੱਚ ਵਾਂਗੂ ਚੂਰ ਹੋਏ, ਜਿਵੇਂ ਘਰ ਵਿੱਚ ਇੱਕੋ ਮਾਂ ਦੇ ਜਾਏ ਇੱਕ ਦੂਸਰੇ ਨਾਲ ਅੱਡ ਹੰਦੇ ਹੋਏ ਸਦਾ ਲਈ ਵਿਛੜ ਜਾਂਦੇ ਹਨ, ਕੀ ਸਿੱਖ ਕੌਮ ਉਹਨਾਂ ਭਰਾਵਾਂ ਤੋਂ ਵਿਛੜਨ ਅਤੇ ਲਾਹਿੰਦੇ ਪੰਜਾਬ ਨੂੰ ਸਦਾ ਲਈ ਗਵਾਉਣ ਨੂੰ ਅਜ਼ਾਦੀ ਮੁਬਾਰਕ ਕਹਿੰਦੇ ਹੋ ਤਾਂ ਮੈਂ ਇਹਨਾਂ ਜਸ਼ਨਾ ਵਿੱਚ ਤੁਹਾਡਾ ਭਾਈ ਵਾਲ ਨਹੀਂ? ਜਿਹੜਾਂ ਇੱਕ ਲੱਖ ਪੰਜਤਾਲੀ ਹਜਾਰ ਮੁਰੱਬਾ ਮੀਲ ਰਾਜ ਭਾਗ ਖਾਲਸੇ ਪੰਥ ਨੇ ਆਪਣਾ ਲਹੂ ਡੋਲ ਕੇ ਕਾਇਮ ਕੀਤਾ ਸੀ, 'ਉਸ ਰਾਜ ਭਾਗ ਦਾ ਚੌਥਾਂ ਹਿੱਸਾ ਵੀ ਸਿੱਖਾਂ ਨੂੰ ਨਹੀਂ ਮਿਲਿਆ, ਜਿਹੜਾ ਮਿਲਿਆ ਉਹ ਵੀ ਸ਼ਘੰਰਸ਼ ਕਰ ਕਿ ਅਤੇ ਉਸ ਚ, ਵੀ ਤੁਹਾਡੀ ਖੁਦਮੁੱਖਤਿਆਰੀ ਨਹੀਂ, ਤੇ ਉਹ ਸੂਬਾ ਵੀ ਦੋ ਭਸ਼ਾਈ, ਜੇਕਰ ਇਹਨਾਂ ਦਾ ਜਸ਼ਨ ਮਨਾ ਰਹੇ ਹੋ ਤਾਂ ਮੈਂ ਤੁਹਾਡਾ ਹਮਵਤਨ ਨਹੀਂ? ਪੰਜ ਦਰਿਆਵੀ ਸੂਬਾ ਪੰਜਾਬ, ਜਿਸਦੇ ਢਾਈ ਦਰਿਆ ਅਜ਼ਾਦੀ ਦੇ ਨਾਮ ਤੇ ਸਾਡੇ ਤੋਂ ਖੁੱਸ ਗਏ ਅਤੇ ਸਦਾ ਲਈ ਚੱੜਦੇ ਪੰਜਾਬ ਦੀ ਸਰ ਜਮੀਨ ਪਾਣੀਓ ਰੰਡੀ ਹੋ ਗਈ, ਕੀ ਸਿੱਖ ਬੰਜਰ ਹੋਈ ਜ਼ਮੀਨ ਨੂੰ ਅਜ਼ਾਦੀ ਕਹਿ ਰਹੇ ਹਨ? ਜਿਹੜੇ ਦਿਨਾਂ ਵਿੱਚ ਭਾਰਤ ਨੂੰ ਅਜ਼ਾਦੀ ਮਿਲੀ ਸੀ । ਓਹਨਾਂ ਦਿਨਾਂ ਅੰਦਰ ਹਜਾਰਾਂ ਨਹੀਂ ਸਗੋਂ ਲੱਖਾਂ ਲੋਕ ਬੇ-ਘਰ ਹੋਏ ਸਨ।

ਚੱੜਦੇ ਅਤੇ ਲਾਹਿੰਦੇ ਪੰਜਾਬ ਦੀਆਂ ਧੀਆਂ ਭੈਣਾਂ ਇੱਜਤੋਂ ਆਬਰੂ ਹੋਈਆਂ ਸਨ, 'ਕੀ ਉਹ ਜ਼ਖਮ ਇਹਨੇ ਘੱਟ ਸਨ ਕੇ ਅਜ਼ਾਦੀ ਦੇ ਜਸ਼ਨਾਂ ਥੱਲੇ ਦਬ ਗਏ? ਚਲੋ ਜੇ ਭਾਰਤ ਦੀ ਬਹੁ-ਗਿਣਤੀ ਅਜ਼ਾਦ ਵੀ ਹੋਈ ਉਸਨੇ ਪੰਜਾਬ ਨਾਲ ਕੀ ਕੀਤਾਂ । ਕੀ 90% ਅਜਾਦੀ ਵਿੱਚ ਕੁਰਬਾਨੀਆਂ ਦੇਣ ਵਾਲੀ ਕੌਮ ਦੇ ਵਾਅਦੇ ਵਫਾਂ ਹੋਏ? ਕੀ ਸਿੱਖਾਂ ਨੂੰ ਖੁਦਮੁਖਤਿਆਰ ਸੂਬਾ ਅਜ਼ਾਦੀ ਤੋਂ ਬਾਅਦ ਉਸ ਵੇਲੇ ਹੀ ਮਿਲ ਗਿਆ, ਕਿ ਖੁਦ ਮੁਖਤਿਆਰੀ ਨੂੰ ਸਿੱਖ ਅੱਜ ਤੱਕ ਰੋ ਰਹੇ ਹਨ । ਕੀ ਪੰਜਾਬ ਕੋਲ ਉਹ ਸਾਰੇ ਇਲਾਕੇ ਹਨ ਜਿਹੜੇ ਪੰਜਾਬੀ ਬੋਲਦੇ ਹਨ ਅਤੇ ਜਿਹੜੇ ਕਦੀ ਸਿੱਖ ਕੌਮ ਦੀ ਨਿੱਜੀ ਮਲਕੀਅਤ ਰਹੇ ਸਨ । ਕੀ ਪੰਜਾਬ ਦੇ ਬੱਚਦੇ ਢਾਈ ਦਰਿਆਵਾਂ ਦਾ ਪਾਣੀ ਪੰਜਾਬ ਕੋਲ ਮਹਿਫੂਜ ਹੈ? ਕੀ ਵਾਕਿਆ ਹੀ ਪੰਜਾਬ ਅੰਦਰ ਪੰਜਾਬੀਆਂ ਦੀ ਮਾਤ ਭਾਸ਼ਾਂ ਪੰਜਾਬੀ ਦਾ ਬੋਲ ਬਾਲਾ ਹੈ ? ਕੀ ਸਿੱਖ ਕੌਮ ਭਾਰਤ ਅੰਦਰ ਅਜ਼ਾਦ ਹੈ? ਕੀ 1984 ਵਿੱਚ ਸਿੱਖ ਕੌਮ ਦੀ ਹੋਈ ਨਸ਼ਲਕੁਸ਼ੀ ਭਾਰਤ ਵਿੱਚ ਵੱਸਦੀ ਘੱਟ ਗਿਣਤੀ ਸਿੱਖ ਕੌਮ ਨੂੰ ਭਾਰਤ ਵਿੱਚੋਂ ਖਤਮ ਕਰਨ ਦੀ ਸਾਜਿਸ਼ ਨਹੀਂ ਸੀ । ਜੇਕਰ ਸਿੱਖ ਇਹਨਾਂ ਗੱਲਾਂ ਨੂੰ ਨਕਾਰਦੇ ਹਨ ਤਾਂ ਮੈਂ ਤੁਹਾਡੀਆਂ ਖੁਸ਼ੀਆਂ ਵਿੱਚ ਬਿਲਕੁਲ ਵੀ ਸ਼ਾਮਲ ਨਹੀਂ? ਕੀ ਅੱਜ ਹਿੱਕਾਂ ਚੌੜੀਆਂ ਕਰਕੇ ਅਜ਼ਾਦੀ ਦਿਵਸ ਦੇ ਨਾਹਰੇ ਠੋਕਣ ਵਾਲੇ ਸਿੱਖ ਇਹ ਗੱਲ ਮੰਨਦੇ ਹਨ, ਕਿ ਅਸੀਂ ਭਾਰਤ ਅੰਦਰ ਅਜਾਦ ਹਾਂ? ਜੇ ਹਾਂ ਤਾਂ ਫਿਰ ਇਹਨਾਂ ਸਵਾਲਾਂ ਦੇ ਜਵਾਬ ਅੱਤ ਲਾਜਮੀ ਬੱਣਦੇ ਹਨ ? ਕੀ 1984 ਵਿੱਚ ਸਿੱਖ ਕੌਮ ਦੀ ਹੋਈ ਨਸ਼ਲਕੁਸ਼ੀ ਅੰਦਰ ਭਾਰਤੀ ਨਿਜਾਮ ਨੇ ਕਿੰਨੇ ਜਾਣਿਆ ਨੂੰ ਫਾਹੇ ਟੰਗਿਆਂ ਹੈ? ਕੀ ਸਿੱਖ ਕੌਮ ਦੀਆਂ ਧੀਆਂ ਨੂੰ ਸਰੇਬਜਾਰ ਬੇਪੱਤ ਕਰਨ ਵਾਲਿਆਂ ਨੂੰ ਭਾਰਤੀ ਨਿਜਾਮ ਸਜਾ ਦੇ ਚੁੱਕਾ ਹੈ? ਕੀ ਪੰਜਾਬ ਅੰਦਰ ਚੱਲਦੇ ਧਰਮ ਯੁੱਧ ਮੋਰਚੇ ਵਿੱਚ ਭਾਰਤੀ ਤਾਕਤਾਂ ਦੀ ਗੁੰਡਾਂਗਰਦੀ ਅਤੇ ਹਜਾਰਾ ਬੇਦੋਸ਼ੇ ਸਿੱਖਾਂ ਦੇ ਕਾਤਲਾਂ ਨੂੰ ਸਜਾ ਮਿਲ ਚੁੱਕੀ ਹੈ ? ਕੀ 1955 ਅਤੇ 1984 ਵੇਲੇ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਪ੍ਰਕਰਮਾ ਵਿੱਚ ਭਾਰਤੀ ਹਕੂਮਤ ਦੇ ਆਖੇ ਲੱਗ ਭਾਰਤੀ ਫੌਜ ਵੱਲੋਂ ਕੀਤੀ ਬੇਅਦਬੀ ਦੀ ਸਜਾ ਫੌਜੀਆਂ ਨੂੰ ਮਿੱਲ ਚੁੱਕੀ ਹੈ ? ਸਿੱਖ ਕੌਮ ਦੀ ਆਨ ਸ਼ਾਨ ਜਾਨ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਢਹਿ-ਢੇਰੀ ਕੀਤਾ ਗਿਆ, 'ਕੀ ਭਾਰਤੀ ਸਰਕਾਰ ਇਸ ਉਪਰ ਮਾਫੀ ਮੰਗ ਚੁੱਕਾ ਹੈ ? ਏਥੇ ਗੌਰਤਲਬ ਹੈ ਕੇ ਬੀਤੇ ਦੋ ਕੁ ਸਾਲ ਅੰਦਰ ਅਮਰੀਕਾ ਦੇ ਇੱਕ ਗੁਰਦਵਾਰੇ ਅੰਦਰ ਕੁਝ ਅਣਪਛਾਤੇ ਵਿਆਕਤੀਆਂ ਵੱਲੋਂ ਫਾਇਰੰਗ ਕੀਤੀ ਗਈ ਸੀ । ਜਿਸਦੇ ਅਫਸੋਸ ਵਿੱਚ ਅਮਰੀਕਾ ਦਾ ਝੰਡਾ ਪੰਦਰਾਂ ਦਿਨ ਲਈ ਸਰਕਾਰ ਨੇ ਝੁਕਾਈ ਰੱਖਿਆ। ਕੀ ਭਾਰਤ ਦੀ ਸਰਕਾਰ ਕਾਂਗਰਸ ਜਾਂ ਭਾਜਪਾ, 'ਸਿੱਖ ਜਜਬਾਤਾਂ ਦੀ ਕਦਰ ਕਰਦਿਆਂ ਕਦੀ ਵੀ ਤਿਰੰਗਾਂ ਹੇਠਾਂ ਕੀਤਾ ਹੈ, 'ਨਹੀਂ' ਸਗੋਂ 1984 ਵਿੱਚ ਸ਼੍ਰੀ ਦਰਬਾਰ ਸਾਹਿਬ ਜੀ ਤੇ ਕੀਤੇ ਹਮਲੇ ਵਿੱਚ ਗੁਰਧਾਮ ਦੇ ਉਪਰ ਜਿੱਥੇ ਸਦਾ ਹੀ ਖਾਲਸਾਈ ਨਿਸ਼ਾਨ ਸਾਹਿਬ ਝੂਲਦੇ ਹਨ। ਉਸ ਜਗ੍ਹਾ ਤੇ ਤਿਰੰਗਾ ਲਾ ਕਿ ਸਿੱਖ ਜਜਬਾਤਾਂ ਨੂੰ ਲਾਂਬੂ ਲਾਇਆ ਸੀ । ਕੀ ਸਿੱਖ ਇਹ ਨਹੀ ਮੰਨਦੇ ਕਿ ਜਿਸ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਜਿਸ ਤੋਂ ਬਿਨਾ ਸਿੱਖ ਇੱਕ ਪਲ ਵੀ ਜੀ ਨਹੀਂ ਸਕਦਾ, ਸਾਜਿਸ਼ ਅਧੀਨ ਪਿਛਲੇ ਲੰਮੇ ਸਮੇਂ ਤੋਂ ਹੋ ਰਹੀ ਨਿਰਾਦਰੀ ਰੁੱਕ ਗਈ ਜਾਂ ਅਜੇ ਵੀ ਹੋ ਰਹੀ ਹੈ ? ਕੀ ਸਿੱਖ ਇਹਨੇਂ ਬੁਜਦਿਲ ਤੇ ਡਰਪੋਕ ਹੋ ਚੁੱਕੇ ਹਨ, ਕਿ ਆਪਣੇ ਗੁਰੂ ਦੇ ਇਨਸਾਫ ਮਿਲਣ ਤੱਕ ਫੋਕੀਆਂ ਖੁਸ਼ੀਆਂ ਤੋਂ ਕਿਨਾਰਾ ਨਹੀਂ ਕਰ ਸਕਦੇ? ਬਰਗਾੜੀ ਵਿੱਚ ਸ਼ਹੀਦ ਹੋਏ ਸਿੱਖਾਂ ਦਾ ਇਨਸਾਫ ਮਿਲ ਗਿਆ ਜਾ ਅੱਜ ਵੀ ਸਿੱਖ ਢਾਈ ਮਾਹਿਨਿਆਂ ਤੋਂ ਮੋਰਚਾ ਲਈ ਖੜੇ ਹਨ ਕੀ ਸਰਕਾਰ ਨੇ ਉਹਨਾਂ ਦੀ ਸੁਣੀ ? ਜੇ ਸਰਕਾਰ ਤੁਹਾਡੀ ਸੁਣਦੀ ਹੀ ਨਹੀਂ ਭਲੇ ਮਾਣਸੋ ਤੁਸੀਂ ਕਿਸਨੂੰ ਅਜ਼ਾਦੀ ਮੰਨਦੇ ਜੋ? ਹੋਸ਼ ਕਰੋ ਸਿੱਖੋ, ਜੇਕਰ ਇਕੱਲੇ ਵੰਝ ਵਿੱਚ ਝੰਡਾ ਟੰਗਣ ਨੂੰ ਤੁਸੀਂ ਅਜ਼ਾਦੀ ਮੰਨਦੇ ਹੋ, 'ਪਰ ਮੈਂ ਨਹੀਂ ਮੰਨਦਾ। ਕੇਂਦਰ ਨੇ ਸਿੱਖਾਂ ਦੇ ਲੰਮੇ ਸ਼ਘੰਰਸ਼ ਤੋਂ ਬਾਅਦ ਲੰਗੜਾਂ ਨਹੀਂ ਸਗੋਂ ਲੂਲਾ ਪੰਜਾਬ ਸਿੱਖ ਕੌਮ ਦੀ ਝੌਲੀ ਪਾਇਆ ਹੈ । ਉਸ ਵਿੱਚ ਵੀ ਇਕੱਲੀ ਸਿੱਖ ਕੌਮ ਨਹੀਂ ਸਗੋਂ ਭਾਰਤ ਦੇ ਕੋਨੇ ਕੋਨੇ ਚੋ ਲੋਕ ਵੱਸਦੇ ਹਨ । ਪੰਜਾਬ ਦੀ ਲੀਡਰ ਸ਼ਿੱਪ ਪਿਛਲੇ ਸੱਤ ਦਹਾਕਿਆਂ ਤੋਂ ਕੇਂਦਰ ਦੀਆਂ ਲੇਲੜਈਆਂ ਕੱਢ ਰਹੀ ਹੈ ਕਿ ਪੰਜਾਬੀ ਬੋਲਦੇ ਇਲਾਕੇ ਅਤੇ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ, ਕੀ ਕੇਂਦਰ ਵੱਲੋਂ ਕਦੀ ਗੌਰ ਕੀਤਾ ਗਿਆ ਹੈ । ਭਾਰਤ ਵਿੱਚ ਹੱਕ ਮੰਗਣ ਵਾਲਿਆ ਨੂੰ ਹਮੇਸ਼ਾਂ ਬਾਗੀ ਕਿਹਾ ਜਾਦਾਂ ਹੈ, ਤੇ ਸਾਡੇ ਵੱਡੇ ਵਡੇਰੇ ਵੀ ਬਾਗੀ ਸਨ, ਫੋਕੀ ਸ਼ੌਰਤ ਛੱਡੋ ਤੇ ਤੁਸੀਂ ਵੀ ਆਪਣੇ ਹੱਕ ਮੰਗੋ ਜੇਕਰ ਸਰਕਾਰ ਬਾਗੀ ਕਹਿੰਦੀ ਹੈ ਤਾਂ ਅਸੀਂ ਬਾਗੀ ਹੀ ਠੀਕ ਹਾਂ ਫਕਰ ਮਹਿਸੂਸ ਕਰੋ? ਪੰਜਾਬ ਦੀ ਕਿਸਾਨੀ ਅਤੇ ਜਵਾਨੀ ਦਾ ਘਾਣ ਹੋ ਚੁੱਕਾ ਹੈ, ਤਖ਼ਤ ਤੋਂ ਤੱਖਤੇ ਵੱਲ ਜਾ ਰਹੇ ਪੰਜਾਬ ਦੀਆਂ ਮੰਗਾਂ ਊਠ ਦੇ ਬੁੱਲ ਵਾਂਗੂੰ ਲਟਕ ਰਹੀਆਂ ਹਨ । ਕੀ ਭਾਰਤ ਦੇ ਝੰਡੇ ਵਿੱਚ ਡੰਡਾਂ ਪਾਉਣ ਤੋਂ ਪਹਿਲਾਂ ਕਦੀ ਪੰਜਾਬ ਦੀਆਂ ਹੱਕੀ ਮੰਗਾਂ ਵੱਲ ਪੰਜਾਬ ਦੀ ਜਨਤਾਂ ਅਤੇ ਲੀਡਰਾਂ ਧਿਆਨ ਦਿੱਤਾ ਹੈ। ਜੇ ਯੂਨੀਅਨ ਯੈਕ ਲਾਹ ਕੇ ਤੁਸੀਂ ਵੰਝ ਤੇ ਤਿਰੰਗਾ ਟੰਗਣ ਨੂੰ ਅਜ਼ਾਦੀ ਕਹਿੰਦੇ ਹੋ ਤਾਂ ਮੈਂ ਹਾਲੇ ਅਜ਼ਾਦ ਨਹੀਂ ਹੋਇਆ। ਜਿਹਨਾਂ ਚਿਰ ਮੇਰੀ ਕਲਮ ਦੀ ਸਿਆਹੀ ਤੁਹਾਡੀ ਪ੍ਰਯੋਗਸ਼ਾਲਾ, ਵਿੱਚ ਟੈਸਟ ਹੁੰਦੀ ਹੈ।

ਉਨਾ ਚਿਰ ਮੈਂ ਗੁਲਾਮ ਹੀ ਹਾਂ। ਏਥੇ ਕਿਸੇ ਅਕਾਲੀ ਦਲ਼ ਦੀ ਗੱਲ ਨਹੀਂ ਨਾਂ ਹੀ ਕਾਂਗਰਸ, ਦਾਤਰੀ ਹਾਥੌੜੇ, ਅਤੇ ਨਾ ਹੀ ਝਾੜੂ ਦੀ ਹੈ, ਸਿਰਫ ਗੱਲ ਇੰਨਸਾਫ ਦੀ ਹੈ, ਇਹ ਸਾਰੀਆਂ ਟੀਮਾਂ ਪੰਜਾਬ ਦੀ ਸਿਆਸਤ ਦੀ ਅਗਵਾਹੀ ਕਰਦੀਆਂ ਭਾਰਤੀ ਨਿਜਾਂਮ ਅਤੇ ਦੇਸ਼ ਭਗਤੀ ਵਿੱਚ ਨਿਪੁੰਨ ਰਾਸ਼ਟਰਵਾਦ ਲਈ ਜਾਨ ਤੱਕ ਦੀ ਬਾਜੀ ਲਾ ਸਕਦੀਆ ਹਨ ਕੀ ਇਹ ਪਾਰਟੀਆਂ ਕਦੀ ਸਿੱਖ ਕੌਮ ਨੂੰ ਆਪਣੇ ਪਿਆਰੇ ਰਾਸ਼ਟਰਵਾਦ ਅਤੇ ਨਿਜਾਮ ਕੁਲੋਂ ਕੋਈ ਵੀ ਇਨਸਾਫ ਲੈ ਕੇ ਦੇ ਸਕਦੀਆਂ ਹਨ? ਅਸੀਂ ਸਿੱਖ ਪੰਜਾਬੀ ਹੋਣ ਦੇ ਨਾਤੇ ਉਪਰਲੇ ਸਾਰੇ ਸਵਾਲਾਂ ਦੇ ਇਨ੍ਹਾਂ ਪਾਰਟੀਆਂ ਅਤੇ ਉਹ ਜਿਹਨਾ ਦੇ ਬੁਲ ਅਜ਼ਾਦੀ ਦਿਵਸ ਦੇ ਲਲਕਾਰੇ ਮਾਰ ਮਾਰ ਸੁੱਕ ਗਏ ਹਨ ਉਹਨਾਂ ਕੁਲੋਂ ਜਵਾਬਾਂ ਦੀ ਮੰਗ ਕਰਦੇ ਹਾਂ।

# ਇਹ ਸਾਡੀ ਨਸਲਕੁਸ਼ੀ ਨਹੀ ਤਾਂ ਹੋਰ ਕੀ ਹੈ

(ਪ੍ਰੋ) ਬਲਵਿੰਦਰ ਪਾਲ ਸਿੰਘ
91-98157-00916

ਪੰਜਾਬ 'ਚ ਨਕਲੀ ਦਵਾਈਆਂ ਤੇ ਹਾਨੀਕਾਰਕ ਰਸਾਇਣਕ ਪਦਾਰਥਾਂ ਨਾਲ ਪਕਾਏ ਗਏ ਫਲਾਂ-ਸਬਜ਼ੀਆਂ ਦੀ ਵਿਕਰੀ ਪੰਜਾਬੀਆਂ ਦੀ ਮੌਤ ਤੇ ਭਿਅੰਕਰ ਬਿਮਾਰੀਆਂ ਦਾ ਕਾਰਨ ਬਣ ਰਹੀ ਹੈ। ਵੱਧ ਲਾਭ ਲੈਣ ਲਈ ਪਸ਼ੂਆਂ ਨੂੰ ਦਿੱਤਾ ਜਾਣ ਵਾਲਾ ਆਕਸੀਟੋਸਿਨ ਟੀਕਾ ਤੇ ਕਦੀ ਚਿਕਨ ਦਾ ਭਾਰ ਵਧਾਉਣ ਲਈ ਦਿੱਤਾ ਜਾਣ ਵਾਲਾ ਏਸਟੋਰਜੀਨ, ਟੇਸਟਰੋਸੀਰਨੋ ਅਤੇ ਹੋਰ ਟੀਕਿਆਂ ਦੀ ਵਰਤੋਂ ਤੋਂ ਬਾਅਦ ਹੁਣ ਰਾਜ ਦੇ ਕੁਝ ਫਲ ਤੇ ਸਬਜ਼ੀਆਂ ਦੇ ਉਤਪਾਦਕ ਜਲਦੀ ਪੈਸਾ ਕਮਾਉਣ ਲਈ ਫਲਾਂ ਅਤੇ ਸਬਜ਼ੀਆਂ 'ਤੇ ਵੀ ਕਈ ਤਰ੍ਹਾਂ ਦੇ ਮਸਾਲੇ ਵਰਤ ਰਹੇ ਹਨ। ਅੰਬ ਪਾਬੰਦੀਸ਼ੁਦਾ ਕੈਮੀਕਲ 'ਕੈਲਸ਼ੀਅਮ ਕਾਰਬਾਈਡ' ਦੇ ਪਾਊਡਰ ਅਤੇ ਪਾਬੰਦੀਸ਼ੁਦਾ 'ਐਥੀਲਿਨ ਪਾਊਡਰ' ਦੇ ਘੋਲ ਨਾਲ ਪਕਾਏ ਜਾਂਦੇ ਹਨ ਤਾਂ ਜੋ ਪੀਲੇ ਹੋ ਜਾਣ ਤੇ ਪੱਕ ਜਾਣ। ਇਸੇ ਤਰ੍ਹਾਂ ਕੇਲੇ ਕੁਦਰਤੀ ਤੌਰ 'ਤੇ ਪਕਾਉਣ ਦੀ ਬਜਾਏ ਹੁਣ ਰਸਾਇਣਕ ਪਦਾਰਥਾਂ ਨਾਲ ਪਕਾਏ ਜਾਂਦੇ ਹਨ। ਪਪੀਤੇ ਨੂੰ ਪਕਾਉਣ ਲਈ 'ਪੈਰਾਈਡ ਕੈਮੀਕਲ' ਦਾ ਲੇਪ ਕੀਤਾ ਜਾਂਦਾ ਹੈ। ਇਨ੍ਹਾਂ ਫਲਾਂ ਨੂੰ ਪਕਾਉਣ ਲਈ ਵਰਤਿਆ ਜਾ ਰਿਹਾ ਪਾਬੰਦੀਸ਼ੁਦਾ ਕੈਲਸ਼ੀਅਮ ਕਾਰਬਾਈਡ ਕੈਂਸਰ, ਪੈਪਟਿਕ ਅਲਸਰ, ਸ਼ੂਗਰ ਤੇ ਹੋਰ ਭਿਅੰਕਰ ਬਿਮਾਰੀਆਂ ਦਾ ਕਾਰਣ ਬਣ ਸਕਦਾ ਹੈ। ਇਹੀ ਕਾਰਨ ਹੈ ਕਿ ਪੰਜਾਬੀਆਂ ਵਿਚ ਮਨੋਰੋਗ, ਕੈਂਸਰ, ਕਿਡਨੀਆਂ ਦੀਆਂ ਬਿਮਾਰੀਆਂ ਤੇ ਬੇਔਲਾਦਪਨ ਦੇ ਦੋਸ਼ ਵਧ ਰਹੇ ਹਨ।

ਇਸੇ ਤਰ੍ਹਾਂ ਵੱਖ-ਵੱਖ ਸਬਜ਼ੀਆਂ, ਜਿਵੇਂ ਘੀਆ ਕੱਦੂ, ਖੀਰਾ, ਬੈਂਗਣ, ਟਮਾਟਰ ਆਦਿ ਨੂੰ ਘੱਟ ਸਮੇਂ ਵਿਚ ਵੱਡੇ ਕਰ ਕੇ ਬਾਜ਼ਾਰ ਵਿਚ ਲਿਆਉਣ ਲਈ ਹਾਨੀਕਾਰਕ ਕੈਮੀਕਲ ਲੇਪ ਤੇ ਆਕਸੀਟੋਸਿਨ ਦੇ ਇੰਜੈਕਸ਼ਨ ਲਾਏ ਜਾ ਰਹੇ ਹਨ। ਆਕਸੀਟੋਸਿਨ ਦਾ ਇੰਜੈਕਸ਼ਨ ਜੇ ਲੌਕੀ ਕੱਦੂ, ਹਦਵਾਣੇ, ਖਰਬੂਜ਼ੇ, ਕਟਹਲ ਵਿਚ ਲਾ ਦਿੱਤਾ ਜਾਵੇ ਤਾਂ ਸਵੇਰ ਤਕ ਉਹ ਵੱਡੇ ਹੋ ਜਾਂਦੇ ਹਨ। ਹੁਣੇ-ਹੁਣੇ ਇਹ ਖੁਲਾਸਾ ਹੋਇਆ ਹੈ ਕਿ ਗੁਜਰਾਤ, ਓਡਿਸ਼ਾ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਬੰਗਾਲ ਤੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਸਪਲਾਈ ਕੀਤੀਆਂ ਜਾਣ ਵਾਲੀਆਂ ਮੱਛੀਆਂ ਨੂੰ 'ਤਾਜ਼ਾ' ਰੱਖਣ ਲਈ 'ਫੋਰਮਾਲਿਨ' ਨਾਮੀ ਖਤਰਨਾਕ ਕੈਮੀਕਲ ਦਾ ਲੇਪ ਕੀਤਾ ਜਾ ਰਿਹਾ ਹੈ। ਇਸ ਦੀ ਵਰਤੋਂ ਆਮ ਤੌਰ 'ਤੇ ਲਾਸ਼ਘਰਾਂ ਵਿਚ ਲਾਸ਼ਾਂ ਉਤੇ ਲੇਪ ਕਰਨ ਲਈ ਕੀਤੀ ਜਾਂਦੀ ਹੈ। ਹੁਣੇ ਜਿਹੇ ਚੰਡੀਗੜ੍ਹ ਅਤੇ ਪੰਜਾਬ ਵਿਚ ਵੇਚੀਆਂ ਜਾਣ ਵਾਲੀਆਂ ਮੱਛੀਆਂ ਦੀਆਂ 2 ਹਰਮਨਪਿਆਰੀਆਂ ਕਿਸਮਾਂ ਮੱਲੀ ਤੇ ਸੋਲ ਵਿਚ ਇਸ ਕੈਮੀਕਲ ਦੀ ਮੌਜੂਦਗੀ ਦਾ



ਪਤਾ ਲੱਗਾ ਹੈ। ਇਹ ਕੈਮੀਕਲ ਇੰਨਾ ਤੇਜ਼ ਹੈ ਕਿ ਪਾਚਨ ਪ੍ਰਣਾਲੀ ਨੂੰ ਨਕਾਰਾ ਕਰ ਸਕਦਾ ਹੈ ਤੇ ਕੈਂਸਰ ਦਾ ਕਾਰਨ ਬਣ ਸਕਦਾ ਹੈ। ਅੱਜ ਦੁੱਧ, ਫਲ ਤੇ ਹਰੀਆਂ ਸਬਜ਼ੀਆਂ ਤੱਕ ਮਿਲਾਵਟ ਖੋਰੀ ਦਾ ਸ਼ਿਕਾਰ ਹੋ ਚੁੱਕੀਆਂ ਹਨ। ਮਿਲਾਵਟ ਖੋਰਾਂ ਵੱਲੋਂ ਜਹਿਰੀਲੇ ਕੈਮੀਕਲ ਨਾਲ ਸਮੇਂ ਤੋਂ ਤਿਆਰ ਕੀਤੇ ਫਲ, ਸਬਜ਼ੀਆਂ ਦਾ ਸੇਵਨ ਕਰਨ ਨਾਲ ਕਈ ਔਰਤਾਂ ਦੇ ਗਰਭਪਾਤ ਹੋ ਰਹੇ ਹਨ। ਗਰਭ ਧਾਰਨ ਕਰਨ ਵਿੱਚ ਸਮੱਸਿਆ ਆ ਰਹੀ ਹੈ। ਪੇਟ 'ਚ ਪਲ ਰਹੇ ਭਰੂਣ ਨੂੰ ਜਮਾਦਰੂ ਬਿਮਾਰੀਆਂ ਲੱਗ ਰਹੀਆ ਹਨ। ਡਾਕਟਰ ਨੇ ਮੰਨਿਆ ਕਿ ਅੱਜ ਪੰਜਾਬ ਵਿੱਚ ਕੈਂਸ਼ਰ ਦੇ ਵੱਧਣ ਦਾ ਕਾਰਨ ਫਰੂਟਾਂ, ਸਬਜੀਆਂ ਤੇ ਦੁੱਧ ਨੂੰ ਜਹਿਰੀਲੈ ਕੈਮੀਕਲਾਂ ਨਾਲ ਤਿਆਰ ਕਰਕੇ ਮਨੁੱਖੀ ਸਰੀਰਾਂ ਅੰਦਰ ਪਹੁੰਚਾਇਆ ਜਾ ਰਿਹਾ ਹੈ। ਸਰਕਾਰ ਵੱਲੋਂ ਫੂਡ ਸੇਫਟੀ ਐਕਟ ਤਾਂ ਬਣਾ ਦਿੱਤਾ ਗਿਆ ਹੈ ਪਰ ਇਸ ਨੂੰ ਲਾਗੂ ਕਰਵਾਉਣ ਵਾਲੇ ਸਬੰਧਤ ਅਧਿਕਾਰੀਆਂ ਵੱਲੋਂ ਕੋਈ ਕਾਰਵਾਈ ਅਮਲ 'ਚ ਨਹੀਂ ਲਿਆਂਦੀ ਜਾ ਰਹੀ।ਪਰ ਕੈਪਟਨ ਸਰਕਾਰ ਇਸ ਬਾਰੇ ਚੁੱਪ ਹੈ ਤੇ ਉਹ ਪੰਜਾਬ ਦੀ ਮੌਤ ਸਿਰਜ ਰਹੇ ਕੈਮੀਕਲ ਫੈਲਾਉਣ ਵਾਲੇ ਦੋਜਸ਼ੀਆਂ 'ਤੇ ਕੋਈ ਕਾਰਵਾਈ ਨਹੀਂ ਕਰ ਰਹੀ।















**ਸੈਕਰਾਮੈਂਟੋ (ਬਿਊਰੋ)**- ਪਿਛਲੇ ਦਿਨੀਂ ਡੇਰਾ ਰਾਧਾ ਸੁਆਮੀ ਬਾਬਾ ਤੇਜਾ ਸਿੰਘ ਜੀ ਸੈਦਪੁਰ (ਅੰਮ੍ਰਿਤਸਰ) ਦੇ ਮੌਜੂਦਾ ਗੱਦੀਨਸ਼ੀਨ ਸੰਤ ਸੁਭਾਸ਼ਚੰਦਰ ਸਿੰਘ ਜੀ ਨੇ ਆਪਣੇ ਸੇਵਕਾਂ ਦੇ ਸੱਦੇ ਤੇ ਗੋਲਡਨ ਪੀਕ ਬੈਂਕਟ ਹਾਲ, ਹੇਵਰਡ (ਕੈਲੇਫੋਰਨੀਆ) ਵਿਖੇ ਸਤਿਸੰਗ ਦੌਰਾਨ ਪ੍ਰਵਚਨਾਂ ਨਾਲ ਨਿਹਾਲ ਕੀਤਾ। ਇਸ ਦੌਰਾਨ ਉਘੇ ਸਮਾਜ ਸੇਵਕ ਅਤੇ ਬਿਜਨਸਮੈਨ ਸ੍ਰੀ ਰਾਮ ਮੂਰਤੀ ਸਰੋਏ ਜੀ ਨੇ ਗੁਰੂ ਕੇ ਲੰਗਰਾਂ ਦੀ ਸੇਵਾ ਕੀਤੀ। ਸਰਵਸ੍ਰੀ ਰਾਮ ਮੂਰਤੀ ਸਰੋਏ, ਅਮਰੀਕ ਚੰਦ ਲਾਖਾ, ਬਲਦੇਵ ਮਢਾਰ, ਬਹਾਦਰ ਸਿੰਘ ਆਦਿ ਨੇ ਬੇ-ਏਰੀਆ ਵਿਖੇ ਸੇਵਾਵਾਂ ਨਿਭਾਈਆਂ।

ਇਸ ਉਪਰੰਤ ਬੇ-ਏਰੀਆ ਵਿਚ ਦੋ ਦਿਨ ਦੇ ਸਤਿਸੰਗ ਤੋਂ ਬਾਅਦ ਸੰਤ ਸੁਭਾਸ਼ਚੰਦਰ ਸਿੰਘ ਜੀ ਨੇ ਸੰਤ ਰਸੀਲਾ ਰਾਮ ਸਤਿਸੰਗ ਘਰ ਫਰਿਜ਼ਨੋ ਵਿਖੇ 4 ਦਿਨ ਸਤਿਸੰਗ ਦੌਰਾਨ ਪ੍ਰਵਚਨ ਕੀਤੇ। ਜਿਸ ਵਿਚ ਵੱਡੀ ਗਿਣਤੀ 'ਚ ਸ਼ਰਧਾਲੂਆਂ ਨੇ ਉਹਨਾਂ ਦੇ ਪ੍ਰਵਚਨ ਸਰਵਣ ਕੀਤੇ। ਇਸ ਮੌਕੇ ਸਰਵਸ੍ਰੀ ਰਾਮ ਲਾਲ ਮਹਿਮੀ, ਜਸਵੰਤ ਮਹਿਮੀ, ਸਰੂਪ ਅੱਤਰੀ, ਪ੍ਰਗਨ ਸਿੰਘ, ਗੁਰਬੀਰ ਸਿੰਘ, ਸੁੱਚਾ ਰਾਮ ਅਤੇ ਕੁਲਦੀਪ ਸਿੰਘ ਮਹਿਮੀ, ਹਰਭਜਨ ਸਿੰਘ, ਮੋਹਨ ਸਿੰਘ ਆਦਿ ਨੇ ਆਪਣੀਆਂ ਸੇਵਾਵਾਂ ਨਿਭਾਈਆਂ।

ਇਸ ਉਪਰੰਤ ਸੰਤ ਸੁਭਾਸ਼ਚੰਦਰ ਜੀ ਨੇ ਸੈਕਰਾਮੈਂਟੋ ਦੇ ਆਪਣੇ ਸੇਵਕਾਂ ਨੂੰ ਦੋ ਦਿਨ ਪ੍ਰਵਚਨਾਂ ਨਾਲ ਨਿਹਾਲ ਕੀਤਾ। ਇਸ ਮੌਕੇ ਸਰਵਸ੍ਰੀ ਪ੍ਰੇਮ ਮੱਲ, ਕੇਵਲ ਬੋਲੀਨਾ, ਪਰਮਜੀਤ ਭੁੱਟਾ, ਸ਼ਾਮ ਲਾਲ, ਰਕੇਸ਼ ਚੰਦਰ, ਮਾਇਕ ਨਿੱਜ਼ਰ, ਮਾਸਟਰ ਪ੍ਰੇਮ ਕਲੇਰ, ਦਰਸ਼ਨ ਦਾਸ, ਰਮੇਸ਼ ਬੰਗੜ ਆਦਿ ਨੇ ਸੈਕਰਾਮੈਂਟੋ ਵਿਖੇ ਸੇਵਾਵਾਂ ਨਿਭਾਈਆਂ।


KB USED
AUTO SALES

8655 B Monterey Street Gilroy, CA 95020
Kashmiri Bhatia,
Dealer/Broker
408-848-2365
50% OFF WARRANTY
with Qualifying Car Purchase
IN HOUSE
FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife
K&K AUTO REPAIR
and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR
on your next qualifying service
Car Care You Can Trust

ਅੰਗ-ਸੰਗ

# ਲੋਕਰਾਜ ਵਿੱਚ ਲੋਕਤੰਤਰੀ ਭਾਵਨਾ ਦਾ ਸਤਿਕਾਰ ਜ਼ਰੂਰੀ

**ਲੋਕਰਾਜ ਵਿੱਚ ਜਨਤਾ ਤੋਂ ਦੂਰ ਹੋਣਾ ਹੀ ਗ਼ਲਤ ਹੈ, ਕਿਉਂਕਿ ਅਜਿਹਾ ਕਰਨਾ ਵਾਅਦਾ-ਖ਼ਿਲਾਫ਼ੀ ਵੀ ਹੋਵੇਗੀ ਅਤੇ ਸ਼ਰੇਆਮ ਫਰੇਬ ਦੇ ਰਾਹ ਉੱਤੇ ਤੁਰਨ ਵਾਲੀ ਗੱਲ ਵੀ। ਇਹ ਤਾਂ ਪ੍ਰਤੱਖ ਹੈ ਕਿ ਲੋਕਰਾਜ ਵਿੱਚ ਲੋਕਤੰਤਰੀ ਭਾਵਨਾ ਦੀ ਮਾਨਤਾ ਵੀ ਲਾਜ਼ਮੀ ਹੈ ਅਤੇ ਸਤਿਕਾਰ ਕਰਨਾ ਵੀ ਜ਼ਰੂਰੀ। ਇਹ ਕੁਝ ਕਰ ਕੇ ਹੀ ਲੋਕਤੰਤਰ ਦੀ ਉੱਤਮਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ ਅਤੇ ਮਹਿਮਾ ਨੂੰ ਵੀ। ਲੋਕ ਦਿਲਾਂ ਵਿਚਲੇ ਮੁੱਦੇ ਉਠਾਏ ਜਾਂਦੇ ਰਹਿਣ ਅਤੇ ਮਸਲਿਆਂ ਨੂੰ ਕਦੇ ਵੀ ਪਿੱਠ ਨਾ ਦਿਖਾਈ ਜਾਵੇ। ਲੋਕਰਾਜ ਵਿੱਚ ਮਿਆਦ ਦਾ ਬੜਾ ਦਖ਼ਲ ਹੈ, ਜਿਸ ਕਾਰਨ ਹਰ ਮਿਆਦ (ਪੰਜ ਸਾਲ) ਬਾਅਦ ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ, ਜਿਸ ਕਰ ਕੇ ਕਿਸੇ ਵੀ ਰਾਜਸੀ ਪਾਰਟੀ ਨੂੰ ਲੋਕਾਂ ਦੇ ਉਲਟ ਚੱਲਣ ਬਾਰੇ ਸੋਚਣਾ ਵੀ ਨਹੀਂ ਚਾਹੀਦਾ।**



ਸ਼ਾਮ ਸਿੰਘ
98141-13338

ਲੋਕਾਂ ਦੁਆਰਾ ਲੋਕਾਂ ਦਾ ਲੋਕਾਂ ਲਈ ਰਾਜ ਤੰਤਰ ਲੋਕਾਂ ਦੇ ਨੇੜੇ ਰਹਿ ਕੇ ਹੀ ਸਫ਼ਲ ਰਹਿ ਸਕਦਾ ਹੈ, ਦੂਰ ਜਾ ਕੇ ਨਹੀਂ। ਲੋਕਾਂ ਦੁਆਰਾ ਚੁਣੇ ਗਏ ਨੁਮਾਇੰਦਿਆਂ ਦੇ ਉਹੀ ਕੰਮ ਜਨਤਾ ਦੇ ਹਿੱਤ ਵਿੱਚ ਹੁੰਦੇ ਹਨ, ਜਿਹੜੇ ਉਨ੍ਹਾਂ ਦੀ ਖ਼ੁਸ਼ਹਾਲੀ ਵਾਸਤੇ ਹੋਣ ਅਤੇ ਖ਼ੁਸ਼ੀ ਵਿੱਚ ਵਾਧਾ ਕਰਨ। ਅਜਿਹਾ ਤਾਂ ਹੀ ਸੰਭਵ ਰਹਿ ਸਕਦਾ ਹੈ, ਜੇ ਚੁਣੇ ਹੋਏ ਨੁਮਾਇੰਦੇ ਸੁਹਿਰਦਤਾ ਨਾਲ ਸਮਾਜ ਦੇ ਵਿਕਾਸ ਲਈ ਨਿਰੰਤਰ ਜਤਨਾਂ ਵਿੱਚ ਜੁੱਟੇ ਰਹਿਣ। ਅਜਿਹੀ ਪ੍ਰਕਿਰਿਆ ਲੋਕਾਂ ਵਿੱਚ ਵਿਸ਼ਵਾਸ ਵੀ ਪੈਦਾ ਕਰਦੀ ਰਹਿੰਦੀ ਹੈ ਅਤੇ ਵਿਕਾਸ ਦੇ ਕੰਮਾਂ ਵਿੱਚ ਭਾਈਵਾਲ ਬਣਨ ਦੀ ਪ੍ਰੇਰਨਾ ਵੀ। ਚੁਣੇ ਹੋਏ ਪ੍ਰਤੀਨਿਧਾਂ ਅਤੇ ਜਨਤਾ ਵਿਚਕਾਰ ਖ਼ੁਸ਼ਨੁਮਾ ਰਿਸ਼ਤਾ ਵੀ ਬਣਿਆ ਰਹਿੰਦਾ ਹੈ, ਜਿਸ ਕਰ ਕੇ ਚੰਗੇ ਨਤੀਜਿਆਂ ਦੀ ਆਸ ਬਣੀ ਰਹਿੰਦੀ ਹੈ, ਖ਼ਤਮ ਨਹੀਂ ਹੁੰਦੀ। ਲੋਕਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕੀਤੇ ਜਾਂਦੇ ਰਹਿਣ ਤਾਂ ਖ਼ਦਸ਼ੇ ਪੈਦਾ ਹੋਣ ਦਾ ਡਰ ਨਹੀਂ ਰਹਿੰਦਾ।

ਲੋਕਰਾਜ ਵਿੱਚ ਜਨਤਾ ਤੋਂ ਦੂਰ ਹੋਣਾ ਹੀ ਗ਼ਲਤ ਹੈ, ਕਿਉਂਕਿ ਅਜਿਹਾ ਕਰਨਾ ਵਾਅਦਾ-ਖ਼ਿਲਾਫ਼ੀ ਵੀ ਹੋਵੇਗੀ ਅਤੇ ਸ਼ਰੇਆਮ ਫਰੇਬ ਦੇ ਰਾਹ ਉੱਤੇ ਤੁਰਨ ਵਾਲੀ ਗੱਲ ਵੀ। ਇਹ ਤਾਂ ਪ੍ਰਤੱਖ ਹੈ ਕਿ ਲੋਕਰਾਜ ਵਿੱਚ ਲੋਕਤੰਤਰੀ ਭਾਵਨਾ ਦੀ ਮਾਨਤਾ ਵੀ ਲਾਜ਼ਮੀ ਹੈ ਅਤੇ ਸਤਿਕਾਰ ਕਰਨਾ ਵੀ ਜ਼ਰੂਰੀ। ਇਹ ਕੁਝ ਕਰ ਕੇ ਹੀ ਲੋਕਤੰਤਰ ਦੀ ਉੱਤਮਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ ਅਤੇ ਮਹਿਮਾ ਨੂੰ ਵੀ। ਲੋਕ ਦਿਲਾਂ ਵਿਚਲੇ ਮੁੱਦੇ ਉਠਾਏ ਜਾਂਦੇ ਰਹਿਣ ਅਤੇ ਮਸਲਿਆਂ ਨੂੰ ਕਦੇ ਵੀ ਪਿੱਠ ਨਾ ਦਿਖਾਈ ਜਾਵੇ। ਲੋਕਰਾਜ ਵਿੱਚ ਮਿਆਦ ਦਾ ਬੜਾ ਦਖ਼ਲ ਹੈ, ਜਿਸ ਕਾਰਨ ਹਰ ਮਿਆਦ (ਪੰਜ ਸਾਲ) ਬਾਅਦ ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ, ਜਿਸ ਕਰ ਕੇ ਕਿਸੇ ਵੀ ਰਾਜਸੀ ਪਾਰਟੀ ਨੂੰ ਲੋਕਾਂ ਦੇ ਉਲਟ ਚੱਲਣ ਬਾਰੇ ਸੋਚਣਾ ਵੀ ਨਹੀਂ ਚਾਹੀਦਾ।

ਵੋਟਾਂ ਪੈਣ ਤੋਂ ਪਹਿਲਾਂ ਵਿਧਾਇਕ ਜਾਂ ਪਾਰਲੀਮੈਂਟ ਮੈਂਬਰਾਂ ਦੀ ਉਮੀਦਵਾਰੀ ਤਾਂ ਤੈਅ ਹੁੰਦੀ ਹੀ ਹੈ, ਪਰ ਮੁੱਖ ਮੰਤਰੀ ਜਾਂ ਦੇਸ ਦੇ ਪ੍ਰਧਾਨ ਮੰਤਰੀ ਦੇ ਨਾਂਅ ਉਜਾਗਰ ਕਰਨੇ ਵੀ ਠੀਕ ਨਹੀਂ, ਕਿਉਂਕਿ ਭਾਰਤ ਦੀ ਲੋਕਤੰਤਰੀ ਪ੍ਰਣਾਲੀ ਅਨੁਸਾਰ ਵਿਧਾਨ ਸਭਾ ਅਤੇ ਲੋਕ ਸਭਾ ਲਈ ਮੈਂਬਰ ਹੀ ਚੁਣਨੇ ਹੁੰਦੇ ਹਨ, ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ। ਪ੍ਰਧਾਨ ਮੰਤਰੀ ਚੁਣਨਾ ਪਾਰਲੀਮੈਂਟ ਦੇ ਮੈਂਬਰਾਂ ਦਾ ਹੱਕ ਹੈ, ਦੇਸ਼ ਦੇ ਲੋਕਾਂ ਦਾ ਨਹੀਂ। ਪ੍ਰਧਾਨ ਮੰਤਰੀ ਦੇ ਨਾਂਅ ਦਾ ਪਹਿਲਾਂ ਹੀ ਐਲਾਨ ਕਰਨਾ ਉਸ ਲੋਕਤੰਤਰੀ ਭਾਵਨਾ ਦੀ ਨੰਗੀ-ਚਿੱਟੀ ਉਲੰਘਣਾ ਹੈ, ਜਿਸ ਮੁਤਾਬਕ ਉਸ ਦੀ ਚੋਣ ਕਰਨ ਦਾ ਹੱਕ ਪਾਰਲੀਮੈਂਟ ਦੇ ਮੈਂਬਰਾਂ ਦਾ ਹੀ ਹੈ, ਦੇਸ ਦੇ ਆਮ ਲੋਕਾਂ ਦਾ ਨਹੀਂ। ਇਸ ਚੋਣ ਵਿੱਚ ਲੋਕਾਂ ਦਾ ਦਖ਼ਲ ਨਹੀਂ ਹੋਣਾ ਚਾਹੀਦਾ, ਕਿਉਂਕਿ ਇਹ ਪਾਰਲੀਮੈਂਟ ਦੇ ਮੈਂਬਰਾਂ ਦੇ ਅਧਿਕਾਰ 'ਤੇ ਛਾਪਾ ਮਾਰਨਾ ਹੋਵੇਗਾ। ਅੱਜ ਦੇਸ਼ ਦੇ ਕਈ ਸੂਬਿਆਂ ਵਿੱਚ ਉਹ ਰਾਜਸੀ ਪਾਰਟੀਆਂ ਸਾਂਝੀਆਂ ਸਰਕਾਰਾਂ ਵਿੱਚ ਭਾਈਵਾਲ ਬਣੀ ਬੈਠੀਆਂ ਹਨ, ਜਿਨ੍ਹਾਂ ਨੇ ਇੱਕ ਦੂਜੀ ਦੀਆਂ ਨੀਤੀਆਂ ਦਾ ਵਿਰੋਧ ਕਰ ਕੇ ਚੋਣਾਂ ਜਿੱਤੀਆਂ। ਇੱਕ ਦੂਜੀ ਵਿਰੁੱਧ ਬੋਲ ਕੇ, ਲੜ ਕੇ ਜਿੱਤੀਆਂ ਪਾਰਟੀਆਂ ਨੂੰ ਅਜਿਹਾ ਹੱਕ ਨਹੀਂ ਕਿ ਉਹ ਕੁਰਸੀ ਖ਼ਾਤਰ ਲੋਕਤੰਤਰੀ ਭਾਵਨਾ ਦੇ ਉਲਟ ਚੱਲ ਕੇ ਸਮਝੌਤਾ ਕਰ ਲੈਣ। ਜਿਹੜੀਆਂ ਰਾਜਸੀ ਪਾਰਟੀਆਂ ਅਜਿਹਾ ਕਰ ਕੇ ਕੁਰਸੀਆਂ 'ਤੇ ਬੈਠੀਆਂ ਹਨ, ਉਹ ਲੋਕਤੰਤਰੀ ਭਾਵਨਾ ਦਾ ਸਤਿਕਾਰ ਨਹੀਂ ਕਰਦੀਆਂ ਅਤੇ ਨਾ ਹੀ ਲੋਕਾਂ ਦੀ ਪਰਵਾਹ।



ਚੋਣਾਂ ਦੌਰਾਨ ਵੋਟਾਂ ਹਾਸਲ ਕਰਨ ਵਾਸਤੇ ਤਾਂ ਸਾਰੀਆਂ ਹੀ ਰਾਜਸੀ ਪਾਰਟੀਆਂ ਲਾਰਿਆਂ ਅਤੇ ਵਾਅਦਿਆਂ ਦਾ ਮੀਂਹ ਵਰਸਾਉਂਦੀਆਂ ਹਨ, ਜਿਸ ਕਰ ਕੇ ਸਾਰਾ ਹੀ ਮਾਹੌਲ ਲਾਲਚ ਤੰਤਰ ਦਾ ਸ਼ਿਕਾਰ ਹੋਏ ਬਿਨਾਂ ਨਹੀਂ ਰਹਿੰਦਾ। ਕੋਈ ਵਿਦਿਆਰਥੀਆਂ ਨੂੰ ਸਾਈਕਲ ਵੰਡ ਰਿਹਾ, ਕੋਈ ਸਮਾਰਟ ਫੋਨ, ਕੋਈ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਮਾਫ਼ ਕਰ ਰਿਹਾ, ਕੋਈ ਘਰ-ਘਰ ਨੌਕਰੀ ਦੇਣ ਦਾ ਲਾਰਾ ਲਾ ਕੇ ਆਪ ਤਾਂ ਕੁਰਸੀ ਪ੍ਰਾਪਤ ਕਰ ਗਿਆ, ਪਰ ਨੌਕਰੀਆਂ ਲੈਣ ਵਾਲਿਆਂ ਨੂੰ ਕੋਈ ਵੀ ਪੁੱਛ ਨਹੀਂ ਰਿਹਾ। ਇਹ ਲੋਕਤੰਤਰੀ ਭਾਵਨਾ ਦੇ ਤਾਂ ਉਲਟ ਹੈ, ਪਰ ਫੇਰ ਵੀ ਜੇ ਲਾਰੇ ਲਾਏ ਹਨ, ਵਾਅਦੇ ਕੀਤੇ ਹਨ ਤਾਂ ਬਿਹਤਰ ਹੈ ਕਿ ਉਹ ਪੂਰੇ ਕੀਤੇ ਵੀ ਜਾਣ।

ਦੇਸ਼ ਦੇ ਚੋਣ ਤੰਤਰ ਮੁਤਾਬਕ ਲੋਕ ਵੋਟਾਂ ਸਮੇਂ 'ਨੋਟਾ' ਦੀ ਵਰਤੋਂ ਤਾਂ ਕਰ ਸਕਦੇ ਹਨ ਅਤੇ ਕਰਦੇ ਵੀ ਹਨ, ਪਰ ਇਸ ਦਾ ਕੋਈ ਫਾਇਦਾ ਨਹੀਂ। ਇਸ ਦੀ ਥਾਂ ਨਵਾਂ ਕਨੂੰਨ ਬਣਾਇਆ ਜਾਣਾ ਚਾਹੀਦਾ ਹੈ ਕਿ ਚੋਣਾਂ 'ਚ ਜਿੱਤਣ ਤੋਂ ਬਾਅਦ ਜਿਹੜਾ ਪ੍ਰਤੀਨਿਧ ਲੋਕਾਂ ਦੇ ਮੁਤਾਬਕ ਨਹੀਂ ਚੱਲਦਾ, ਉਸ ਨੂੰ ਵਾਪਸ ਬੁਲਾਇਆ ਜਾ ਸਕੇ। ਅਜਿਹਾ ਕਨੂੰਨ ਚੁਣੇ ਗਏ ਪ੍ਰਤੀਨਿਧਾਂ (ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ) 'ਤੇ ਕੁੰਡਾ ਹੋਵੇਗਾ। ਇਸ ਕੁੰਡੇ ਕਾਰਨ ਉਹ ਲੋਕਾਂ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਤੋਂ ਦੂਰ ਨਹੰ ਜਾ ਸਕਦੇ। ਅਜਿਹਾ ਅਧਿਕਾਰ ਪ੍ਰਾਪਤ ਹੋ ਜਾਣ 'ਤੇ ਵਿਧਾਇਕ ਅਤੇ ਪਾਰਲੀਮੈਂਟ ਮੈਂਬਰ ਲੋਕਾਂ ਦਾ ਬਣਿਆ ਰਹੇਗਾ।

ਹੁਣ ਲੋਕ ਜਾਗਣੇ ਸ਼ੁਰੂ ਹੋਏ ਹਨ ਕਿ ਉਹ ਚੁਣੇ ਗਏ ਪ੍ਰਤੀਨਿਧਾਂ ਤੋਂ ਬੜੀ ਹੀ ਜੁਰਅੱਤ ਨਾਲ ਤਿੱਖੇ ਸਵਾਲਾਂ ਦੇ ਜਵਾਬ ਮੰਗਣ ਲੱਗ ਪਏ ਅਤੇ ਆਪਣਾ ਰੋਹ ਦਿਖਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਪੰਜਾਬ ਵਿੱਚ ਆਪਣੇ ਹੀ ਅੰਦਰੂਨੀ ਰੱਫੜ ਕਾਰਨ ਇੱਕ ਨਵੀਂ ਰਾਜਸੀ ਪਾਰਟੀ ਦੇ ਆਮ ਕਾਰਕੁਨ ਜਲਸੇ ਕਰ ਕੇ ਆਪਣੇ ਚੁਣੇ ਗਏ ਪ੍ਰਤੀਨਿਧਾਂ ਤੋਂ ਉਹ ਫ਼ੰਡ ਵਾਪਸ ਮੰਗਣ ਲੱਗ ਪਏ ਹਨ, ਜੋ ਉਨ੍ਹਾਂ ਨੇ ਚੋਣਾਂ ਸਮੇਂ ਦਿੱਤਾ ਸੀ ਅਤੇ ਆਖ ਰਹੇ ਹਨ ਕਿ ਜੇ ਚੁਣੇ ਨੁਮਾਇੰਦਿਆਂ ਨੇ ਪੰਜਾਬ ਦੇ ਹੱਕ ਵਿੱਚ ਨਹੀਂ ਭੁਗਤਣਾ ਤਾਂ ਉਨ੍ਹਾਂ ਨੂੰ ਲਏ ਹੋਏ ਫ਼ੰਡ ਲੋਕਾਂ ਨੂੰ ਵਾਪਸ ਕਰਨੇ ਚਾਹੀਦੇ ਹਨ ਅਤੇ ਜੇਕਰ ਉਹ ਵਾਪਸ ਨਹੀਂ ਕਰਦੇ ਤਾਂ ਲੋਕ ਅਦਾਲਤਾਂ ਵਿੱਚ ਜਾਣ ਤੋਂ ਵੀ ਪਿੱਛੇ ਨਹੀਂ ਰਹਿਣਗੇ।

ਅਜਿਹੀ ਲੋਕ ਜਾਗਰਤੀ ਬਣੇ, ਜਿਹੜੀ ਨੇਤਾਵਾਂ ਦੇ ਤਾਂ ਵਿਰੁੱਧ ਹੀ ਹੋਵੇਗੀ, ਪਰ ਇਹ ਸੂਬੇ ਅਤੇ ਦੇਸ਼ ਦੇ ਹੱਕ ਵਿੱਚ ਹੋਵੇਗੀ। ਇਸ ਲਈ ਕਿ ਲੋਕਾਂ ਦੇ ਨੇਤਾ ਲੋਕਾਂ ਨਾਲ ਅਤੇ ਲੋਕਤੰਤਰੀ ਭਾਵਨਾ ਨਾਲ ਝੂਠ ਅਤੇ ਫਰੇਬ ਨਹੀਂ ਕਰ ਸਕਣਗੇ। ਜ਼ਰੂਰੀ ਹੈ ਕਿ ਚੁਣੇ ਹੋਏ ਪ੍ਰਤੀਨਿਧ ਲੋਕਰਾਜ ਵਿੱਚ ਲੋਕਤੰਤਰੀ ਭਾਵਨਾ ਦਾ ਸਤਿਕਾਰ ਕਰਨ, ਤਾਂ ਕਿ ਸਮਾਜ ਵਿੱਚ ਮੌਜੂਦ ਉੱਚੀਆਂ ਕਦਰਾਂ-ਕੀਮਤਾਂ ਹੋਰ ਬੁਲੰਦੀ ਵੱਲ ਜਾਣ ਅਤੇ ਨੇਤਾਵਾਂ ਦੇ ਨਿਘਾਰ ਦਾ ਗਰਾਫ਼ ਰੁਕ ਸਕੇ ਅਤੇ ਲੋਕ ਮੁੜ ਉਨ੍ਹਾਂ ਦਾ ਪਹਿਲਾਂ ਵਾਂਗ ਸਤਿਕਾਰ ਕਰਨ ਲੱਗ ਪੈਣ।

### ਆਮ ਆਦਮੀ ਪਾਰਟੀ

ਕੁਝ ਸਾਲ ਪਹਿਲਾਂ ਅੰਨਾ ਅੰਦੋਲਨ ਵਿੱਚੋਂ ਜਨਮੀ ਆਮ ਆਦਮੀ ਪਾਰਟੀ ਦਾ ਗਰਾਫ਼ ਬਹੁਤ ਜਲਦੀ ਉੱਚਾ ਗਿਆ, ਪਰ ਛੇਤੀ ਹੀ ਹੇਠਾਂ ਆ ਗਿਆ। ਪੰਜਾਬ ਵਿੱਚ ਸੁੱਚਾ ਸਿੰਘ ਛੋਟੇਪੁਰ ਨੂੰ ਪਾਰਟੀ ਤੋਂ ਦੂਰ ਕਰਨ ਨਾਲ ਪਾਰਟੀ 'ਚ ਖੋਰਾ ਸ਼ੁਰੂ ਹੋ ਗਿਆ। ਫੇਰ ਇੱਕ ਵਾਰ ਪਾਰਟੀ ਨੇ ਉਡਾਣ ਭਰੀ ਅਤੇ ਲੱਗਦਾ ਸੀ ਕਿ ਪਾਰਟੀ ਦੀ ਸਰਕਾਰ ਬਣੀ ਕਿ ਬਣੀ, ਪਰ ਸਾਲ ਪਹਿਲਾਂ ਹੋਈਆਂ ਚੋਣਾਂ ਵਿੱਚ ਪਾਰਟੀ ਦੇ ਦਿੱਲੀ ਤੋਂ ਆਏ ਸੂਬੇਦਾਰਾਂ ਨੇ ਕੰਮ ਖ਼ਰਾਬ ਕਰ ਕੇ ਰੱਖ ਦਿੱਤਾ। ਸੌ ਸੀਟਾਂ ਜਿੱਤਦੀ-ਜਿੱਤਦੀ ਪਾਰਟੀ ਵੀਹ 'ਤੇ ਆ ਕੇ ਰੁਕ ਗਈ। ਗ਼ਲਤੀ ਗ਼ਲਤ ਟਿਕਟਾਂ ਦੀ ਵੰਡ ਵੀ ਸੀ, ਪੈਸੇ ਇਕੱਠੇ ਕਰਨ ਦੀ ਲਾਲਸਾ ਵੀ ਅਤੇ ਹਉਮੈ ਕਾਰਨ ਦੂਜਿਆਂ 'ਤੇ ਦੂਸ਼ਣਬਾਜ਼ੀ ਦਾ ਰੌਲਾ-ਰੱਪਾ ਵੀ।

ਹੁਣ ਫੇਰ ਪਾਰਟੀ ਦੇ ਵੀਹ ਵਿਧਾਇਕ ਦੋਫਾੜ ਹੋ ਗਏ। ਦਿੱਲੀ ਦਾ ਧੜਾ ਇੱਕ ਪਾਸੇ, ਸੁਖਪਾਲ ਖਹਿਰਾ ਵਾਲਾ ਧੜਾ ਦੂਜੇ ਪਾਸੇ।

ਦੋਹਾਂ 'ਚ ਖਿੱਚ-ਖਿਚਾਅ ਜਾਰੀ ਹੈ ਅਤੇ ਸ਼ਕਤੀ ਪ੍ਰਦਰਸ਼ਨ ਕਰਦੇ ਰਹਿਣਗੇ। ਦੋਹਾਂ ਵਿੱਚੋਂ ਕੋਈ ਜਿੱਤੇ ਕੋਈ ਹਾਰੇ, ਪਰ ਪੰਜਾਬ ਦੇ ਲੋਕਾਂ ਦੀ ਹਾਰ ਤਾਂ ਹੋ ਕੇ ਹੀ ਰਹੇਗੀ, ਜਿਨ੍ਹਾਂ ਨੇ ਤਨ ਮਨ ਧਨ ਨਾਲ ਪਾਰਟੀ ਦਾ ਸਾਥ ਦੇ ਕੇ ਚੰਗੇ ਸੁਫ਼ਨੇ ਲਏ ਸਨ, ਜੋ ਸਭ ਚਕਨਾਚੂਰ ਕਰ ਕੇ ਰੱਖ ਦਿੱਤੇ ਗਏ। ਕਿੱਥੋਂ ਲੱਭਣ ਆਪਣੇ ਸੁਫ਼ਨੇ ਅਤੇ ਕਿਹੜੇ ਰਾਹ ਤੁਰਨ ਉਹ ਲੋਕ? ਚੰਗਾ ਹੋਵੇ, ਦੋਵੇਂ ਧੜੇ ਕੇਵਲ ਆਪੋ-ਆਪਣੇ ਬਾਰੇ ਨਹੀਂ, ਸਗੋਂ ਪੰਜਾਬ ਅਤੇ ਇਸ ਦੇ ਲੋਕਾਂ ਬਾਰੇ ਸੋਚਣ।

### ਲਤੀਫ਼ੇ ਦਾ ਚਿਹਰਾ-ਮੋਹਰਾ

ਵਿਦਿਆਰਥੀ : ਪ੍ਰਾਈਵੇਟ ਪਾਰਟੀ 500 ਏਕੜ ਖ਼ਰੀਦ ਕੇ ਵੱਡੀ ਯੂਨੀਵਰਸਿਟੀ ਕਾਇਮ ਕਰ ਰਹੀ ਹੈ।
ਅਮਲੀ ਪਿਤਾ : ਫੇਰ ਬਈ ਭਲਾ ਤੈਨੂੰ ਕੀ ?
ਵਿਦਿਆਰਥੀ : ਮੈਂ ਉੱਥੇ ਜਾ ਕੇ ਪੜ੍ਹਨ ਲੱਗਣਾ।
ਅਮਲੀ ਪਿਤਾ : ਬਈ ਤੂੰ ਇਹ ਦੱਸ, 500 ਏਕੜ 'ਚ ਪਾੜ੍ਹੇ ਪੜ੍ਹਾਉਣੇ ਹਨ ਜਾਂ ਫੇਰ ਪਸ਼ੂ ਚਾਰਨੇ ?

***

ਘੋੜਿਆਂ ਦੀ ਦੌੜ ਵਿੱਚ ਰਾਜਸੀ ਨੇਤਾ ਦਾ ਘੋੜਾ ਸਭ ਘੋੜਿਆਂ ਤੋਂ ਪਿੱਛੇ ਫਾਡੀ ਰਹਿ ਗਿਆ ਤਾਂ ਉਸ ਨੇਤਾ ਨੂੰ ਮਜ਼ਾਕ ਹੋਣ ਲੱਗ ਪਏ। ਜਦ ਦੌੜ ਖ਼ਤਮ ਹੋਣ ਵਾਲੀ ਸੀ ਤਾਂ ਇੱਕ ਪੱਤਰਕਾਰ ਨੇ ਨੇਤਾ ਨੂੰ ਘੋੜੇ ਦੇ ਫਾਡੀ ਰਹਿਣ ਬਾਰੇ ਸਵਾਲ ਕੀਤਾ ਤਾਂ ਨੇਤਾ ਦਾ ਦਿਲਚਸਪ ਜਵਾਬ ਸੀ ਕਿ 'ਮੇਰੇ ਘੋੜੇ ਨੇ ਬਾਕੀ ਸਭ ਅੱਗੇ ਲਾ ਰੱਖੇ।'

# 'ਟਰਬਨੇਡ ਟੋਰਨਾਡੋ'-ਸਰਦਾਰ ਫ਼ੌਜਾ ਸਿੰਘ



ਜਗਜੀਤ ਸਿੰਘ 'ਗਣੇਸ਼ਪੁਰ'
91-94655-76022

ਸਰਦਾਰ ਫ਼ੌਜਾਂ ਸਿੰਘ ਅੱਜ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ। ਸਾਬਤ ਸੂਰਤ ਸਿੱਖ ਸਰਦਾਰ ਆਪਣੇ ਬੁਢਾਪੇ ਦੀ ਉਮਰ ਵਿੱਚ ਮੈਰਾਥਨ ਦੌੜਨ ਦੇ ਹੁਨਰ ਕਾਰਨ ਦੁਨੀਆ ਦੇ ਹਰ ਕੋਨੇ ਵਿੱਚ ਇਕ ਜਾਣਿਆ ਪਹਿਚਾਣਿਆ ਨਾਮ ਬਣ ਚੁੱਕਾ ਹੈ। ਸਰਦਾਰ ਫ਼ੌਜਾਂ ਸਿੰਘ ਜੀ ਦਾ ਜਨਮ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਬਿਆਸ ਪਿੰਡ ਵਿੱਚ 1 ਅਪ੍ਰੈਲ 1911 ਨੂੰ ਹੋਇਆ। ਆਪ ਦੇ ਪਿਤਾ ਜੀ ਦਾ ਨਾਮ ਮਿਹਰ ਸਿੰਘ ਸੀ ਜੋ ਕਿ ਖੇਤੀਬਾੜੀ ਕਰਦੇ ਸਨ ਅਤੇ ਮਾਤਾ ਜੀ ਦਾ ਨਾਮ ਭਾਗੋ ਕੌਰ ਸੀ। ਫ਼ੌਜ਼ਾ ਸਿੰਘ ਜੀ ਦੇ ਦੱਸਣ ਮੁਤਾਬਿਕ ਉਹ ਬਚਪਨ ਵਿੱਚ ਪੰਜ ਸਾਲ ਦੀ ਉਮਰ ਤੱਕ ਠੀਕ ਤਰੀਕੇ ਨਾਲ ਤੁਰ ਵੀ ਨਹੀਂ ਸਕਦੇ ਸਨ। ਉਨ੍ਹਾਂ ਨੂੰ ਸਰੀਰ ਪੱਖੋਂ ਕੰਮਜ਼ੋਰ ਹੋਣ ਕਰਕੇ ਉਨ੍ਹਾਂ ਦੇ ਸਾਥੀ ਬੱਚੇ ਉਸ ਨੂੰ 'ਡੰਡਾ' ਕਹਿ ਕੇ ਛੇੜਦੇ ਰਹਿੰਦੇ ਸਨ। ਉਹ ਕਦੇ ਸਕੂਲ ਨਹੀਂ ਗਏ ਅਤੇ ਉਹ ਆਪਣੇ ਪਿਤਾ ਜੀ ਨਾਲ ਖੇਤੀਬਾੜੀ ਦਾ ਕੰਮ ਕਰਦੇ ਸਨ।

ਫ਼ੌਜ਼ਾ ਸਿੰਘ ਜੀ ਦੇ ਜੀਵਨ ਵਿੱਚ ਬਹੁਤ ਵੱਡਾ ਬਦਲਾਅ 1992 'ਚ ਆਇਆ ਜਦੋਂ ਉਨ੍ਹਾਂ ਦੀ ਧਰਮ ਪਤਨੀ ਗਿਆਨ ਕੌਰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਉਸ ਨੂੰ ਵਿਛੋੜਾ ਦੇ ਗਏ।ਇਸ ਦੁੱਖ ਤੋਂ ਉਨ੍ਹਾਂ ਨੇ ਆਪਣੇ ਆਪ ਨੂੰ ਕਿਵੇਂ ਨਾ ਕਿਵੇਂ ਉਭਾਰਿਆ ਹੀ ਸੀ ਕਿ 1994 'ਚ ਇਕ ਦਰਦਨਾਕ ਹਾਦਸੇ ਵਿੱਚ ਉਨ੍ਹਾਂ ਦੇ ਪੁੱਤਰ ਕੁਲਦੀਪ ਸਿੰਘ ਦੀ ਮੌਤ ਹੋ ਗਈ। ਇਸ ਹਾਦਸੇ ਦੀ ਉਨ੍ਹਾਂ ਦੇ ਦਿਲ ਅਤੇ ਦਿਮਾਗ਼ ਤੇ ਗਹਿਰੀ ਸੱਟ ਵੱਜੀ ।ਫਿਰ ਉਹ ਆਪਣੇ ਪੁੱਤਰ ਸੁਖਜਿੰਦਰ ਸਿੰਘ ਨਾਲ 1990 'ਚ ਲੰਡਨ ਆ ਵਸੇ। ਇੱਥੇ ਰਹਿੰਦੇ ਉਨ੍ਹਾਂ ਨੇ ਇੱਕ ਟੀ.ਵੀ ਪ੍ਰੋਗਰਾਮ ਵਿੱਚ ਮੈਰਾਥਨ ਦੌੜ ਬਾਰੇ ਸੁਣਿਆ ਜਿਹੜੀ ਕਿ ਸਮਾਜ ਸੇਵਾ ਲਈ ਫ਼ੰਡ ਇਕੱਠੇ ਕਰਨ ਦੇ ਉਦੇਸ਼ ਲਈ ਆਯੋਜਿਤ ਕੀਤੀ ਜਾਂਦੀ ਸੀ ਤਾਂ ਉਨ੍ਹਾਂ ਦੇ ਦਿਲ ਅੰਦਰ ਇਸ ਦੌੜ ਵਿੱਚ ਭਾਗ ਲੈਣ ਦਾ ਖ਼ਿਆਲ ਆਇਆ।

ਫ਼ੌਜਾਂ ਸਿੰਘ ਜੀ ਦਾ ਮੈਰਾਥਨ ਦੌੜ ਦੌੜਨ ਦਾ ਆਰੰਭ 89 ਸਾਲ ਦੀ ਉਮਰ ਵਿੱਚ ਹੋਇਆ ਜਦ ਇਸ 5 ਫੁੱਟ 8 ਇੰਚ ਵਾਲੇ ਸਰਦਾਰ ਨੇ ਪਹਿਲੀ ਵਾਰ ਲੰਡਨ ਮੈਰਾਥਨ ਵਿੱਚ ਭਾਗ ਲਿਆ। ਉਨ੍ਹਾਂ ਨੇ ਦੌੜਨ ਦੀ ਸਿਖਲਾਈ ਆਪਣੇ ਕੋਚ ਹਰਮਿੰਦਰ ਸਿੰਘ ਜੀ ਤੋਂ ਪ੍ਰਾਪਤ ਕੀਤੀ ਜੋ ਆਪ ਵੀ ਇਕ ਮੈਰਾਥਨ ਦੌੜਾਕ ਹਨ। ਸੰਨ 2000 'ਚ ਉਨ੍ਹਾਂ ਨੇ ਹਰਮਿੰਦਰ ਸਿੰਘ ਜੀ ਦੀ ਦੇਖ ਰੇਖ ਹੇਠ ਆਪਣੀ ਪਲੇਠੀ 26 ਮੀਲ ਅਤੇ 385 ਗਜ਼ ਮੈਰਾਥਨ ਦੌੜ 6 ਘੰਟੇ 54 ਮਿੰਟ ਅਤੇ 42 ਸਕਿੰਟ ਵਿੱਚ ਪੂਰੀ ਕੀਤੀ।

ਜਦੋਂ ਫ਼ੌਜਾਂ ਸਿੰਘ ਨੂੰ ਪਹਿਲੀ ਦੌੜ ਦੇ ਤਜਰਬੇ ਬਾਰੇ ਪੁੱਛਿਆ ਗਿਆ ਕਿ ਉਸ ਨੇ ਇਹ ਲੰਮੀ ਦੌੜ ਕਿਵੇਂ ਪੂਰੀ ਕੀਤੀ ਤਾਂ ਉਨ੍ਹਾਂ ਕਿਹਾ ਕਿ ਪਹਿਲੇ 20 ਮੀਲ ਉਸ ਲਈ ਔਖੇ ਨਹੀਂ ਸਨ ਅਤੇ ਆਖ਼ਰੀ 6 ਮੀਲ ਉਹ ਪ੍ਰਮਾਤਮਾ ਦਾ ਗੁਣ-ਗਾਣ ਕਰਦੇ ਹੋਏ ਦੌੜੇ। ਉਨ੍ਹਾਂ ਨੇ ਇਹ ਦੌੜ ਦਸਤਾਰ ਸਜਾ ਕੇ ਦੌੜੀ ਜੋ ਕਿ ਇਕ ਨਵੀਂ ਪਿਰਤ ਸੀ ਕਿਉਂਕਿ ਸਾਨੂੰ ਆਮ ਦੇਖਣ ਨੂੰ ਮਿਲਦਾ ਹੈ ਕਿ ਸਿੱਖ ਖਿਡਾਰੀ ਛੋਟਾ ਪਟਕਾ ਬੰਨ੍ਹ ਕੇ ਹੀ ਖੇਡਾਂ ਵਿੱਚ ਹਿੱਸਾ ਲੈਂਦੇ ਹਨ। ਇਸ ਪਹਿਲੀ ਦੌੜ ਤੋਂ ਬਾਅਦ ਉਨ੍ਹਾਂ ਨੇ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਕਈ ਵਿਸ਼ਵ ਰਿਕਾਰਡ ਆਪਣੇ ਨਾਮ ਕੀਤੇ। ਫ਼ੌਜਾਂ ਸਿੰਘ ਲਈ ਟੋਰਾਂਟੋ, ਕੈਨੇਡਾ 2003 'ਚ ਹੋਈ ਮੈਰਾਥਨ ਇਸ ਲਈ ਖ਼ਾਸ ਹੋ ਗਈ ਕਿਉਂਕਿ ਇਸ ਵਿੱਚ ਉਨ੍ਹਾਂ ਨੇ 42.195 ਕਿ:ਮਿ: ਲੰਮੀ ਦੌੜ 5 ਘੰਟੇ 40 ਮਿੰਟ ਵਿੱਚ ਪੂਰੀ ਕਰਕੇ ਆਪਣਾ ਸਰਬਸ੍ਰੇਸ਼ਟ ਪ੍ਰਦਰਸ਼ਨ ਕੀਤਾ।



ਅਕਤੂਬਰ 2011 'ਚ ਫੋਜ਼ਾ ਸਿੰਘ ਜੀ ਨੇ ਸਪੈਸ਼ਲ ਓਨਟਾਰੀਓ ਮਾਸਟਰ( ਟੋਰਾਂਟੋ, ਕੈਨੇਡਾ) ਵਿੱਚ ਭਾਗ ਲੈਂਦੇ ਹੋਏ ਇਕ ਹੀ ਦਿਨ ਵੱਖ ਵੱਖ ਵਰਗ (100 ਮੀ:, 200ਮੀ:, 400 ਮੀ:, 800 ਮੀ:, 1500ਮੀ:, 1 ਮੀਲ, 3000 ਮੀ:, 5000ਮੀ:) ਵਿੱਚ ਅੱਠ ਵਿਸ਼ਵ ਰਿਕਾਰਡ ਆਪਣੇ ਨਾਮ ਕੀਤੇ। 2011 'ਚ ਹੀ ਫ਼ੌਜਾਂ ਸਿੰਘ ਜੀ ਨੇ 100 ਸਾਲ ਦੀ ਉਮਰ ਵਿੱਚ 'ਟੋਰਾਂਟੋ ਵਾਟਰ ਫਰੰਟ' ਮੈਰਾਥਨ ਵਿੱਚ ਭਾਗ ਲੈ ਕੇ ਆਪਣੇ ਨਾਮ ਇਹ ਅਨੋਖਾ ਰਿਕਾਰਡ ਦਰਜ ਕੀਤਾ। ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈੱਥ-2 ਨੇ ਵੀ ਇੱਕ ਵਧਾਈ ਪੱਤਰ ਰਾਹੀ ਫ਼ੌਜਾ ਸਿੰਘ ਨੂੰ 100 ਸਾਲਾਂ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ ਭੇਜੀਆਂ। ਫਰਵਰੀ 2013 ਵਿਚ ਉਨ੍ਹਾਂ ਨੇ ਆਪਣੀ ਆਖ਼ਰੀ ਮੈਰਾਥਨ ਸਟੈਂਡਰਡ ਚਾਰਟਰਡ ਹਾਂਗਕਾਂਗ ਵਿਚ ਭਾਗ ਲੈ ਕੈ ਆਪਣੇ ਇਸ ਮੈਰਾਥਨ ਕੈਰੀਅਰ ਤੋਂ ਸੰਨਿਆਸ ਲੈ ਲਿਆ।

ਫ਼ੌਜਾ ਸਿੰਘ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਸ ਗੱਲ ਤੋ ਹੀ ਲਗਾਇਆ ਜਾ ਸਕਦਾ ਹੈ ਕਿ ਖੇਡਾਂ ਦਾ ਸਮਾਨ ਬਣਾਉਣ ਵਾਲੀ ਕੰਪਨੀ 'ਐਡੀਡਾਸ' ਨੇ 2004 'ਚ ਵਿੱਚ ਉਨ੍ਹਾਂ ਨੂੰ ਆਪਣੀ ਵਿਗਿਆਪਨ ਮੁਹਿੰਮ ਲਈ ਚੁਣਿਆ।ਇਸ ਮੁਹਿੰਮ ਦੀ ਟੈਗ ਲਾਈਨ ਸੀ Nothing is Impossible' ਭਾਵ ਕੀ ਕੁੱਝ ਵੀ ਅਸੰਭਵ ਨਹੀਂ। ਉਨ੍ਹਾਂ ਦੀ ਖ਼ੁਰਾਕ ਸ਼ੁੱਧ ਸ਼ਾਕਾਹਾਰੀ ਹੋਣ ਕਾਰਨ ਜਾਨਵਰਾਂ ਦੇ ਅਧਿਕਾਰਾਂ ਲਈ ਕੰਮ ਕਰ ਰਹੀ ਵਿਸ਼ਵ ਪ੍ਰਸਿੱਧ ਸੰਸਥਾ OPETA ਨੇ ਵੀ ਫ਼ੌਜਾਂ ਸਿੰਘ ਨੂੰ ਆਪਣੀ ਜਾਗਰੂਕਤਾ ਮੁਹਿੰਮ ਦਾ ਹਿੱਸਾ ਬਣਾਇਆ ਜਿਸ ਦਾ ਸਿਰਲੇਖ ਸੀ I am Fauja Singh And I am a Vegetarian 2012 'ਚ ਲੰਡਨ ਵਿਖੇ ਉਨ੍ਹਾਂ ਨੂੰ ਉਲੰਪਿਕ ਮਸ਼ਾਲ ਫੜ ਕੇ ਦੌੜਨ ਦਾ ਮਾਣ ਵੀ ਪ੍ਰਾਪਤ ਹੋਇਆ। ਫ਼ੌਜਾਂ ਸਿੰਘ ਜੀ ਨੂੰ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਅਨੇਕਾਂ ਮਾਣ ਸਨਮਾਨ ਨਾਲ ਨਿਵਾਜਿਆ ਗਿਆ , ਜਿਨ੍ਹਾਂ ਵਿੱਚ 'ਬ੍ਰਿਟਿਸ਼ ਇੰਮਪਾਇਰ ਮੈਡਲ' ਮਿਲਣਾ ਉਨ੍ਹਾਂ ਦੀ ਬਹੁਤ ਵੱਡੀ ਪ੍ਰਾਪਤੀ ਹੈ। ਉਨ੍ਹਾਂ ਦੁਆਰਾ ਜਿੰਨਾ ਮੈਰਾਥਨ ਦੌੜਾਂ ਵਿੱਚ ਭਾਗ ਲਿਆ, ਉਹ ਸਮਾਜਿਕ ਭਲਾਈ ਲਈ ਫ਼ੰਡ ਇਕੱਠੇ ਕਾਰਨ ਲਈ ਹੀ ਆਯੋਜਿਤ ਕੀਤੀਆਂ ਗਈਆਂ ਸਨ। ਅਮਰੀਕਾ ਵਿੱਚ ਹੋਏ 9/11 ਦੇ ਹਮਲੇ ਤੋਂ ਬਾਅਦ ਸਿੱਖ ਭਾਈਚਾਰੇ ਨੂੰ ਕਈ ਨਸਲੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਸਿੱਖ ਧਰਮ ਬਾਰੇ ਅਮਰੀਕਾ 'ਚ ਆਮ ਲੋਕਾਂ ਨੂੰ ਬਹੁਤ ਘੱਟ ਜਾਣਕਾਰੀ ਸੀ ਇਸ ਲਈ ਸਿੱਖ ਭਾਈਚਾਰੇ ਦੀ ਅਲੱਗ ਪਹਿਚਾਣ ਤੋਂ ਜਾਣੂ ਕਰਵਾਉਣ ਲਈ ਸ. ਫੋਜ਼ਾ ਸਿੰਘ ਨੇ ਨਿਊ ਯਾਰਕ ਵਿੱਚ ਆਯੋਜਿਤ ਮੈਰਾਥਨ ਵਿਚ ਆਪਣੀ ਖ਼ਰਾਬ ਸਿਹਤ ਦੀ ਪ੍ਰਵਾਹ ਕੀਤੇ ਬਿਨਾਂ ਭਾਗ ਲਿਆ ਜਿਸ ਦੀ ਅਮਰੀਕਾ ਮੀਡੀਆ ਵਿੱਚ ਕਾਫ਼ੀ ਚਰਚਾ ਹੋਈ। ਫ਼ੌਜਾਂ ਸਿੰਘ ਜੀ ਅਨੁਸਾਰ ਉਸ ਦੀ ਦਾੜ੍ਹੀ ਅਤੇ ਦਸਤਾਰ ਕਾਰਨ ਹੀ ਦੁਨੀਆ ਵਿੱਚ ਇਕ ਅਲੱਗ ਪਹਿਚਾਣ ਬਣੀ। ਅਮਰੀਕਾ ਵਿੱਚ ਹੀ ਉਨ੍ਹਾ ਨੂੰ ÒEllis Island Peace Award' ਨਾਲ ਹੀ ਸਨਮਾਨਿਤ ਕੀਤਾ ਉਹ ਅਜਿਹਾ ਸਨਮਾਨ ਪ੍ਰਾਪਤ ਕਰਨ ਵਾਲੇ ਪਹਿਲੇ ਗੈਰ-ਅਮਰੀਕੀ ਵਿਅਕਤੀ ਹਨ। 2004 'ਚ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨੇ ਸ. ਫੋਜ਼ਾ ਸਿੰਘ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੇ 300 ਸਾਲਾਂ ਸਮਾਗਮ ਅਧੀਨ ਚਮਕੌਰ ਸਾਹਿਬ ਤੋਂ ਫ਼ਤਿਹਗੜ੍ਹ ਸਾਹਿਬ ਤੱਕ ਆਯੋਜਿਤ ਮੈਰਾਥਨ ਵਿੱਚ ਹਿੱਸਾ ਲੈਣ ਲਈ ਜਦ ਸੱਦਾ ਪੱਤਰ ਭੇਜਿਆ ਤਾਂ ਉਹ ਬੜੀ ਗਰਮ ਜੋਸ਼ੀ ਨਾਲ ਇਸ ਦੌੜ ਵਿੱਚ ਸ਼ਾਮਿਲ ਹੋਣ ਲਈ ਪੰਜਾਬ ਆਏ।

ਫ਼ੌਜਾਂ ਸਿੰਘ ਦੇ ਪ੍ਰਸੰਸਕਾਂ ਦੁਆਰਾ ਉਨ੍ਹਾਂ ਨੂੰ ਅਲੱਗ-ਅਲੱਗ ਨਾਮ ਦਿੱਤੇ ਗਏ ਜਿਵੇਂ 'ਸਿੱਖ ਸੁਪਰ ਮੈਨ', 'ਟਰਬਨੇਡ ਟੋਰਾਨਡੋ' ਅਤੇ 'ਰਨਿੰਗ ਬਾਬਾ', 'ਟਰਬਨੇਡ ਟੋਰਾਨਡੋ' ਸਿਰਲੇਖ ਅਧੀਨ ਹੀ ਲੇਖਕ ਖ਼ੁਸ਼ਵੰਤ ਸਿੰਘ ਜੀ ਦੁਆਰਾ ਉਨ੍ਹਾਂ ਦੀ ਜੀਵਨੀ ਤੇ ਲਿਖੀ ਕਿਤਾਬ 2011 'ਚ ਬਰਤਾਨੀਆ ਦੇ ਹਾਊਸ ਆਫ਼ ਲਾਰਡਸ ਦੇ ਅਟਲੀ ਭਵਨ ਵਿਖੇ ਨੋਰਵੌਡ ਗ੍ਰੀਨ ਦੇ ਲਾਰਡ ਐਂਥਨੀ ਯੰਗ ਅਤੇ ਬ੍ਰਿਟਿਸ਼ ਕੋਰਟ ਦੇ ਸੇਵਾ ਮੁਕਤ ਪਹਿਲੇ ਸਿੱਖ ਜੱਜ ਸਰ ਮੋਤਾ ਸਿੰਘ ਵੱਲੋਂ ਜਾਰੀ ਕੀਤੀ ਗਈ। ਸਰਦਾਰ ਫ਼ੌਜਾਂ ਸਿੰਘ ਜੀ ਬਾਰੇ ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ :-

'ਮੰਜ਼ਿਲ ਉਨਹੀ ਕੋ ਮਿਲਤੀ ਹੈ,
ਜਿਨਕੇ ਸੁਪਨੇਂ ਮੇਂ ਜਾਨ ਹੋਤੀ ਹੈ।
ਪੰਖੋਂ ਸੇ ਕੁਛ ਨਹੀਂ ਹੋਤਾ,
ਹੌਸਲੇ ਸੇ ਉਡਾਨ ਹੋਤੀ ਹੈ।'

# ਕਿਤਾਬ ਲਿਖਣ ਦੀ ਦਹਿਸ਼ਤ - ਇਜ਼ਾਡੋਰਾ ਡੰਕਨ



ਅਨੁਵਾਦ-ਕੇਹਰ ਸ਼ਰੀਫ
+49 173 3546050

ਮੈਂ ਸਵੀਕਾਰ ਕਰਦੀ ਹਾਂ ਕਿ ਜਦੋਂ ਮੇਰੇ ਸਾਹਮਣੇ ਇਹ ਸੁਝਾਅ ਰੱਖਿਆ ਗਿਆ ਤਾਂ ਇਸ ਕਿਤਾਬ ਨੂੰ ਲੈ ਕੇ ਮੇਰੇ ਮਨ ਵਿਚ ਇਕ ਡਰ ਜਿਹਾ ਸੀ। ਅਜਿਹਾ ਨਹੀਂ ਕਿ ਮੇਰੀ ਜ਼ਿੰਦਗੀ ਕਿਸੇ ਨਾਵਲ ਤੋਂ ਘੱਟ ਦਿਲਚਸਪ ਰਹੀ ਹੈ, ਜਾਂ ਕਿਸੇ ਫਿਲ਼ਮ ਤੋਂ ਘੱਟ ਰੋਮਾਂਚਿਕ ਰਹੀ ਹੈ ਅਤੇ ਜੇ ਠੀਕ ਤਰ੍ਹਾਂ ਲਿਖੀ ਜਾਵੇ ਤਾਂ ਖ਼ੂਬ ਸਨਸਨੀ ਭਰਪੂਰ ਸਾਬਿਤ ਨਾ ਹੋਵੇ। ਪਰ ਇਹ ਹੀ ਇਕ ਮੁਸ਼ਕਿਲ ਹੈ-ਇਸ ਸਭ ਕੁੱਝ ਨੂੰ ਸਫਿਆਂ 'ਤੇ ਉਤਾਰਨਾ।

ਕਈ ਸਾਲਾਂ ਦੇ ਸੰਘਰਸ਼, ਮਿਹਨਤ ਅਤੇ ਸਾਧਨਾ ਤੋਂ ਬਾਅਦ ਮੈਂ ਇਕ ਸਮਾਨ ਨ੍ਰਿਤ ਮੁਦਰਾ ਪੇਸ਼ ਕਰਨਾ ਸਿੱਖ ਸਕੀ ਹਾਂ। ਲਿਖਣ ਦੀ ਕਲਾ ਬਾਰੇ ਵੀ ਮੈਂ ਇੰਨਾ ਹੀ ਜਾਣਦੀ ਹਾਂ ਕਿ ਇਕ ਸਾਧਾਰਣ ਖੁਬਸੂਰਤ ਵਾਕ ਲਿਖਣ ਵਾਸਤੇ ਮੈਨੂੰ ਫਿਰ ਤੋਂ ਸਖਤ ਮਿਹਨਤ ਕਰਨੀ ਪਵੇਗੀ। ਕਈ ਵਾਰ ਮੈਂ ਸੋਚਿਆ ਕਿ ਭਾਵੇਂ ਕੋਈ ਵਿਅਕਤੀ ਭੂ-ਮਧ ਰੇਖਾ ਤੱਕ ਜਾ ਆਵੇ ਅਤੇ ਉੱਥੇ ਸ਼ੇਰਾਂ ਅਤੇ ਚੀਤਿਆਂ ਨਾਲ ਉਸਦੇ ਬੜੇ ਰੋਮਾਂਚਿਕ ਅਨੁਭਵ ਹੋਣ, ਪਰ ਜਦੋਂ ਉਹ ਇਹ ਸਭ ਕੁੱਝ ਲਿਖਣ ਵਾਸਤੇ ਬੈਠੇ ਤਾਂ ਹੋ ਸਕਦਾ ਹੈ ਬੁਰੀ ਤਰ੍ਹਾਂ ਅਸਫਲ ਹੋ ਜਾਵੇ। ਦੂਜੇ ਪਾਸੇ ਇਕ ਅਜਿਹਾ ਵਿਅਕਤੀ ਹੈ ਜਿਸਨੇ ਆਪਣੇ ਘਰ ਦੀ ਸਰਦਲ ਵੀ ਨਾ ਟੱਪੀ ਹੋਵੇ ਪਰ ਹੋ ਸਕਦਾ ਹੈ ਜਦੋਂ ਉਹ ਲਿਖਣ ਬੈਠੇ ਤਾਂ ਜੰਗਲਾਂ ਵਿਚ ਸ਼ੇਰ ਦੇ ਸ਼ਿਕਾਰ ਦਾ ਇੰਨਾ ਦਿਲਚਸਪ ਵਰਨਣ ਕਰੇ ਤਾਂ ਪਾਠਕਾਂ ਨੂੰ ਮਹਿਸੂਸ ਹੋਵੇ ਕਿ ਲੇਖਕ ਖੁਦ ਉੱਥੇ ਮੌਜੂਦ ਸੀ। ਉਸਦੀ ਕਲਮ ਦਾ ਜਾਦੂ ਪਾਠਕਾਂ ਨੂੰ ਜੰਗਲ ਦੇ ਇੰਨਾ ਵਿੱਚ ਲੈ ਜਾਵੇ ਕਿ ਉਹ ਸ਼ੇਰਾਂ ਦੀ ਦਹਾੜ ਸੁਣ ਸਕੇ ਅਤੇ ਉਸਦੀ ਗੰਧ ਆਪਣੇ ਸਾਹਾਂ ਵਿਚ ਮਹਿਸੂਸ ਕਰ ਸਕੇ। ਜਦੋਂ ਕਿ ਸਭ ਕੁੱਝ ਸਿਰਫ ਲੇਖਕ ਦੀ ਕਲਪਨਾ ਵਿਚ ਵਾਪਰ ਰਿਹਾ ਹੁੰਦਾ ਹੈ। ਇਸ ਕਰਕੇ ਮੈਨੂੰ ਡਰ ਮਹਿਸੂਸ ਹੁੰਦਾ ਹੈ ਕਿ ਭਾਵੇਂ ਮੇਰੀ ਜ਼ਿੰਦਗੀ ਵਿਚ ਇਕ ਤੋਂ ਇਕ ਖੁਬਸੂਰਤ ਹਾਦਸੇ ਹੋਏ ਹੋਣ ਪਰ ਕਿਧਰੇ ਲਿਖਦੇ ਸਮੇਂ ਮੇਰੀ ਕਲਮ ਮੈਨੂੰ ਧੋਖਾ ਨਾ ਦੇ ਜਾਵੇ। ਇਕ ਹੋਰ ਗੱਲ ਵੀ ਹੈ, ਅਸੀਂ ਆਪਣੇ ਬਾਰੇ ਸੱਚ ਕਿਵੇਂ ਲਿਖ ਸਕਦੇ ਹਾਂ? ਇਸਦਾ ਸਾਨੂੰ ਪਤਾ ਵੀ ਹੈ ਕਿ ਉਹ ਕੀ ਹੈ? ਸਾਡੀ ਇਕ ਤਸਵੀਰ ਉਹ ਹੈ ਜੋ ਸਾਡੇ ਮਿੱਤਰਾਂ ਦੀ ਨਜ਼ਰ ਵਿਚ ਹੈ, ਇਕ ਉਹ ਜੋ ਸਾਡੀ ਆਪਣੀ ਨਜ਼ਰ ਵਿਚ ਹੈ, ਉਹ ਵੱਖਰੀ ਜੋ ਸਾਡੇ ਪ੍ਰੇਮੀ ਦੀ ਨਜ਼ਰ ਵਿਚ ਹੈ, ਇਕ ਤਸਵੀਰ ਉਹ ਵੀ ਹੈ ਜੋ ਸਾਡੇ ਦੁਸ਼ਮਣਾਂ ਦੀ ਨਜ਼ਰ ਵਿਚ ਹੈ। ਇਹ ਸਭ ਤਸਵੀਰਾਂ ਵੱਖੋ-ਵੱਖਰੀਆਂ ਹਨ। ਮੈਨੂੰ ਇਸ ਸਭ ਕੁੱਝ ਦਾ ਖਾਸ ਅਨੁਭਵ ਹੈ। ਇਕ ਸਵੇਰ ਨੂੰ ਮੈਂ ਕੌਫੀ ਪੀਂਦੇ ਹੋਏ ਥੋੜ੍ਹੀ ਅਖਬਾਰੀ ਆਲੋਚਨਾ ਪੜ੍ਹਨ ਦਾ ਸੋਚਿਆ। ਪਹਿਲਾ ਜਿਹੜਾ ਅਖਬਾਰ ਚੁੱਕਿਆ ਤਾਂ ਉਸ ਵਿਚ ਲਿਖਿਆ ਸੀ ਕਿ ਮੈਂ ਕਿਸੇ ਦੇਵੀ ਵਾਂਗ ਖੂਬਸੂਰਤ ਹਾਂ ਅਤੇ ਬਹੁਤ ਹੀ ਗੁਣਵੰਤੀ ਹਾਂ। ਮੇਰੀ ਖੁਸ਼ੀ ਅਤੇ ਮੁਸਕਾਣ ਅਜੇ ਪੂਰੀ ਤਰ੍ਹਾਂ ਉਭਰੀ ਵੀ ਨਹੀਂ ਸੀ ਕਿ ਅਗਲੇ ਹੀ ਅਖਬਾਰ ਵਿਚ ਮੈਂ ਪੜ੍ਹਿਆ ਕਿ ਮੈਂ ਬਿਲਕੁੱਲ ਪ੍ਰਤਿਭਾਹੀਣ ਹਾਂ ਅਤੇ ਖੁਬਸੂਰਤੀ ਦੇ ਮਾਪਦੰਡਾਂ ਉੱਤੇ ਕਿਧਰੇ ਵੀ ਖ਼ਰੀ ਨਹੀਂ ਉਤਰਦੀ।

ਮੈਂ ਜਲਦੀ ਹੀ ਆਪਣੇ ਕੰਮ ਦੀ ਆਲੋਚਨਾ ਪੜ੍ਹਨੀ ਬੰਦ ਕਰ ਦਿੱਤੀ। ਮੈਂ ਇਹ ਤਾਂ ਨਹੀਂ ਕਹਿ ਸਕਦੀ ਸੀ ਕਿ ਸਿਰਫ ਚੰਗੀ ਆਲੋਚਨਾ ਹੀ ਛਪੇ ਪਰ ਭੈੜੀਆਂ ਟਿੱਪਣੀਆਂ ਬਹੁਤ ਹੀ ਜ਼ਿਆਦਾ ਦੁਖੀ ਅਤੇ ਅ-ਸਹਿਜ ਕਰ ਦੇਣ ਵਾਲੀਆਂ ਹੁੰਦੀਆਂ ਸਨ। ਬਰਲਿਨ ਵਿਚ ਇਕ ਸਮੀਖਿਆਕਾਰ ਸੀ ਜੋ ਮੇਰੇ ਬਾਰੇ ਸਦਾ ਹੀ ਅਪਮਾਨਜਨਕ ਟਿੱਪਣੀਆਂ ਲਿਖਦਾ ਰਹਿੰਦਾ ਸੀ ਖਾਸ ਕਰਕੇ ਉਸਦੀ ਇਹ ਧਾਰਨਾ ਕਿ ਮੈਂ ਅ-ਸੰਗੀਤਕ ਹਾਂ, ਮੈਨੂੰ ਬਹੁਤ ਚੁਭੀ। ਇਕ ਦਿਨ ਸੁਨੇਹਾ ਘੱਲਕੇ ਉਸਨੂੰ ਆਪਣੇ ਘਰ ਸੱਦਿਆ ਅਤੇ ਕਿਹਾ ਕਿ ਮੈਂ ਉਸਨੂੰ ਯਕੀਨ ਦਵਾ ਦੇਵਾਂਗੀ ਕਿ ਉਸਦਾ ਦੋਸ਼ ਗਲਤ ਹੈ। ਉਹ ਆਇਆ ਤੇ ਸਾਹਮਣੇ ਬੈਠ ਗਿਆ। ਮੈਂ ਲੱਗਭਗ ਡੇਢ ਘੰਟੇ ਤੱਕ ਉਸਨੂੰ ਆਪਣੇ ਸੰਗੀਤ ਅਤੇ ਨ੍ਰਿਤ (ਨਾਚ) ਦੀਆਂ ਬਾਰੀਕੀਆਂ ਬਾਰੇ ਸਮਝਾਉਂਦੀ ਰਹੀ। ਮੈਂ ਮਹਿਸੂਸ ਕੀਤਾ ਉਹ ਬਿਲਕੁੱਲ ਬੁੱਤ ਵਾਂਗ ਬੈਠਾ ਹੋਇਆ ਹੈ। ਮੇਰੀ ਹੈਰਾਨੀ ਅਤੇ ਗੁੱਸੇ ਦੀ ਕੋਈ ਹੱਦ ਨਾ ਰਹੀ। ਜਦੋਂ ਉਸਨੇ ਆਪਣੀ ਜੇਬ ਵਿਚੋਂ ਡੇਮੋਫੋਨ ਕੱਢਦੇ ਹੋਏ ਮੈਨੂੰ ਦੱਸਿਆ ਕਿ ਉਹ ਲੱਗਭਗ ਬੋਲ਼ਾ (ਸੁਣ ਨਹੀਂ ਸਕਦਾ) ਹੈ। ਅਤੇ ਉਹ ਸੁਣਨ ਵਾਲੀ ਮਸ਼ੀਨ ਕੰਨਾਂ ਵਿਚ ਲਾ ਕੇ ਵੀ ਮੁਸ਼ਕਿਲ ਨਾਲ ਆਰਕੈਸਟਰਾ ਸੁਣ ਸਕਦਾ ਹੈ ਭਾਵੇਂ ਕਿ ਉਹ ਸਦਾ ਹੀ ਮੂਹਰਲੀ ਕਤਾਰ ਵਿਚ ਬੈਠਦਾ ਹੈ। ਇਹ ਸੀ ਉਹ ਵਿਅਕਤੀ ਜਿਸ ਦੀਆਂ ਟਿੱਪਣੀਆਂ ਪੜ੍ਹਕੇ ਮੈਂ ਆਪਣੀ ਰਾਤਾਂ ਦੀ ਨੀਂਦ ਗਵਾ ਬੈਠੀ ਸੀ। ਹਰ ਪਾਸਿਉਂ ਲੋਕ ਸਾਡੀ ਵੱਖਰੀ ਤਸਵੀਰ ਦੇਖਦੇ ਹਨ। ਫੇਰ ਉਹ ਕਿਹੜੀ ਤਸਵੀਰ ਹੈ, ਕਿਹੜਾ ਵਿਅਕਤਿਤਵ (ਪਹਿਚਾਣ) ਹੈ, ਜੋ ਸਾਡੀ ਅਸਲੀ ਸਖਸ਼ੀਅਤ ਹੈ ਅਤੇ ਜਿਸ ਦੇ ਬਾਰੇ ਇਸ ਤਰ੍ਹਾਂ ਦੀ ਕਿਤਾਬ ਵਿਚ ਲਿਖਿਆ ਜਾਵੇ? ਕਿਸੇ ਨੇ ਸੱਚ ਹੀ ਕਿਹਾ ਹੈ ਕਿ ਲਿਖਣ ਦੀ ਪਹਿਲੀ ਸ਼ਰਤ ਇਹ ਹੈ ਕਿ ਲੇਖਕ ਨੂੰ ਉਸ ਚੀਜ਼ ਬਾਰੇ ਕੋਈ ਅਨੁਭਵ ਨਹੀਂ ਹੋਣਾ ਚਾਹੀਦਾ, ਜੋ ਚੀਜ਼ ਇਨਸਾਨ ਨੇ ਖੁਦ ਅਨੁਭਵ ਕੀਤੀ ਹੋਵੇ ਅਤੇ ਉਸਦੇ ਬਾਰੇ ਲਿਖੇ ਤਾਂ ਸ਼ਬਦ ਧੋਖਾ ਦੇਣ ਲਗਦੇ ਹਨ। ਸਾਡੀਆਂ ਯਾਦਾਂ ਕਦੇ ਵੀ ਓਨੀਆਂ ਸਪਸ਼ਟ ਨਹੀਂ ਹੁੰਦੀਆਂ ਜਿੰਨੇ ਸਾਡੇ ਸੁਫਨੇ। ਇਹ ਸੱਚ ਹੀ ਹੈ ਕਿਉਂਕਿ ਕਈ ਅਜਿਹੇ ਸੁਫਨੇ ਹਨ ਜੋ ਮੈਨੂੰ ਆਪਣੀਆਂ ਸੱਚੀਆਂ ਯਾਦਾਂ ਤੋਂ ਵੱਧ ਚੰਗੀ ਤਰ੍ਹਾਂ ਯਾਦ ਹਨ।

ਜ਼ਿੰਦਗੀ ਖੁਦ ਇਕ ਸੁਫਨਾ ਹੈ। ਇਹ ਠੀਕ ਹੀ ਤਾਂ ਹੈ ਜੋ ਅਜਿਹਾ ਹੈ ਨਹੀਂ ਤਾਂ ਕੌਣ ਇਸਦੇ ਕੌੜੇ ਅਨੁਭਵਾਂ ਨੂੰ ਝੱਲ ਸਕਦਾ? ਮਿਸਾਲ ਵਜੋਂ ਲੁਸੀਤਾਨੀਆਂ ਜਹਾਜ਼ ਦੇ ਡੁੱਬਣ ਦਾ ਭਿਆਨਕ ਹਾਦਸਾ ਹੀ ਲੈ ਲਵੋ। ਉਸ ਤਰ੍ਹਾਂ ਦੇ ਦਿਲ ਦਹਿਲਾ ਦੇਣ ਵਾਲੇ ਅਨੁਭਵ ਵਿੱਚੋਂ ਗੁਜ਼ਰਨੇ ਵਾਲੇ ਮੁਸਾਫਰਾਂ ਦੇ ਚਿਹਰੇ 'ਤੇ ਹਮੇਸ਼ਾ ਵਾਸਤੇ ਦਹਿਸ਼ਤ ਛਾ ਜਾਣੀ ਚਾਹੀਦੀ ਸੀ। ਜਦੋਂ ਕਿ ਸਚਾਈ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਹੱਸਦੇ-ਖੇਡਦੇ ਦੇਖਦੇ ਹਾਂ। ਇਹ ਸਿਰਫ ਰੋਮਾਂਸ ਵਾਲੇ ਨਾਵਲਾਂ ਵਿਚ ਹੀ ਹੁੰਦਾ ਹੈ ਕਿ ਲੋਕਾਂ ਵਿਚ ਅਚਾਨਕ ਜਬਰਦਸਤ ਤਬਦੀਲੀ ਆ ਜਾਂਦੀ ਹੈ। ਅਸਲੀ ਜ਼ਿੰਦਗੀ ਵਿਚ ਭਿਆਨਕ ਤੋਂ ਭਿਆਨਕ ਅਨੁਭਵ ਤੋਂ ਬਾਅਦ ਵੀ ਲੋਕਾਂ ਦਾ ਬੁਨਿਆਦੀ ਸੁਭਾਅ/ਖਾਸਾ ਉਹ ਹੀ ਰਹਿੰਦਾ ਹੈ। ਉਨ੍ਹਾਂ ਰੂਸੀ ਨਵਾਬਜ਼ਾਦਿਆਂ ਦੀਆਂ ਜ਼ਿੰਦਗੀਆਂ ਵੱਲ ਨਿਗਾਹ ਮਾਰੋ ਜਿਨ੍ਹਾਂ ਦਾ ਅਚਾਨਕ ਸਭ ਕੁੱਝ ਖੋਹਿਆ ਗਿਆ ਉਹ ਅੱਜ ਵੀ ਕਲੱਬਾਂ ਅਤੇ ਪੱਬਾਂ (ਸ਼ਰਾਬਖਾਨਿਆਂ) ਅੰਦਰ ਨਤ੍ਰਕੀਆਂ ਨਾਲ ਨੱਚਦੇ-ਮੇਲ਼ਦੇ ਹਨ ਜਿਵੇਂ ਕਿ ਯੁੱਧ ਤੋਂ ਪਹਿਲਾਂ।

ਕੋਈ ਵੀ ਔਰਤ ਜਾਂ ਆਦਮੀ ਜਿਹੜਾ ਆਪਣੇ ਜੀਵਨ ਦਾ ਸੱਚ ਦੱਸੇਗਾ, ਉਹ ਮਹਾਨ ਕਿਤਾਬ ਲਿਖੇਗਾ ਪਰ ਕਿਸੇ ਨੇ ਵੀ ਆਪਣੇ ਜੀਵਨ ਦਾ ਸੱਚ ਲਿਖਣ ਦੀ ਹਿੰਮਤ ਨਹੀਂ ਕੀਤੀ। ਜੀਨ ਜਾਕ ਰੂਸੋ ਨੇ ਮਨੁੱਖਤਾ ਦੇ ਲਈ ਇਹ ਮਹਾਨ ਕੁਰਬਾਨੀ ਕੀਤੀ। ਆਪਣੀ ਆਤਮਾ ਦੇ ਸੱਚ ਨੂੰ ਆਪਣੇ ਨਾਲ ਵਾਪਰੇ ਭੈੜਾਂ ਅਤੇ ਵਿਚਾਰਾਂ ਨੂੰ ਬੇਨਕਾਬ ਕਰਕੇ। ਸਿੱਟਾ ਹੈ ਇਕ ਮਹਾਨ ਕਿਤਾਬ। ਵਾਲਟ ਵਿਟਮੈਨ ਨੇ ਅਮਰੀਕਾ ਨੂੰ ਆਪਣਾ ਸੱਚ ਦੱਸਿਆ। ਉਹ ਵੀ ਸਮਾਂ ਸੀ ਜਦੋਂ ਉਸਦੀ ਕਿਤਾਬ ਅ-ਨੈਤਿਕ ਕਿਤਾਬ ਦੇ ਰੂਪ ਵਿਚ ਪਾਬੰਦੀ ਹੇਠ ਰਹੀ। ਅੱਜ ਇਹ ਦੋਸ਼ ਸਾਨੂੰ ਬੇਹੂਦਾ ਲਗਦਾ ਹੈ। ਕਿਸੇ ਵੀ ਔਰਤ ਨੇ ਕਦੀਂ ਵੀ ਆਪਣੇ ਜੀਵਨ ਦਾ ਸੱਚ ਨਹੀਂ ਲਿਖਿਆ। ਬਾਕੀ ਦੀਆਂ ਪ੍ਰਸਿੱਧ ਔਰਤਾਂ ਦੀਆਂ ਜੀਵਨੀਆਂ ਉਨ੍ਹਾਂ ਦੇ ਬਾਹਰੀ ਹੋਂਦ/ਜੀਵਨ ਦਾ, ਬੇਅਰਥੀਆਂ ਸੂਚਨਾਵਾਂ ਦਾ ਅਤੇ ਦਿਲਚਸਪੀ ਵਾਲੇ ਪ੍ਰਸੰਗਾ ਦਾ ਗੁਣ-ਗਾਣ / ਲੇਖਾ ਜੋਖਾ ਹੀ ਹੈ। ਖੁਸ਼ੀ ਅਤੇ ਪੀੜ ਦੇ ਮਹਾਨ ਪਲਾਂ ਬਾਰੇ ਉਹ ਬਿਲਕੁੱਲ ਚੁੱਪ ਹਨ। ਮੇਰੀ ਕਲਾ ਮੇਰੀ ਹੋਂਦ ਦੀ ਸਚਾਈ ਨੂੰ ਅੱਗੇ ਤੋਰਨ ਅਤੇ ਆਪਣੇ ਹੀ ਹਾਵ-ਭਾਵ (ਅੰਦਾਜ਼) ਨਾਲ ਪੇਸ਼ ਕਰਨ ਦਾ ਜਤਨ ਹੀ ਤਾਂ ਹੈ। ਪੂਰਨ ਤੌਰ ਤੇ ਚਾਲ/ਤਰਤੀਬ ਦਾ ਅਭਿਆਸ ਕਰਨ ਵਾਸਤੇ ਮੈਨੂੰ ਸਾਲਾਂ ਦਾ ਸਮਾਂ ਲੱਗਾ ਹੈ। ਸ਼ਬਦਾਂ ਦੇ ਆਪਣੇ ਵੱਖਰੇ ਅਰਥ ਹਨ। ਮੇਰਾ ਨ੍ਰਿਤ (ਨਾਚ) ਦੇਖਣ ਆਏ ਦਰਸ਼ਕਾਂ ਦੇ ਸਾਹਮਣੇ ਮੈਨੂੰ ਕਦੇ ਕਿਸੇ ਕਿਸਮ ਦਾ ਕੋਈ ਸੰਕੋਚ ਨਹੀਂ ਹੋਇਆ। ਮੈਂ ਆਪਣੀ ਆਤਮਾਂ ਦੇ ਸਭ ਤੋਂ ਆਤਮਕ ਸੱਚ ਨੂੰ ਉਨ੍ਹਾਂ ਦੇ ਸਾਹਮਣੇ ਪੇਸ਼ ਕੀਤਾ ਹੈ। ਸ਼ੁਰੂ ਤੋਂ ਹੀ ਮੈਂ ਹਮੇਸ਼ਾ ਆਪਣੀ ਜ਼ਿੰਦਗੀ ਨੂੰ ਨ੍ਰਿਤ ਵਿਚ ਢਾਲ ਕੇ ਪੇਸ਼ ਕੀਤਾ ਹੈ। ਬਚਪਨ ਵਿਚਲਾ ਚੀਜ਼ਾਂ ਨੂੰ ਉਗਾਣ ਦਾ ਸਹਿਜ ਅੰਦਾਜ, ਕਿਸ਼ੋਰ ਅਵਸਥਾ (ਚੜ੍ਹਦੀ ਜੁਆਨੀ) ਵੇਲੇ ਦੇ ਜ਼ਿੰਦਗੀ ਦੇ ਲੁਕੇ ਭੇਤਾਂ ਦਾ ਪਹਿਲਾ ਅਹਿਸਾਸ, ਸੁਹੱਪਣ ਦਾ ਜੀਵਨ ਦੀ ਕੌੜੀ ਸੱਚਾਈ ਅਤੇ ਕਠੋਰਤਾ ਦਾ ਸਹੀ ਬਿਆਨ ਇਹ ਹੀ ਸਭ ਮੈਂ ਆਪਣੇ ਨਾਚ ਵਿਚ ਪੇਸ਼ ਕਰਦੀ ਰਹੀ।

ਪਾਤਰ ਦੀ ਅਸਲੀ ਸੱਚਾਈ ਤੋਂ ਜਿੰਨੀ ਦੂਰ ਆਮ ਫਿਲਮਾਂ, ਨਾਟਕਾਂ ਅਤੇ ਨਾਵਲਾਂ ਦੇ ਨਾਇਕ ਅਤੇ ਨਾਇਕਾਵਾਂ ਹੁੰਦੀਆਂ ਹਨ ਓਨਾ ਸ਼ਾਇਦ ਹੋਰ ਕੋਈ ਨਹੀਂ। ਸਭ ਤਰ੍ਹਾਂ ਦੇ ਗੁਣਾਂ ਨਾਲ ਭਰੇ ਹੋਏ ਇਨ੍ਹਾਂ ਨਾਇਕ ਨਾਇਕਾਵਾਂ ਵਾਸਤੇ ਕੁੱਝ ਵੀ ਗਲਤ ਕਰਨਾ ਅਸੰਭਵ ਹੈ। ਸੱਜਣਤਾਈ, ਸਾਹਸ, ਬਹਾਦਰੀ .... ਆਦਿ ਨਾਇਕ ਵਾਸਤੇ ਅਤੇ ਪਵਿੱਤਰਤਾ, ਕੋਮਲਤਾ ਬਗੈਰਾ ਨਾਇਕਾ ਵਾਸਤੇ। ਸਭ ਭੈੜ ਅਤੇ ਬੁਰੇ ਕੰਮ ਕਹਾਣੀ ਦੇ ਖਲਨਾਇਕ ਅਤੇ ਖਲਨਾਇਕਾ ਵਾਸਤੇ। ਜਦੋਂ ਅਸੀਂ ਜਾਣਦੇ ਹਾਂ ਕਿ ਅਸਲ ਵਿਚ ਕੋਈ ਵੀ ਸਿਰਫ ਚੰਗਾ ਜਾਂ ਸਿਰਫ ਬੁਰਾ ਨਹੀਂ ਹੁੰਦਾ। ਸਾਡੇ ਵਿਚੋਂ ਸਭ ਦੇ ਸਭ ਭਾਵੇਂ ਨੈਤਿਕ ਕਦਰਾਂ ਨੂੰ ਨਾ ਤੋੜਨ ਪਰ ਸਾਡੇ ਸਭ ਦੇ ਅੰਦਰ ਉਨ੍ਹਾਂ ਨੂੰ ਤੋੜਨ ਦੀ ਸੰਭਾਵਨਾ ਜਰੂਰ ਮੌਜੂਦ ਹੈ। ਸਾਡੇ ਸਭ ਦੇ ਅੰਦਰ ਇਕ ਕਾਨੂੰਨ ਤੋੜਨ ਵਾਲਾ ਲੁਕਿਆ ਹੋਇਆ ਹੈ ਜੋ ਪਹਿਲਾ ਮੌਕਾ ਮਿਲਦਿਆਂ ਹੀ ਛੜੱਪਾ ਮਾਰ ਕੇ ਬਾਹਰ ਆ ਜਾਂਦਾ ਹੈ। ਚੰਗੇ ਲੋਕ ਤਾਂ ਸਿਰਫ ਉਹ ਹੀ ਹਨ ਜਿਨ੍ਹਾਂ ਨੂੰ ਜਾਂ ਤਾਂ ਯੋਗ ਮੌਕੇ ਨਹੀਂ ਮਿਲੇ ਜਾਂ ਕਿਸੇ ਖਾਸ ਉਦੇਸ਼ ਨਾਲ ਜੁੜੇ ਹੋਣ ਕਰਕੇ ਕਿਸੇ ਦਿਸ਼ਾ ਵਿਚ ਇੰਨੇ ਰੁੱਝੇ ਹੋਏ ਹਨ ਕਿ ਉਨ੍ਹਾਂ ਨੂੰ ਹੋਰ ਪਾਸੇ ਦੇਖਣ ਦੀ ਫੁਰਸਤ ਹੀ ਨਹੀਂ ਮਿਲੀ।

ਇਕ ਵਾਰ ਮੈਂ ਬਹੁਤ ਹੀ ਗਜ਼ਬ ਦੀ ਫਿਲਮ ਦੇਖੀ ਦੀ 'ਦ ਰੇਲ', ਵਿਸ਼ਾ ਇਹ ਸੀ ਕਿ ਮਨੁੱਖਾਂ ਦੀਆਂ ਜ਼ਿੰਦਗੀਆਂ ਪਟੜੀ ਤੇ ਭੱਜ ਰਹੇ ਰੇਲ ਦੇ ਇੰਜਣ ਵਾਂਗ ਹਨ। ਜੇ ਕਿਧਰੇ ਇੰਜਣ ਪਟੜੀ ਤੋਂ ਉਤਰ ਜਾਂਦਾ ਹੈ ਜਾਂ ਰਸਤੇ ਵਿਚ ਨਾ ਪਾਰ ਕੀਤੀ ਜਾ ਸਕਣ ਵਾਲੀ ਕੋਈ ਅੜਚਣ ਆ ਜਾਂਦੀ ਹੈ ਤਾਂ ਤਬਾਹੀ ਦਾ ਆਲਮ ਹੋ ਸਕਦਾ ਹੈ। ਉਹ ਡਰਾਈਵਰ ਬਹੁਤ ਖੁਸ਼ਕਿਸਮਤ ਹੁੰਦੇ ਹਨ ਜੋ ਸਾਹਮਣੇ ਡੂੰਘੀ ਉਤਰਾਈ ਨੂੰ ਦੇਖ ਕੇ ਵੀ ਆਪਣਾ ਹੌਸਲਾ ਨਹੀਂ ਛੱਡਦੇ ਅਤੇ ਮੌਕਾ ਸੰਭਾਲਦਿਆਂ ਬ੍ਰੇਕਾਂ ਲਾ ਕੇ ਗੱਡੀ ਰੋਕ ਤਬਾਹੀ ਦੀ ਗੋਦ ਵਿਚ ਡਿਗਣੋਂ ਬਚ ਜਾਂਦੇ ਹਨ।

ਮੈਨੂੰ ਕਈ ਵਾਰ ਪੁੱਛਿਆ ਗਿਆ ਹੈ ਕਿ ਕੀ ਮੈਂ ਪਿਆਰ ਨੂੰ ਕਲਾ ਤੋਂ ਉੱਚਾ ਮੰਨਦੀ ਹਾਂ? ਮੇਰਾ ਜਵਾਬ ਹੁੰਦਾ ਹੈ ਕਿ ਮੈਂ ਦੋਹਾਂ ਨੂੰ ਇਕ-ਦੂਜੇ ਤੋਂ ਵੱਖ ਨਹੀਂ ਕਰ ਸਕਦੀ, ਕਿਉਂਕਿ ਕਲਾਕਾਰ ਹੀ ਪ੍ਰੇਮੀ ਹੋ ਸਕਦਾ ਹੈ ਉਸ ਕੋਲ ਸੁੰਦਰਤਾ ਨੂੰ ਦੇਖਣ ਵਾਲੀ ਸੱਚੀ ਦ੍ਰਿਸ਼ਟੀ ਹੁੰਦੀ ਹੈ। ਇਸ ਤਰ੍ਹਾਂ ਪ੍ਰੇਮ ਜਦੋਂ ਅਸਲੀ ਸੁੰਦਰਤਾ ਨੂੰ ਨਿਹਾਰਦਾ ਹੈ ਤਾਂ ਆਤਮਾ ਦੀਆਂ ਅੱਖਾਂ ਵੀ ਖੁੱਲ੍ਹ ਜਾਂਦੀਆਂ ਹਨ ਅਤੇ ਸੁੰਦਰਤਾ ਕਲਾ ਬਣ ਜਾਂਦੀ ਹੈ।

ਸਾਡੇ ਸਮੇਂ ਦੀ ਸ਼ਾਇਦ ਬਹੁਤ ਸ਼ਾਨਦਾਰ ਸਖਸ਼ੀਅਤ ਰਹੀ ਹੈ ਗੈਬਰਿਲ ਦ ਅਨੰਜੀਓ। ਦਰਅਸਲ ਉਹ ਇੰਨਾ ਛੋਟਾ ਹੈ ਕਿ ਉਸ ਨੂੰ ਖੁਬਸੂਰਤ ਨਹੀਂ ਕਿਹਾ ਜਾ ਸਕਦਾ ਜਦੋਂ ਤੱਕ ਉਸਦਾ ਚਿਹਰਾ ਖੁਸ਼ੀ ਨਾਲ ਖਿੜ ਨਾ ਜਾਵੇ। ਪਰ ਜਦੋਂ ਉਹ ਕਿਸੇ ਅਜਿਹੀ ਔਰਤ ਨਾਲ ਗੱਲ ਕਰਦਾ ਹੈ, ਜਿਸਨੂੰ ਉਹ ਪਿਆਰ ਕਰਦਾ ਹੋਵੇ ਤਾਂ ਉਹ ਪ੍ਰਤੱਖ ਰੂਪ ਵਿਚ ਪਿਆਰ ਦਾ ਦੇਵਤਾ ਬਣ ਜਾਂਦਾ ਹੈ। ਉਹ ਆਪਣੇ ਦੌਰ ਦੀਆਂ ਕਈ ਮਹਾਨ ਅਤੇ ਖੁਬਸੂਰਤ ਔਰਤਾਂ ਦਾ ਪ੍ਰੇਮ ਪਾਉਣ ਵਿਚ ਕਾਮਯਾਬ ਰਿਹਾ। ਜਦੋਂ ਆਨੰਜੀਓ ਕਿਸੇ ਔਰਤ ਨਾਲ ਪਿਆਰ ਕਰਦਾ ਹੈ ਤਾਂ ਉਸਨੂੰ ਜ਼ਮੀਨ ਤੋਂ ਚੁੱਕ ਕੇ ਆਸਮਾਨ ਤੇ ਬਿਠਾ ਦਿੰਦਾ ਹੈ- ਚੰਨ ਤਾਰਿਆਂ ਦੀ ਦੁਨੀਆਂ ਵਿਚ। ਪੈਰਿਸ ਵਿਚ ਇਕ ਦੌਰ ਅਜਿਹਾ ਆਇਆ ਜਦੋਂ ਲੱਗਭਗ ਸਾਰੀਆਂ ਸੁੰਦਰੀਆਂ ਉਸਦੇ ਪਿਆਰ ਦੀਆਂ ਦੀਵਾਨੀਆਂ ਸਨ। ਜਿਸ ਔਰਤ ਨਾਲ ਵੀ ਉਹ ਪ੍ਰੇਮ ਕਰਦਾ ਸੀ ਉਸਦੀ ਸ਼ਖਸੀਅਤ ਕੁੱਝ ਹੋਰ ਹੀ ਹੋ ਜਾਂਦੀ ਸੀ, ਉਹ ਚਮਕ ਉਠਦੀ ਸੀ। ਓਹਨੂੰ ਜਿਵੇਂ ਖੰਭ ਲੱਗ ਜਾਂਦੇ ਸਨ ਅਤੇ ਉਹ ਅਸਮਾਨ ਵਿਚ ਵਿਚਰਨ ਲਗਦੀ ਸੀ। ਪਰ ਜਿਵੇਂ ਹੀ ਉਸਦਾ ਪ੍ਰੇਮ ਖਤਮ ਹੁੰਦਾ ਉਹ ਵਾਪਸ ਧਰਤੀ 'ਤੇ ਆ ਜਾਂਦੀ ਅਤੇ ਇਕ ਆਮ ਔਰਤ ਬਣ ਜਾਂਦੀ ਸੀ। ਇਸ ਵਿਚਾਰ ਨਾਲ ਕਿ ਹੁਣ ਉਹ ਫੇਰ ਕਦੀਂ ਵੀ ਇੰਨੇ ਮਹਾਨ ਪ੍ਰੇਮ, ਦਾ ਅਨੁਭਵ ਨਹੀਂ ਕਰ ਸਕੇਗੀ, ਅਸਮਾਨ ਅੰਦਰ ਨਹੀਂ ਵਿਚਰ ਸਕੇਗੀ। ਉਹ ਅੰਦਰ ਹੀ ਅੰਦਰ ਸੁੰਗੜਨ ਲਗਦੀ ਸੀ ਅਤੇ ਉਸਦੀ ਸੁੰਦਰਤਾ ਦਾ ਤੇਜ ਮੱਧਮ ਪੈਣ ਲਗਦਾ ਸੀ। ਫੇਰ ਲੋਕ ਉਹਨੂੰ ਦੇਖ ਕੇ ਕਹਿਣ ਲੱਗ ਜਾਂਦੇ ਸਨ ਕਿ ,"ਇਸ ਔਰਤ ਵਿਚ ਅਜਿਹਾ ਕੀ ਸੀ ਕਿ ਅਨੰਜੀਓ ਇਸ ਨਾਲ ਪ੍ਰੇਮ ਕਰ ਬੈਠਾ?" ਹਾਂ, ਇੰਨਾ ਮਹਾਨ ਪ੍ਰੇਮੀ ਸੀ ਗੈਬਰਿਲ ਦ ਅਨੰਜੀਓ ਕਿ ਧਰਤੀ ਦੀ ਆਮ ਔਰਤ ਅੰਦਰ ਉਹ ਇੰਦਰ ਲੋਕ ਦੀ ਅਪੱਸਰਾ ਹੋਣ ਦਾ ਅਹਿਸਾਸ ਪੈਦਾ ਕਰ ਦਿੰਦਾ ਸੀ।

ਸਿਰਫ ਇਕ ਔਰਤ ਸੀ ਜੋ ਇਸ ਕਵੀ ਦੇ ਦਿਲ ਨੂੰ ਜਿੱਤ ਸਕੀ ਉਹ ਸੀ ਇਲੀਆਨੋਰਾ ਡਿਊਸ। ਇਹ ਹੀ ਇਕ ਅਜਿਹੀ ਔਰਤ ਸੀ ਜਿਸਦੇ ਸਾਹਮਣੇ ਮਹਾਨ ਪ੍ਰੇਮੀ 'ਦ ਅਨੰਜੀਓ' ਨੇ ਗੋਡੇ ਟੇਕ ਦਿੱਤੇ। ਇਸਦਾ ਕਾਰਨ ਇਹ ਸੀ ਕਿ ਜਿੱਥੇ ਹੋਰ ਸਾਰੀਆਂ ਔਰਤਾਂ ਉਸ ਚਮਕ ਨਾਲ ਚਮਕਦੀਆਂ ਸਨ ਜੋ ਉਹ ਉਨ੍ਹਾਂ ਦੇ ਅੰਦਰ ਪੈਦਾ ਕਰ ਦਿੰਦਾ ਸੀ। ਇਲੀਆਨੋਰਾ ਦੇ ਅੰਦਰ ਖੁਦ ਆਪਣੀ ਚਮਕ ਸੀ, ਸਿਰਫ ਉਹ ਸੀ ਜੋ ਉਸਦੇ ਅੰਦਰ ਇਕ ਨਵੀਂ ਸੁੱਚੀ-ਸੱਚੀ ਪ੍ਰੇਰਨਾ (ਭਾਵਨਾ) ਜਗਾ ਸਕੀ। ਬਹੁਤ ਖੁਬਸੂਰਤੀ ਅਤੇ ਹੁਸ਼ਿਆਰੀ ਨਾਲ ਕੀਤੀ ਗਈ ਸਿਫਤ ਦੇ ਜਾਦੂਮਈ ਅਸਰ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ। 'ਦ ਅਨੰਜੀਓ' ਦੇ ਮੂੰਹੋ ਆਪਣੀ ਸਿਫਤ ਸੁਣਨਾ ਕੁੱਝ ਅਜਿਹਾ ਨਸ਼ੀਲਾ ਹੁੰਦਾ ਸੀ ਕਿ ਹਰ ਔਰਤ ਦੇ ਸਿਰ ਚੜ੍ਹ ਬੋਲਦਾ ਸੀ। 'ਦ ਅਨੰਜੀਓ' ਹਰ ਔਰਤ ਨੂੰ ਅਜਿਹਾ ਅਹਿਸਾਸ ਕਰਵਾ ਦਿੰਦਾ ਜਿਵੇਂ ਉਹ ਹੀ ਸਾਰੀ ਸ੍ਰਿਸ਼ਟੀ ਦਾ ਕੇਂਦਰ ਬਿੰਦੂ (ਧੁਰਾ) ਹੋਵੇ।


ਮੈਨੂੰ ਅਨੰਜੀਓ ਨਾਲ ਕੀਤੀ ਉਹ ਸੈਰ ਅੱਜ ਵੀ ਯਾਦ ਹੈ। ਅਸੀਂ ਇਕ ਜਗ੍ਹਾ ਰੁਕ ਗਏ, ਅਤੇ ਹਰ ਪਾਸੇ ਚੁੱਪ-ਚਾਂ ਸੀ, ਉਸ ਸਮੇਂ ਅਚਾਨਕ ਅਨੰਜੀਓ ਕਹਿਣ ਲੱਗਾ 'ਓ ਇਜ਼ਾਡੋਰਾ, ਕੁਦਰਤ ਦੇ ਵਿਚਕਾਰ ਇਸ ਤਰ੍ਹਾਂ ਇਕੱਲੇ ਹੋਣਾ ਸਿਰਫ ਤੇਰੇ ਨਾਲ ਹੀ ਸੰਭਵ ਹੈ। ਹੋਰ ਸਾਰੀਆਂ ਔਰਤਾਂ ਦ੍ਰਿਸ਼ ਨੂੰ ਵਿਗਾੜ ਦਿੰਦੀਆਂ ਹਨ। ਇਕ ਤੂੰ ਹੀ ਹੈਂ ਜੋ ਦ੍ਰਿਸ਼ ਦਾ ਹਿੱਸਾ ਬਣ ਜਾਂਦੀ ਏਂ। ਤੂੰ ਇਨ੍ਹਾਂ ਦਰੱਖਤਾਂ ਦਾ ਹਿੱਸਾ ਏਂ, ਅਕਾਸ਼ ਦਾ ਹਿੱਸਾ ਏਂ, ਤੂੰ ਇਸ ਪ੍ਰਕ੍ਰਿਤੀ ਉੱਤੇ ਰਾਜ ਕਰਨ ਵਾਲੀ ਪ੍ਰਤੱਖ ਰੂਪ ਵਿਚ ਦੇਵੀ ਏਂ'।

ਇਹ ਸੀ 'ਦ ਅਨੰਜੀਓ' ਦੀ ਵਿਲੱਖਣਤਾ। ਉਹ ਹਰ ਔਰਤ ਨੂੰ ਇਕ ਵੱਖਰੇ ਲੋਕ ਦੀ ਦੇਵੀ ਹੋਣ ਦਾ ਅਹਿਸਾਸ ਕਰਵਾ ਦਿੰਦਾ ਸੀ। ਇੱਥੇ ਬਿਸਤਰੇ 'ਤੇ ਪਈ ਮੈਂ ਉਸ ਚੀਜ਼ ਬਾਰੇ ਸੋਚ ਰਹੀ ਹਾਂ ਜਿਸ ਨੂੰ ਲੋਕ ਯਾਦ ਕਹਿੰਦੇ ਹਨ। ਯਾਦ! ਮੈਂ ਉਸ ਦੁਪੈਹਰ ਦੀ ਧੁੱਪ ਨੂੰ ਮਹਿਸੂਸ ਕਰ ਰਹੀ ਹਾਂ। ਮੈਂ ਨਾਲ ਵਾਲੇ ਪਾਰਕ ਵਿਚ ਬੱਚਿਆਂ ਦੇ ਖੇਡਣ ਦੀਆਂ ਆਵਾਜ਼ਾਂ ਸੁਣ ਰਹੀ ਹਾਂ। ਮੈਂ ਖੁਦ ਆਪਣੇ ਸਰੀਰ 'ਤੇ ਗਰਮੀ ਮਹਿਸੂਸ ਕਰ ਰਹੀ ਹਾਂ। ਆਪਣੀਆਂ ਨੰਗੀਆਂ ਲੱਤਾਂ ਵਲ ਨਿਗਾਹ ਮਾਰਦੀ ਹਾਂ- ਉਨ੍ਹਾਂ ਨੂੰ ਸਾਹਮਣੇ ਵੱਲ ਫੈਲਾਏ ਹੋਏ । ਆਪਣੀਆਂ ਛਾਤੀਆਂ ਦੀ ਗਰਮੀ, ਆਪਣੀਆਂ ਬਾਹਾਂ ਵਿਚ ਲਗਾਤਾਰ ਵਹਿੰਦੀ ਹੋਈ ਇਕ ਤਰੰਗ ਨੂੰ ਮਹਿਸੂਸ ਕਰਦੀ ਹਾਂ। ਅਚਾਨਕ ਮੈਨੂੰ ਖਿਆਲ ਆਉਂਦਾ ਹੈ ਕਿ ਮੈਂ ਥੱਕੀ ਹੋਈ ਹਾਂ, ਪਿਛਲੇ ਬਾਰਾਂ ਸਾਲਾਂ ਤੋਂ ਥੱਕੀ ਹੋਈ ਹਾਂ। ਪਿਛਲੇ ਬਾਰਾਂ ਸਾਲਾਂ ਤੋਂ ਇਹ ਛਾਤੀਆਂ ਦੁਖ ਰਹੀਆਂ ਹਨ। ਹੱਥ ਨਿਢਾਲ ਅਤੇ ਅੱਖਾਂ ਗਿੱਲੀਆਂ ਹਨ, ਬਾਰਾਂ ਸਾਲਾਂ ਤੋਂ। ਉਦੋਂ, ਜਦੋਂ ਅਚਾਨਕ ਐਲ ਦੀ ਲੰਬੀ ਚੀਕ ਨੇ ਮੈਨੂੰ ਨੀਂਦ ਤੋਂ ਝੰਜੋੜ ਕੇ ਜਗਾਇਆ ਸੀ, ਉਹ ਇਕ ਜ਼ਖ਼ਮੀ ਮਨੁੱਖ ਵਰਗਾ ਲੱਗ ਰਿਹਾ ਸੀ – "ਬੱਚੇ ਨਹੀਂ ਰਹੇ"।

ਮੈਨੂੰ ਯਾਦ ਹੈ ਕਿ ਅਜੀਬ ਜਹੇ ਬੁਖਾਰ ਨੇ ਮੈਨੂੰ ਆਣ ਘੇਰਿਆ ਸੀ। ਆਪਣੇ ਗਲ਼ ਵਿਚ ਮੈਂ ਜਲਣ ਜਹੀ ਮਹਿਸੂਸ ਕੀਤੀ ਸੀ। ਜਿਵੇਂ ਮੈਂ ਸੁਲਘਦੇ ਹੋਏ ਕੋਲੇ ਖਾ ਲਏ ਹੋਣ। ਪਰੰਤੂ ਮੈਂ ਸਮਝ ਨਾ ਸਕੀ। ਮੈਂ ਬਹੁਤ ਹੀ ਨਰਮੀ ਨਾਲ ਉਹਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਕਿਹਾ ਇਹ ਸੱਚ ਨਹੀਂ ਹੋ ਸਕਦਾ। ਫੇਰ ਦੂਜੇ ਲੋਕ ਵੀ ਆ ਗਏ, ਪਰ ਮੈਂ ਸਮਝ ਨਾ ਸਕੀ ਕਿ ਕੀ ਹੋ ਗਿਆ ਹੈ। ਫੇਰ ਇਕ ਕਾਲ਼ੀ ਦਾੜ੍ਹੀ ਵਾਲਾ ਆਦਮੀ ਅੰਦਰ ਆਇਆ, ਮੈਨੂੰ ਦੱਸਿਆ ਗਿਆ ਕਿ ਡਾਕਟਰ ਹੈ। 'ਇਹ ਸੱਚ ਨਹੀਂ ਹੈ', ਉਸਨੇ ਕਿਹਾ; "ਮੈਂ ਉਨ੍ਹਾਂ ਨੂੰ ਬਚਾ ਲਵਾਂਗਾ।"

ਮੈਨੂੰ ਉਸ 'ਤੇ ਵਿਸ਼ਵਾਸ ਸੀ। ਮੈਂ ਉਸਦੇ ਨਾਲ ਜਾਣਾ ਚਾਹੁੰਦੀ ਸੀ, ਪਰ ਲੋਕਾਂ ਨੇ ਮੈਨੂੰ ਰੋਕ ਲਿਆ। ਹੁਣ ਮੈਂ ਜਾਣਦੀ ਹਾਂ ਕਿ ਕਿਉਂ। ਉਹ ਨਹੀਂ ਚਾਹੁੰਦੇ ਸਨ ਕਿ ਮੈਨੂੰ ਪਤਾ ਲੱਗੇ ਕਿ ਕੋਈ ਉਮੀਦ ਨਹੀਂ ਬਚੀ। ਉਨ੍ਹਾਂ ਨੂੰ ਡਰ ਸੀ ਕਿ ਸਦਮੇਂ ਨਾਲ ਮੈਂ ਕਿਧਰੇ ਪਾਗਲ ਨਾ ਹੋ ਜਾਵਾਂ। ਮੈਂ ਉਸ ਸਮੇਂ ਜਿਵੇਂ ਕਿਸੇ ਦੂਸਰੀ ਦੁਨੀਆਂ ਵਿਚ ਸੀ। ਮੇਰੇ ਨੇੜੇ ਸਭ ਲੋਕ ਰੋ ਰਹੇ ਸਨ, ਪਰ ਮੈਂ ਖੁਦ ਨਾ ਰੋ ਸਕੀ। ਮੇਰਾ ਤਾਂ ਦਿਲ ਕਰਦਾ ਸੀ ਕਿ ਮੈਂ ਦੂਜਿਆਂ ਨੂੰ ਚੁੱਪ ਕਰਾਵਾਂ। ਹੁਣ ਪਿੱਛੇ ਵੱਲ ਝਾਤ ਮਾਰਦੀ ਹਾਂ ਤਾਂ ਮੈਂ ਉਸ ਸਮੇਂ ਦੀ ਆਪਣੀ ਮਾਨਸਿਕ ਹਾਲਤ ਨੂੰ ਸਮਝ ਨਹੀਂ ਰਹੀ।

ਕੀ ਮੈਨੂੰ ਮੌਤ 'ਤੇ ਵਿਸ਼ਵਾਸ ਨਹੀਂ ਸੀ? ਕੀ ਮੈਨੂੰ ਲਗਦਾ ਸੀ ਕਿ ਮੇਰੇ ਸਾਹਮਣੇ ਮੇਰੇ ਬੱਚਿਆਂ ਦੇ ਜੋ ਸ਼ਰੀਰ ਪਏ ਹਨ ਇਹ ਉਨ੍ਹਾਂ ਦੇ ਸਿਰਫ ਕੱਪੜੇ ਹਨ? ਕਿ ਮੇਰੇ ਬੱਚਿਆਂ ਦੀਆਂ ਆਤਮਾਵਾਂ ਤਾਂ ਅਮਰ ਹਨ ਅਤੇ ਹਮੇਸ਼ਾ ਰਹਿਣਗੀਆਂ? ਸਿਰਫ ਦੋ ਵਾਰ ਮਾਂ ਦੇ ਗਲ਼ ਵਿਚੋਂ ਅਜਿਹੀ ਚੀਕ ਨਿਕਲਦੀ ਹੈ ਜਿਸਨੂੰ ਸੁਣਨ ਦੀ ਸਥਿਤੀ ਵਿਚ ਵੀ ਉਹ ਨਹੀਂ ਹੁੰਦੀ। ਇਕ ਵਾਰ ਉਦੋਂ ਜਦੋਂ ਉਹ ਬੱਚੇ ਨੂੰ ਜਨਮ ਦਿੰਦੀ ਹੈ ਅਤੇ ਦੂਜੀ ਵਾਰ ਜਦੋਂ ਉਹ ਉਸਤੋਂ ਖੁੱਸ ਜਾਣ। ਜਦੋਂ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਛੋਟੇ ਛੋਟੇ ਨਾਜ਼ੁਕ ਠੰਢੇ ਹੱਥ ਜਵਾਬ ਵਿਚ ਕਦੇ ਵੀ ਮੇਰੇ ਹੱਥਾਂ ਨੂੰ ਨਹੀਂ ਛੋਹ ਸਕਣਗੇ ਤਾਂ ਮੈਂ ਉਸੇ ਤਰ੍ਹਾਂ ਰੋ ਪਈ ਜਿਵੇਂ ਮੈਂ ਉਨ੍ਹਾਂ ਦੇ ਜਨਮ ਵੇਲੇ ਰੋਈ ਸੀ। ਕੀ ਚੀਕ ਹੀ ਮਨੁੱਖ ਦੇ ਪਰਮ ਆਨੰਦ ਅਤੇ ਮਹਾਂ ਵਿਰਲਾਪ ਨੂੰ ਪੇਸ਼ ਕਰਨ ਦਾ ਤਰੀਕਾ ਹੈ? ਕੀ ਸਾਰੀ ਸ੍ਰਿਸ਼ਟੀ ਵਿਚ ਇਕ ਹੀ ਮਹਾਨ ਚੀਕ ਹੈ ਜੋ ਪੀੜ ਦੀ, ਆਨੰਦ ਦੀ, ਖੁਸ਼ੀ ਦੀ ਅਤੇ ਵੇਦਨਾ (ਚੀਸ) ਦੀ ਜਣਨੀ ਹੈ?






# ਬਾਲ ਘਰ ਜਾਂ ਵਪਾਰ ਕੇਂਦਰ

**ਮੋਦੀ ਸਰਕਾਰ ਦੇ ਸਮੇਂ ਸੰਸ਼ੋਧਿਤ ਜੇ ਜੇ ਐਕਟ ਵਿੱਚ ਸਰਕਾਰੀ ਬਾਲ ਘਰ ਬਨਾਉਣ ਦੀ ਯੋਜਨਾ ਖਤਮ ਕਰਕੇ ਬਾਲ ਗ੍ਰਹਿ ਬਨਾਉਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਉਤੇ ਪਾ ਦਿੱਤੀ ਗਈ ਹੈ। ਜਦਕਿ ਸੰਯੁਕਤ ਰਾਸ਼ਟਰ ਦੇ ਪ੍ਰੋਟੋਕੌਲ ਉਤੇ ਦਸਤਖਤ ਕਰਕੇ ਅਨਾਥ ਬੱਚਿਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਨੇ ਲਈ ਸੀ। ਜੇਕਰ ਰਾਜ ਸਰਕਾਰਾਂ ਆਈ ਸੀ ਪੀ ਐਸ ਦਾ ਲਾਭ ਨਹੀਂ ਉਠਾ ਰਹੀਆਂ ਤਾਂ ਕੇਂਦਰ ਨੂੰ ਖੁਦ ਰਾਜ ਤੋਂ ਜ਼ਮੀਨ ਲੈਕੇ ਬਾਲ ਘਰ ਬਨਾਉਣੇ ਚਾਹੀਦੇ ਸਨ। ਪਰ ਇਸ ਜ਼ਿੰਮੇਵਾਰੀ ਤੋਂ ਪਿੱਛੇ ਹਟਕੇ ਨਿੱਜੀ ਬਾਲ ਘਰਾਂ ਨੂੰ ਤਰਜ਼ੀਹ ਦਿੱਤੀ ਗਈ। ਕਾਨੂੰਨ ਦਾ ਉਲੰਘਣ ਕਰਨ ਵਾਲੇ ਬੱਚਿਆਂ ਨੂੰ ਵੀ ਸਰਕਾਰੀ ਸੁਧਾਰ ਘਰ ਦੀ ਵਿਜਾਏ ਨਿੱਜ ਬਾਲ ਘਰਾਂ ਨੂੰ ਸੌਂਪਣ ਦਾ ਪ੍ਰਾਵਧਾਨ ਕੀਤਾ ਗਿਆ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

**ਮੂਲ ਲੇਖਕ:- ਅਜੈ ਸੇਤੀਆ**
**ਅਨੁਵਾਦ:- ਗੁਰਮੀਤ ਪਲਾਹੀ**

ਮੁਜ਼ਫੱਰਪੁਰ ਅਤੇ ਦੇਵਰੀਆ ਵਿੱਚ ਜੋਨ ਸੋਸ਼ਣ ਦੀਆਂ ਘਟਨਾਵਾਂ ਨੇ ਸਾਬਿਤ ਕੀਤਾ ਹੈ ਕਿ ਨੌਕਰਸ਼ਾਹੀ ਅਤੇ ਜੇ ਜੇ ਐਕਟ ਅਰਥਾਤ ਜੁਬੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ ਦੇ ਅਧੀਨ ਸਥਾਪਿਤ ਸੰਸਥਾਵਾਂ ਚਿੱਟਾ ਹਾਥੀ ਬਣ ਗਈਆਂ ਹਨ। ਵਾਜਪਾਈ ਸਰਕਾਰ ਦੇ ਸਮੇਂ ਬਣੇ ਜੇ ਜੇ ਐਕਟ ਵਿੱਚ ਦੇਸ਼ ਦੇ ਹਰੇਕ ਜ਼ਿਲੇ ਵਿੱਚ ਚਾਰ ਤਰ੍ਹਾਂ ਦੇ ਬਾਲ ਘਰ ਬਨਾਉਣ ਦਾ ਪ੍ਰਸਤਾਵ ਸੀ ਅਰਥਾਤ ਕੇਂਦਰ ਦੀ ਇੰਟੈਗਰੇਟਿਡ ਚਾਈਲਡ ਪ੍ਰੋਟੈਕਸ਼ਨ ਸਕੀਮ (ਆਈ ਸੀ ਪੀ ਐਸ) ਵਿੱਚ 75 ਫੀਸਦੀ ਸਹਾਇਤਾ ਦਾ ਪ੍ਰਾਵਾਧਾਨ ਵੀ ਰੱਖਿਆ ਗਿਆ। ਮਨਮੋਹਨ ਸਰਕਾਰ ਦੇ ਸਮੇਂ ਕਿਸੇ ਜਿਲੇ ਵਿੱਚ ਬਾਲ ਘਰ ਨਹੀਂ ਬਣਾਏ ਗਏ ਸਨ। ਮੁਜੱਫਰਪੁਰ ਅਤੇ ਦੇਵਰਿਆ ਦੀਆਂ ਉਦਾਹਰਨਾਂ ਤੋਂ ਇਹ ਸਾਬਤ ਹੋਇਆ ਹੈ ਕਿ ਅਨਾਥ ਬੱਚਿਆਂ ਦੇ ਦੇਹ ਵਪਾਰ ਵਿੱਚ ਸਥਾਨਕ ਪ੍ਰਾਸ਼ਾਸਨ ਅਤੇ ਰਾਜਨੇਤਾ ਸ਼ਾਮਲ ਹਨ। ਇਸ ਲਈ ਰਾਜ ਸਰਕਾਰਾਂ ਤੋਂ ਕੇਂਦਰ ਸਰਕਾਰ ਤੋਂ ਸਰਕਾਰੀ ਬਾਲ ਘਰ ਸਥਾਪਿਤ ਕਰਨ ਦੇ ਪ੍ਰਸਤਾਵ ਨਾਂਹ ਦੇ ਬਰਾਬਰ ਹੀ ਆਏ। ਰਾਜ ਅਨਾਥ ਬੱਚਿਆਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਤੋਂ ਜਾਣ ਬੁਝਕੇ ਅਨਜਾਣ ਬਣੇ ਰਹੇ। ਇਹੋ ਜਿਹੇ ਹਾਲਤ 'ਚ ਬਾਲ ਸੁਰੱਖਿਆ ਦੇ ਨਾਮ ਉਤੇ ਦੇਹ ਵਪਾਰ ਦੀਆਂ ਦੁਕਾਨਾਂ ਵੱਧ-ਫੁੱਲ ਰਹੀਆਂ ਹਨ।

ਮੋਦੀ ਸਰਕਾਰ ਦੇ ਸਮੇਂ ਸੰਸ਼ੋਧਿਤ ਜੇ ਜੇ ਐਕਟ ਵਿੱਚ ਸਰਕਾਰੀ ਬਾਲ ਘਰ ਬਨਾਉਣ ਦੀ ਯੋਜਨਾ ਖਤਮ ਕਰਕੇ ਬਾਲ ਗ੍ਰਹਿ ਬਨਾਉਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਉਤੇ ਪਾ ਦਿੱਤੀ ਗਈ ਹੈ।

ਜਦਕਿ ਸੰਯੁਕਤ ਰਾਸ਼ਟਰ ਦੇ ਪ੍ਰੋਟੋਕੌਲ ਉਤੇ ਦਸਤਖਤ ਕਰਕੇ ਅਨਾਥ ਬੱਚਿਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਨੇ ਲਈ ਸੀ। ਜੇਕਰ ਰਾਜ ਸਰਕਾਰਾਂ ਆਈ ਸੀ ਪੀ ਐਸ ਦਾ ਲਾਭ ਨਹੀਂ ਉਠਾ ਰਹੀਆਂ ਤਾਂ ਕੇਂਦਰ ਨੂੰ ਖੁਦ ਰਾਜ ਤੋਂ ਜ਼ਮੀਨ ਲੈਕੇ ਬਾਲ ਘਰ ਬਨਾਉਣੇ ਚਾਹੀਦੇ ਸਨ। ਪਰ ਇਸ ਜ਼ਿੰਮੇਵਾਰੀ ਤੋਂ ਪਿੱਛੇ ਹਟਕੇ ਨਿੱਜੀ ਬਾਲ ਘਰਾਂ ਨੂੰ ਤਰਜ਼ੀਹ ਦਿੱਤੀ ਗਈ।

ਕਾਨੂੰਨ ਦਾ ਉਲੰਘਣ ਕਰਨ ਵਾਲੇ ਬੱਚਿਆਂ ਨੂੰ ਵੀ ਸਰਕਾਰੀ ਸੁਧਾਰ ਘਰ ਦੀ ਵਿਜਾਏ ਨਿੱਜ ਬਾਲ ਘਰਾਂ ਨੂੰ ਸੌਂਪਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਜੇ ਜੇ ਏਕਟ ਵਿੱਚ ਬਣੀਆਂ ਚਾਰ ਤਰ੍ਹਾਂ ਦੀਆਂ ਨਿਗਰਾਨ ਕਮੇਟੀਆਂ ਵੀ ਬਾਲ ਘਰਾਂ ਦੀ ਨਿਗਰਾਨੀ ਨਹੀਂ ਕਰ ਪਾ ਰਹੀਆਂ। ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਅਤੇ ਜਿਲਾ ਬਾਲ ਕਲਿਆਣ ਸੰਮਤੀਆਂ ਕੋਲ ਵੀ ਇਹਨਾ ਬਾਲ ਘਰਾਂ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਹੈ। ਪਰ ਮੁਜੱਫਰਪੁਰ ਅਤੇ ਦੇਵਰੀਆ ਵਿੱਚ ਇਹਨਾ ਸੰਸਥਾਵਾਂ ਨੇ ਆਪਣਾ ਕੰਮ ਨਹੀਂ ਕੀਤਾ।

ਕੇਂਦਰ ਨੂੰ ਚਾਹੀਦਾ ਹੈ ਕਿ ਟਾਟਾ ਇੰਸਟੀਚੀਊਟ ਆਫ ਸੋਸ਼ਲ ਸਾਇੰਸਜ ਨੂੰ ਦੇਸ਼ ਦੇ ਸਾਰੇ ਬਾਲ ਘਰਾਂ ਦੀ ਸੋਸ਼ਲ ਆਡੀਟਿੰਗ ਦੀ ਜ਼ਿੰਮੇਵਾਰੀ ਦੇਵੇ। ਪੂਰੇ ਦੇਸ਼ ਵਿੱਚ ਚਾਈਲਡ ਹੈਲਪ ਲਾਈਨ 1098 ਟਾਟਾ ਇਨਸੀਚਿਊਟ ਹੀ ਚਲਾ ਰਿਹਾ ਹੈ। ਧਿਆਨ ਦੇਣ ਯੋਗ ਹੈ ਕਿ ਬਿਹਾਰ ਉਤੇ ਉਸਦੀ ਪੂਰੀ ਰਿਪੋਰਟ ਹਾਲੇ ਸਾਹਮਣੇ ਨਹੀਂ ਆਈ ਹੈ, ਜਿਸ ਵਿੱਚ ਰਾਜ ਵਿੱਚ ਘੱਟੋ-ਘੱਟ 15 ਜ਼ਿਲਿਆਂ ਦੇ ਬਾਲ ਘਰਾਂ ਵਿੱਚ ਬੱਚੀਆਂ ਦੇ ਜੋਨ ਸੋਸ਼ਣ ਦਾ ਖੁਲਾਸਾ ਹੈ। ਬਿਹਾਰ ਸਰਕਾਰ ਉਸ ਰਿਪੋਰਟ ਉਤੇ ਕੁੰਡਲੀ ਮਾਰਕੇ ਬੈਠੀ ਹੈ।

ਬਿਹਾਰ ਦੇ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੇ ਚੇਅਰਮੈਨ ਡਾ: ਹਰਪਾਲ ਕੌਰ ਨੇ ਪਿਛਲੇ ਸਾਲ ਨਵੰਬਰ ਵਿੱਚ ਮੁਜੱਫਰਪੁਰ ਦੇ ਇਸ ਸ਼ੈਲਟਰ ਹੋਮ ਦਾ ਨਿਰੀਖਣ ਕੀਤਾ ਸੀ। ਜੇ ਜੇ ਐਕਟ ਦੀ ਨਿਯਾਮਾਵਲੀ ਦੀ ਧਾਰਾ 29 ਵਿੱਚ ਸ਼ੈਲਟਰ ਹੋਮ ਦੀ ਭੌਤਿਕ ਸੰਰਚਨਾ ਦਾ ਜਿਕਰ ਹੈ, ਜਿਸਨੂੰ ਇਹ ਹੋਮ ਪੂਰਾ ਨਹੀਂ ਕਰਦਾ ਸੀ। ਹਰਪਾਲ ਕੌਰ ਨੇ ਡਿਪਟੀ ਕਮਿਸ਼ਨਰ ਅਤੇ ਸਮਾਜ ਕਲਿਆਣ ਵਿਭਾਗ ਦੇ ਬਾਲ ਘਰ ਨੂੰ ਤੁਰੰਤ ਉਥੋਂ ਹਟਾਉਣ ਦੀ ਸਿਫਾਰਸ਼ ਕੀਤੀ ਸੀ। ਪਰ ਨੌਕਰਸ਼ਾਹੀ ਇਸ ਰਿਪੋਰਟ ਨੂੰ ਦਬਾਕੇ ਬੈਠੀ ਰਹੀ। ਜਦ ਇਹ ਬਾਲ ਘਰ ਜੇ ਜੇ ਐਕਟ ਦੇ ਪ੍ਰਾਵਾਧਾਨ ਨੂੰ ਪੂਰਾ ਨਹੀਂ ਕਰਦਾ ਸੀ, ਤਾਂ ਸਮਾਜ ਕਲਿਆਣ ਵਿਭਾਗ ਨੇ ਇਸਨੂੰ ਮਾਨਤਾ ਕਿਵੇਂ ਦਿੱਤੀ? ਉਸਨੂੰ ਤਾਂ ਸਰਕਾਰੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ, ਜਿਹੜੀ ਕੇਂਦਰ ਵਿਚੋਂ ਵਸੂਲੀ ਜਾਂਦੀ ਹੈ।

ਇਸੇ ਤਰ੍ਹਾਂ ਦੇਵਰੀਆ ਵਿੱਚ ਇੱਕ ਲੜਕੀ ਨੇ ਥਾਣੇ ਵਿੱਚ ਜਾਕੇ ਜੋਨ ਸੋਸ਼ਣ ਦਾ ਖੁਲਾਸਾ ਕੀਤਾ। ਰਾਜ ਔਰਤ ਅਤੇ ਬਾਲ ਕਲਿਆਣ ਮੰਤਰਾਲੇ ਨੇ ਜੁਲਾਈ 2017 ਵਿੱਚ ਲੜਕੀਆਂ ਨੂੰ ਕਿਸੇ ਹੋਰ ਥਾਂ ਭੇਜਕੇ ਇਸ ਦੇਵਰੀਆ ਬਾਲ ਘਰ ਨੂੰ ਬੰਦ ਕਰਨ ਦੀ ਸਿਫਾਰਸ਼ ਕੀਤੀ ਸੀ, ਕਿਉਂਕਿ ਸੀ ਬੀ ਆਈ ਨੇ ਇਸ ਵਿੱਚ ਵੱਡੀ ਘਪਲੇਬਾਜੀ ਫੜੀ ਸੀ। ਪਰ ਡਿਪਟੀ ਕਮਿਸ਼ਨਰ ਮੰਤਰਾਲੇ ਦੀ ਰਿਪੋਰਟ ਦੱਬਕੇ ਬੈਠੇ ਰਹੇ।


# ਐਪਲ ਕੰਪਨੀ ਦੇ ਮਾਲਕ ਸਟੀਵ ਜੌਬ ਦੇ ਅੰਤਿਮ ਸ਼ਬਦ

**ਅਨੁਵਾਦ : ਗੁਰਬਚਨ ਸਿੰਘ 98146-98451**

ਅਮਰੀਕਾ ਦੀ ਸਭ ਤੋਂ ਅਮੀਰ ਕੰਪਨੀ 'ਐਪਲ' ਦੇ ਬਾਨੀ ਚੇਅਰਮੈਨ ਤੇ ਮੁੱਖ ਪ੍ਰਬੰਧਕ ਰਹੇ ਖਰਬਾਂਪਤੀ 56 ਸਾਲਾ ਸਟੀਵ ਜੌਬ ਦੇ ਮੌਤ ਦੇ ਬਿਸਤਰੇ ਉਤੇ ਪਏ ਵੇਲੇ ਦੇ ਅੰਤਿਮ ਸ਼ਬਦ:

ਮੈਂ ਵਪਾਰਕ ਸੰਸਾਰ ਦੀ ਸਫਲਤਾ ਦੀ ਸਿਖਰ ਉਤੇ ਪਹੁੰਚਿਆ ਹਾਂ। ਦੂਜਿਆਂ ਦੀ ਨਜ਼ਰ ਵਿਚ ਮੇਰੀ ਜ਼ਿੰਦਗੀ ਸਫਲਤਾ ਦੀ ਅੰਤਿਮ ਚੋਟੀ ਹੈ।

ਫਿਰ ਵੀ ਮੈਂ ਕੰਮ ਤੋਂ ਬਿਨਾਂ ਜ਼ਿੰਦਗੀ ਦਾ ਕੋਈ ਆਨੰਦ ਨਹੀਂ ਮਾਣਿਆ। ਅੰਤਿਮ ਰੂਪ ਵਿਚ ਸਿਰਫ ਦੌਲਤ ਕਮਾਉਣਾ ਹੀ ਮੇਰੀ ਜ਼ਿੰਦਗੀ ਦਾ ਇਕੋ-ਇਕ ਪੱਖ ਹੈ ਜਿਸਦਾ ਮੈਂ ਆਦੀ ਬਣ ਗਿਆ।



ਇਸ ਪਲ ਬਿਮਾਰੀ ਦੇ ਬਿਸਤਰੇ ਉਤੇ ਪਿਆ ਜਦੋਂ ਮੈਂ ਆਪਣੀ ਪਿਛਲੀ ਸਾਰੀ ਜ਼ਿੰਦਗੀ ਉਤੇ ਝਾਤ ਮਾਰਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਮਿਲੀ ਮੇਰੀ ਸਾਰੀ ਸ਼ੋਹਰਤ ਅਤੇ ਦੌਲਤ ਜਿਸ ਉਤੇ ਮੈਂ ਸਾਰੀ ਉਮਰ ਮਾਣ ਕਰਦਾ ਰਿਹਾ ਹਾਂ, ਕਰੀਬ ਆ ਰਹੀ ਮੇਰੀ ਮੌਤ ਦੇ ਸਾਹਮਣੇ ਅਰਥਹੀਣ ਅਤੇ ਤੁੱਛ ਹੈ।

ਤੁਸੀਂ ਆਪਣੀ ਕਾਰ ਚਲਾਉਣ ਲਈ ਕਿਸੇ ਨੂੰ ਨੌਕਰ ਰੱਖ ਸਕਦੇ ਹੋ। ਆਪਣੇ ਲਈ ਪੈਸਾ ਕਮਾਉਣ ਵਾਲੇ ਬੰਦੇ ਰੱਖ ਸਕਦੇ ਹੋ। ਪਰ ਤੁਸੀਂ ਕਿਸੇ ਨੂੰ ਆਪਣੀ ਬਿਮਾਰੀ ਲੈਣ ਲਈ ਤਿਆਰ ਨਹੀਂ ਕਰ ਸਕਦੇ।

ਗੁਆਚੀਆਂ ਪਦਾਰਥਕ ਵਸਤੂਆਂ ਲੱਭ ਸਕਦੀਆਂ ਹਨ ਪਰ ਇਕ ਚੀਜ਼ ਹੈ ਜਿਹੜੀ ਗੁਆਚਣ ਤੋਂ ਬਾਅਦ ਕਦੇ ਨਹੀਂ ਲੱਭਦੀ- ਉਹ ਹੈ ਜ਼ਿੰਦਗੀ।

ਜਦੋਂ ਬੰਦਾ ਉਪਰੇਸ਼ਨ ਕਮਰੇ ਵਿਚ ਦਾਖਲ ਹੁੰਦਾ ਹੈ ਤਾਂ ਉਹ ਮਹਿਸੂਸ ਕਰਦਾ ਹੈ ਕਿ ਇਕ ਕਿਤਾਬ ਅਜੇ ਪੜ੍ਹਨ ਲਈ ਰਹਿ ਗਈ ਹੈ ਅਤੇ ਉਹ ਹੈ'ਸਿਹਤਮੰਦ ਜ਼ਿੰਦਗੀ ਦੀ ਕਿਤਾਬ'।

ਹੁਣ ਅਸੀਂ ਭਾਵੇਂ ਜ਼ਿੰਦਗੀ ਦੇ ਜਿਸ ਵੀ ਪੜਾਅ ਉਤੇ ਹੋਈਏ ਪਰ ਸਮਾਂ ਪਾ ਕੇ ਸਾਨੂੰ ਮੌਤ ਦੇ ਦਿਨ ਦਾ ਸਾਹਮਣਾ ਕਰਨਾ ਪੈਣਾ ਹੈ।

ਪਰਿਵਾਰ ਲਈ ਪਿਆਰ, ਪਤਨੀ ਲਈ ਪਿਆਰ, ਦੋਸਤਾਂ ਲਈ ਪਿਆਰ- ਇਹੀ ਅਸਲੀ ਖਜ਼ਾਨਾ ਹੈ।

ਆਪਣਾ ਚੰਗੀ ਤਰ੍ਹਾਂ ਖਿਆਲ ਰੱਖੋ, ਦੂਜਿਆਂ ਨਾਲ ਪਿਆਰ ਨਾਲ ਪੇਸ਼ ਆਓ।

ਜਿਵੇਂ-ਜਿਵੇਂ ਉਮਰ ਪੱਖੋਂ ਅਸੀਂ ਵੱਡੇ ਹੁੰਦੇ ਜਾਂਦੇ ਹਾਂ ਅਤੇ ਸਿਆਣੇ ਬਣਦੇ ਜਾਂਦੇ ਹਾਂ, ਅਸੀਂ ਮਹਿਸੂਸ ਕਰਦੇ ਹਾਂ ਕਿ ਘੜੀ ਭਾਵੇਂ ਦੋ ਲੱਖ ਦੀ ਹੋਵੇ ਜਾਂ ਦੋ ਹਜ਼ਾਰ ਦੀ, ਦੋਹਾਂ ਨੇ ਇਕੋ ਸਮਾਂ ਹੀ ਦੱਸਣਾ ਹੈ।

ਬਟੂਆ ਭਾਵੇਂ ਵੀਹ ਹਜ਼ਾਰ ਦਾ ਹੋਵੇ ਜਾਂ ਦੋ ਸੌ ਦਾ, ਦੋਹਾਂ ਵਿਚ ਉਹੀ ਨੋਟ ਹਨ।

ਅਸੀਂ ਡੇਢ ਕਰੋੜ ਦੀ ਕਾਰ ਵਿਚ ਬੈਠੇ ਹੋਈਏ ਜਾਂ ਤਿੰਨ ਲੱਖ ਦੀ, ਸਫਰ ਉਨਾ ਹੀ ਹੋਣਾ ਹੈ ਅਤੇ ਮੰਜ਼ਿਲ ਉਹੀ ਤਹਿ ਹੋਣੀ ਹੈ।

ਬੋਤਲ ਭਾਵੇਂ ਵੀਹ ਹਜ਼ਾਰ ਦੋ ਹੋਵੇ ਤੇ ਭਾਵੇਂ ਦੋ ਸੌ ਦੀ, ਨਸ਼ਾ ਉਹੀ ਹੈ।

ਘਰ ਭਾਵੇਂ ਤਿੰਨ ਸੌ ਵਰਗ ਫੁੱਟ ਦਾ ਹੋਵੇ ਜਾਂ ਤਿੰਨ ਹਜ਼ਾਰ ਵਰਗ ਫੁੱਟ ਦਾ- ਦੋਹਾਂ ਵਿਚ ਇਕਲਾਪਾ ਉਹੀ ਹੈ।

ਤੁਸੀਂ ਮਹਿਸੂਸ ਕਰੋਗੇ ਕਿ ਤੁਹਾਨੂੰ ਤੁਹਾਡੇ ਅੰਦਰਲੇ ਮਨ ਦੀ ਅਸਲੀ ਖੁਸ਼ੀ ਸੰਸਾਰ ਦੀਆਂ ਪਦਾਰਥਕ ਵਸਤੂਆਂ ਵਿਚ ਨਹੀਂ ਮਿਲਦੀ।

ਜਹਾਜ਼ ਦੇ ਪਹਿਲੇ ਦਰਜੇ ਵਿਚ ਸਫਲ ਕਰੋ ਜਾਂ ਤੀਜੇ ਦਰਜੇ ਵਿਚ, ਜਹਾਜ਼ ਦੇ ਡਿੱਗਣ ਨਾਲ ਤੁਸੀਂ ਸਾਰਿਆਂ ਦੇ ਨਾਲ ਹੀ ਮਰਨਾ ਹੈ।

ਇਸ ਲਈ ਮੈਂ ਆਸ ਕਰਦਾ ਹਾਂ, ਤੁਸੀਂ ਇਹ ਮਹਿਸੂਸ ਕਰੋ ਕਿ ਜਦੋਂ ਤੁਹਾਡੇ ਕੋਲ ਸੰਗੀ-ਸਾਥੀ ਹੋਣ, ਪੁਰਾਣੇ ਦੋਸਤ ਹੋਣ, ਭੈਣ-ਭਰਾ ਹੋਣ, ਜਿਨ੍ਹਾਂ ਨਾਲ ਤੁਸੀਂ ਗੱਪਾਂ ਮਾਰ ਸਕਦੇ ਹੋ, ਹੱਸ ਸਕਦੇ ਹੋ, ਗੱਲਬਾਤ ਕਰ ਸਕਦੇ ਹੋ, ਤਾਂ ਤੁਸੀਂ ਉਨ੍ਹਾਂ ਨਾਲ ਹੱਸੋ, ਖੇਡੋ, ਗੀਤ ਗਾਓ।ਉਹਨਾਂ ਨਾਲ ਉਤਰ-ਦੱਖਣ, ਪੂਰਬ-ਪੱਛਮ, ਸਵਰਗ ਧਰਤੀ ਦੀਆਂ ਗੱਲਾਂ ਕਰੋ। ਇਹੀ ਅਸਲੀ ਖੁਸ਼ੀ ਹੈ।

**ਜ਼ਿੰਦਗੀ ਦੇ ਪੰਜ ਅਟੱਲ ਨਿਯਮ:-**

ਆਪਣੇ ਬੱਚਿਆਂ ਨੂੰ ਅਮੀਰ ਬਣਨ ਦੀ ਸਿੱਖਿਆ ਨਾ ਦਿਓ। ਉਹਨਾਂ ਨੂੰ ਖੁਸ਼ ਰਹਿਣਾ ਸਿਖਾਓ, ਤਾਂ ਕਿ ਜਦੋਂ ਉਹ ਵੱਡੇ ਹੋਣ ਤਾਂ ਉਹ ਵਸਤੂਆਂ ਦੀ ਕਦਰ ਜਾਨਣ ਨਾ ਕਿ ਕੀਮਤ।

ਲੰਡਨ ਦੇ ਸਭ ਤੋਂ ਕੀਮਤੀ ਸ਼ਬਦ- ਆਪਣੇ ਭੋਜਨ ਨੂੰ ਆਪਣੀ ਦਵਾਈ ਸਮਝ ਕੇ ਖਾਓ। ਨਹੀਂ ਤੇ ਤੁਹਾਨੂੰ ਦਵਾਈ ਆਪਣੇ ਭੋਜਨ ਦੇ ਤੌਰ ਉਤੇ ਖਾਣੀ ਪਵੇਗੀ।

ਜਿਹੜੇ ਤੁਹਾਨੂੰ ਪਿਆਰ ਕਰਦੇ ਹਨ, ਉਹ ਤੁਹਾਨੂੰ ਕਦੀ ਦੂਜਿਆਂ ਲਈ ਛੱਡ ਕੇ ਨਹੀਂ ਜਾਣਗੇ। ਕਿਉਂਕਿ ਜੇ ਤੁਹਾਨੂੰ ਛੱਡਣ ਦੇ ਸੌ ਕਾਰਨ ਹੋਣਗੇ ਤਾਂ ਉਹ ਕੋਇ. ਇਕ ਕਾਰਨ ਸਾਥ ਬਣਾਈ ਰੱਖਣ ਦਾ ਵੀ ਲੱਭ ਹੀ ਲੈਣਗੇ।

ਮਨੁੱਖੀ ਹੋਂਦ ਅਤੇ ਮਨੁੱਖ ਵਜੋਂ ਹੋਂਦ ਵਿਚ ਬੜਾ ਅੰਤਰ ਹੈ। ਸਿਰਫ ਕੁਝ ਲੋਕ ਹੀ ਇਸ ਅੰਤਰ ਨੂੰ ਸਮਝ ਸਕਦੇ ਹਨ।

ਜਦੋਂ ਤੁਸੀਂ ਜੰਮੇ ਤੁਹਾਨੂੰ ਪਿਆਰ ਮਿਲਿਆ, ਜਦੋਂ ਤੁਸੀਂ ਮਰੇ ਤਾਂ ਤੁਹਾਨੂੰ ਪਿਆਰ ਮਿਲੇ, ਇਸਦਾ ਪ੍ਰਬੰਧ ਤੁਸੀਂ ਜ਼ਿੰਦਗੀ ਭਰ ਕਰਨਾ ਹੈ।

**ਨੋਟ-** ਜੇ ਤੁਸੀਂ ਤੇਜ਼ ਚੱਲਣਾ ਚਾਹੁੰਦੇ ਹੋ ਤਾਂ ਇਕੱਲੇ ਚੱਲੋ ਪਰ ਜੇ ਤੁਸੀਂ ਦੂਰ ਤੱਕ ਜਾਣਾ ਚਾਹੁੰਦੇ ਹੋ ਤਾਂ ਇਕੱਠੇ ਚੱਲੋ। ਸੰਸਾਰ ਦੇ ਸਭ ਤੋਂ ਚੰਗੇ 6 ਡਾਕਟਰ ਹਨ:

**ਸੂਰਜ ਦੀ ਰੌਸ਼ਨੀ, ਆਰਾਮ, ਕਸਰਤ, ਖੁਰਾਕ, ਆਤਮ ਵਿਸ਼ਵਾਸ, ਦੋਸਤ।**

ਇਹਨਾਂ ਨੂੰ ਜ਼ਿੰਦਗੀ ਦੇ ਸਾਰੇ ਪੜਾਵਾਂ ਉਤੇ ਬਣਾਈ ਰੱਖੋ ਅਤੇ ਸਿਹਤਮੰਦ ਜ਼ਿੰਦਗੀ ਦਾ ਆਨੰਦ ਮਾਣੋ।

# ਫਗਵਾੜਾ ਦੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਬੱਸ ਟਰਮਿਨਲ ਦੀ ਮਾੜੀ ਹਾਲਤ ਨਾ ਸੁਧਾਰੀ ਤਾਂ ਕਰਾਂਗੇ ਤਿੱਖਾ ਸੰਘਰਸ਼ - ਬਸਪਾ

**ਫਗਵਾੜਾ (ਰੱਤੂ)-** ਭਾਰਤੀ ਸੰਵਿਧਾਨ ਨਿਰਮਾਤਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਨਾਮ 'ਤੇ ਬਣੇ ਫਗਵਾੜਾ ਦੇ ਬੱਸ ਸਟੈਂਡ ਦੇ ਹਾਲਾਤ ਅਤੇ ਸਵਾਰੀਆਂ ਲਈ ਉਪਲੱਬਧ ਸਹੂਲਤਾਂ ਦਾ ਜਾਇਜਾ ਲੈਣ ਲਈ ਅੱਜ ਬਹੁਜਨ ਸਮਾਜ ਪਾਰਟੀ ਦਾ ਇਕ ਵਫਦ ਜੋਨ ਇੰਚਾਰਜ ਰਮੇਸ਼ ਕੌਲ ਕੋਂਸਲਰ ਦੀ ਅਗਵਾਈ ਹੇਠ ਬਸ ਸਟੈਂਡ ਪੁੱਜਾ। ਬੱਸ ਅੱਡੇ ਦੇ ਅੰਦਰ ਅਤੇ ਬਾਹਰ ਦੀ ਮਾੜੀ ਹਾਲਤ ਦਾ ਜਾਇਜਾ ਲੈਣ ਉਪਰੰਤ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਲਈ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਬੱਸ ਸਟੈਂਡ ਦੇ ਨਾਮ ਦੀ ਪਹਿਚਾਣ ਵਜੋਂ ਇਮਾਰਤ ਦੇ ਉੱਪਰ ਲੱਗਾ ਬਾਬਾ ਸਾਹਿਬ ਦੀ ਤਸਵੀਰ ਵਾਲਾ ਬੋਰਡ ਤਕ ਟੁੱਟ ਚੁੱਕਾ ਹੈ ਜਿਸ ਦੀ ਥਾਂ ਨਵਾਂ ਬੋਰਡ ਲਗਾਉਣ ਵਿਚ ਕੋਤਾਹੀ ਵਰਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸਰਕਾਰ ਵਲੋਂ ਇਸ ਇਮਾਰਤ ਦੀ ਉਸਾਰੀ ਤੇ ਕਰੋੜਾਂ ਰੁਪਏ ਕਰਚ ਕੀਤੇ ਗਏ ਸਨ ਜੋ ਬਰਬਾਦ ਹੋ ਰਹੇ ਹਨ। ਬਰਸਾਤ ਦੇ ਮੌਸਮ ਵਿਚ ਬੱਸ ਸਟੈਂਡ ਦੇ ਅੰਦਰ ਪਾਣੀ ਦਾ ਦਰਿਆ ਬਣ ਜਾਂਦਾ ਹੈ। ਗਰਿਲਾਂ ਟੁੱਟੀਆਂ ਹਨ। ਟਾਇਲਾਂ ਵੀ ਟੁੱਟ ਚੁੱਕੀਆਂ ਹਨ। ਜਿਸ ਕਰਕੇ ਸਵਾਰੀਆਂ ਅਤੇ ਬੱਸ ਚਾਲਕਾਂ ਨੂੰ ਰੋਜਾਨਾ ਭਾਰੀ ਪਰੇਸ਼ਾਨੀ ਹੁੰਦੀ ਹੈ। ਸਰਕਾਰ ਦੀ ਬੇਰੁਖੀ ਦਾ ਆਲਮ ਇਹ ਹੈ ਕਿ ਜਦੋਂ ਤੋਂ ਬੱਸ ਸਟੈਂਡ ਦੀ ਨਵੀਂ ਇਮਾਰਤ ਉਸਾਰੀ ਗਈ ਹੈ ਉਸ ਤੋਂ ਬਾਅਦ ਅੱਜ ਤਕ ਦੁਬਾਰਾ ਰੰਗ-ਰੋਗਨ ਤੱਕ ਨਹੀਂ ਕੀਤਾ ਗਿਆ। ਬੈਠਣ ਲਈ ਸੀਟਾਂ ਦਾ ਵੀ ਲੋੜੀਂਦਾ ਪ੍ਰਬੰਧ ਨਹੀਂ ਹੈ। ਸਫਾਈ ਦਾ ਬੁਰਾ ਹਾਲ ਹੈ। ਜਿਸ ਨਾਲ ਵਾਤਾਵਰਣ ਦੂਸ਼ਿਤ ਰਹਿੰਦਾ ਹੈ। ਅਧਿਕਾਰੀਆਂ ਦੀ ਅਣਗੇਹਲੀ ਕਾਰਨ ਟਰੈਫਿਕ ਦੀ ਸਮੱਸਿਆ ਹਰ ਸਮੇਂ ਬਣੀ ਰਹਿੰਦੀ ਹੈ। ਉਹਨਾਂ ਕਿਹਾ ਕਿ ਬੱਸ ਸਟੈਂਡ ਵਿਖੇ ਵੱਖ ਵੱਖ ਸਾਧਨਾਂ ਤੋਂ ਰੋਜਾਨਾ ਕਰੀਬ 50 ਹਜਾਰ ਰੁਪਏ ਦੀ ਆਮਦਨ ਹੋਣ ਦੇ ਬਾਵਜੂਦ ਇਸ ਇਮਾਰਤ ਦੀ ਦੇਖਭਾਲ ਅਤੇ ਪ੍ਰਬੰਧਾਂ ਉਪਰ ਕੋਈ ਖਰਚ ਨਾ ਹੋਣਾ ਆਮਦਨ ਦੀ ਰਕਮ ਵਿਚ ਘੋਟਾਲੇ ਦੀ ਸ਼ੰਕਾ ਪੈਦਾ ਕਰਦਾ ਹੈ ਜਿਸਦੀ ਜਾਂਚ ਹੋਣੀ ਚਾਹੀਦੀ ਹੈ। ਰਮੇਸ਼ ਕੌਲ ਨੇ ਦੱਸਿਆ ਕਿ ਪੈਪਸੂ ਦੇ ਜਨਰਲ ਮੈਨੇਜਰ ਨਾਲ ਅੱਡਾ ਇੰਚਾਰਜ ਨੇ ਗੱਲ ਕਰਵਾਈ ਹੈ ਅਤੇ ਇਕ ਹਫਤੇ ਦਾ ਸਮਾਂ ਲਿਆ ਹੈ ਪਰ ਜੇਕਰ ਇਕ ਹਫਤੇ ਵਿਚ ਖਾਮੀਆਂ ਨੂੰ ਪਹਿਲ ਦੇ ਅਧਾਰ ਤੇ ਸੁਧਾਰਿਆ ਨਾ ਗਿਆ ਤਾਂ ਬਸਪਾ ਬਾਬਾ ਸਾਹਿਬ ਦੇ ਨਾਮ ਤੇ ਬਣੇ ਫਗਵਾੜਾ ਬੱਸ ਸਟੈਂਡ ਪ੍ਰਤੀ ਬੇਰੁਖੀ ਦਿਖਾਉਣ ਨੂੰ ਬਾਬਾ ਸਾਹਿਬ ਦਾ ਨਿਰਾਦਰ ਮੰਨਦੇ ਹੋਏ ਸਰਕਾਰ ਖਿਲਾਫ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਫਗਵਾੜਾ ਪ੍ਰਧਾਨ ਚਿਰੰਜੀ ਲਾਲ ਕਾਲਾ, ਲੇਖ ਰਾਜ ਜਮਾਲਪੁਰ, ਕਾਲਾ ਪ੍ਰਭਾਕਰ, ਪਰਮਿੰਦਰ ਪਲਾਹੀ, ਕੁਲਦੀਪ ਭੱਟੀ, ਸੰਤੋਖ ਢੱਡਾ, ਤੇਜਪਾਲ ਬਸਰਾ, ਪਰਮਜੀਤ ਖਲਵਾੜਾ, ਰਾਮ ਆਸਰਾ ਸਾਬਕਾ ਸਰਪੰਚ ਮੇਹਟਾ, ਰਾਮ ਮੂਰਤੀ ਖੇੜਾ, ਹਰਮੇਸ਼ ਲਾਲ ਮੇਹਟਾਂ, ਚਰਨਜੀਤ ਜੱਖੂ, ਮਨੋਜ ਕੁਮਾਰ, ਦਲਜੀਤ ਮੇਹਟਾਂ, ਮਨਜੀਤ ਖਲਵਾੜਾ, ਨਰਿੰਦਰ ਬਿੱਲਾ, ਚਰਨਦਾਸ ਜੱਸਲ, ਪੁਰਸ਼ੋਤਮ ਗੰਢਮ, ਪਿਆਰਾ ਸੰਧੂ ਕੋਟਰਾਣੀ, ਜਸਵਿੰਦਰ ਗਾਟ, ਅਮਰ ਚੰਦ, ਜਗਜੀਤ ਲਾਲ, ਨਰੇਸ਼ ਕੁਮਾਰ, ਹੈਪੀ ਕੌਲ, ਲੇਖਰਾਜ, ਪਵਨ, ਬਿੱਟੂ ਮੇਹਟਾਂ ਵਾਲਾ, ਲੈਂਬਰ ਸਿੰਘ ਬਲਾਲੋਂ, ਅਮਰਜੀਤ ਕੌਲ, ਨਰਿੰਦਰ ਕੁਮਾਰ ਸਰਪੰਚ ਗੁਲਾਬਗੜਖ਼, ਵਿਸ਼ੰਭਰ ਦਾਸ ਭਬਿਆਣਾ, ਅਮਰੀਕ ਕਲਸੀ ਫਗਵਾੜਾ, ਸੁਰਜੀਤ ਭੁਲੱਰਾਈ, ਨਿਰਮਲ ਸਿੰਘ ਮਲਕਪੁਰ, ਪਿਆਰਾ ਰਾਮ ਭਾਣੋਕੀ, ਰੂਪ ਲਾਲ ਭਾਣੋਕੀ ਆਦਿ ਹਾਜਰ ਸਨ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 9 ਅਗਸਤ ਵਿਸ਼ਵ ਮੂਲਨਿਵਾਸੀ ਦਿਵਸ ਮਨਾਉਣ ਦਾ ਕੀ ਮਹੱਤਵ ਹੈ, ਇਸ ਨੂੰ ਕਿਉ ਮਨਾਉਂਦੇ ਹਨ?

09 ਅਗਸਤ ਨੂੰ ਵਿਸ਼ਵ ਪੱਧਰ ਉੱਤੇ ਵਿਸ਼ਵ ਮੂਲਨਿਵਾਸੀ ਦਿਵਸ ਮਨਾਇਆ ਜਾਂਦਾ ਹੈ ਇਸੇ ਦਿਨ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਮੂਲਨਿਵਾਸੀ ਦਿਵਸ ਨੂੰ ਲੈ ਕੇ ਅਨੇਕਾਂ ਥਾਂ ਤੇ ਪ੍ਰੋਗਰਾਮ (ਸੈਮੀਨਾਰ) ਆਯੋਜਿਤ ਕੀਤੇ ਜਾਂਦੇ ਹਨ ਇਹ ਪ੍ਰੋਗਰਾਮ (ਸੈਮੀਨਾਰ) ਖਾਸ ਤੌਰ ਤੇ ਬਾਮਸੇਫ ਸੰਗਠਨ ਅਤੇ ਮੂਲਨਿਵਾਸੀ ਸੰਘ ਅਤੇ ਹੋਰ ਬਹੁਜਨ ਸਮਾਜ ਦੇ ਰਹਿਬਰਾਂ ਦੇ ਨਾਮ ਤੇ ਚੱਲਣ ਵਾਲੇ ਸੰਗਠਨ ਵੱਲੋਂ ਵਿਸ਼ਵ ਮੂਲਨਿਵਾਸੀ ਦਿਵਸ ਕਾਫੀ ਜ਼ੋਰਾਂ-ਸ਼ੋਰਾਂ ਨਾਲ ਮਨਾਉਂਦੇ ਹਨ। ਆਮ ਤੌਰ ਦੇਖਣ ਸੁਣ ਵਿੱਚ ਆਉਂਦਾ ਹੈ ਕਿ ਭਾਰਤ ਦੇ ਲੋਕ ਮੂਲਨਿਵਾਸੀ ਦਿਵਸ ਤੋਂ ਜਾਣੂ ਨਹੀਂ, ਇਸ ਲਈ ਹਰ ਭਾਰਤੀ ਨੂੰ ਮੂਲਨਿਵਾਸੀ ਦਿਵਸ ਬਾਰੇ ਜਾਣਾ ਚਾਹੀਦਾ ਹੈ ਕਿਉਂਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਕਿਹਾ ਸੀ ਕਿ "ਜੋ ਲੋਕ ਆਪਣਾ ਇਤਿਹਾਸ ਨਹੀਂ ਜਾਣਦੇ ਉਹ ਲੋਕ ਆਪਣਾ ਇਤਿਹਾਸ ਨਹੀ ਸਿਰਜ ਸਕਦੇ" ਇਸ ਕਰਕੇ ਸਾਨੂੰ ਆਪਣਾ ਇਤਿਹਾਸ ਜਾਣਾ ਚਾਹੀਦਾ ਹੈ ਕਿ ਵਿਸ਼ਵ ਮੂਲਨਿਵਾਸੀ ਦਿਵਸ ਕਿਉਂ ਮਨਾਇਆ ਜਾਂਦਾ ਹੈ ਆਉ ਅਸੀ ਜਾਣਦੇ ਹਾਂ।

ਵਿਸ਼ਵ ਮੂਲਨਿਵਾਸੀ ਦਿਵਸ ਮਨਾਉਣ ਦਾ ਕੀ ਮਹੱਤਵ ਹੈ, ਇਸ ਨੂੰ ਵਿਸ਼ੇਸ਼ (ਖਾਸ), ਕਿਉਂ ਮਨਾਉਂਦੇ ਹਨ। ਵਿਸ਼ਵ ਮੂਲਨਿਵਾਸੀ ਦਿਵਸ ਸੰਸਾਰ ਦੇ ਬਹੁਤ ਸਾਰੇ ਦੇਸ਼ ਵਿੱਚ ਮਨਾਇਆ ਜਾਦਾ ਹੈ, ਭਾਰਤ ਨੂੰ ਵੀ ਪਿਛਲੇ ਦੋ ਦਹਾਕਿਆਂ ਤੋਂ ਮਨਾਇਆ ਜਾਦਾ ਹੈ, ਮੂਲਨਿਵਾਸੀ ਦਿਵਸ ਮਨਾਉਣ ਦੇ ਮਹੱਤਵ ਨੂੰ ਜਾਨਣੇ ਦੇ ਲਈ ਸਾਨੂੰ ਇਤਿਹਾਸ ਨੂੰ ਜਾਣਨਾ ਹੋਵੇਗਾ ਅਤੇ ਇਹ ਸੱਚ ਹੈ ਕਿ ਦੇਸ਼ ਦੇ ਮੂਲਨਿਵਾਸੀਆਂ ਦੀ ਹਕੀਕਤ ਹੈ ਅਤੇ ਜਿਸ ਨੂੰ ਸਭ ਤੋ ਛੁਪਾਇਆ ਗਿਆ ਹੈ।

ਮੂਲਨਿਵਾਸੀਆਂ ਦੇ ਮਾਨਵੀ ਅਧਿਕਾਰਾਂ ਨੂੰ ਲਾਗੂ ਕਰਨੇ ਅਤੇ ਉਸ ਦੇ ਸੁਰੱਖਿਆ ਦੇ ਲਈ 1982 ਵਿੱਚ UNO ਭਾਵ (ਸੰਯੁਕਤ ਰਾਸ਼ਟਰ ਸੰਘ) ਦੇ ਇੱਕ ਕੰਮ ਵਰਗ UN-WGIP (United Nations Working Group on Indigenous Populations) ਉਪ-ਕਮਿਸ਼ਨ ਦਾ ਗਠਨ ਕੀਤਾ ਗਿਆ। ਜਿਸ ਦੀ ਪਹਿਲੀ ਬੈਠਕ 9 ਅਗਸਤ 1982 ਨੂੰ ਹੋਈ ਸੀ ਇਸ ਲਈ, ਹਰ ਸਾਲ 9 ਅਗਸਤ ਨੂੰ "ਵਿਸ਼ਵ ਮੂਲਨਿਵਾਸੀ ਦਿਵਸ UNO ਦੁਆਰਾ ਆਪਣੇ ਦਫਤਰ ਵਿੱਚ ਅਤੇ ਆਪਣੇ ਮੈਂਬਰ ਦੇਸ਼ਾਂ ਨੂੰ ਮਨਾਉਣਾ ਦਾ ਨਿਰਦੇਸ਼ ਹੈ।

UNO ਨੇ ਇਹ ਮਹਿਸੂਸ ਕੀਤਾ ਕਿ 21ਵੀ ਸਦੀ ਵਿੱਚ ਵੀ ਵਿਸ਼ਵ ਦੇ ਵਿਭਿੰਨ ਦੇਸ਼ਾਂ ਵਿੱਚ ਰਹਿਣ ਵਾਲੇ ਮੂਲਨਿਵਾਸੀ ਸਮਾਜ ਬੇਰੁਜ਼ਗਾਰੀ ਅਤੇ ਬਾਲ ਮਜ਼ਦੂਰੀ ਜੈਸੀ ਸਮੱਸਿਆਵਾਂ ਨਾਲ ਗ੍ਰਸਤ ਹੈ ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ UNWGIP ਕੰਮ ਵਰਗ (ਕੰਮ ਕਰਨ ਵਾਲੇ ਦਾ ਗਰੁੱਪ) ਦੇ 11ਵੇਂ ਅਧਿਵੇਸ਼ਨ ਵਿੱਚ ਮੂਲਨਿਵਾਸੀ ਘੋਸ਼ਣਾ ਪੂਰਵਕ ਵਿੱਚ ਮਾਨਤਾ ਮਿਲਣੇ ਤੋਂ ਬਾਅਦ 1994 ਨੂੰ ਮੂਲਨਿਵਾਸੀ ਸਾਲ 09 ਅਗਸਤ ਨੂੰ ਮੂਲਨਿਵਾਸੀ ਦਿਵਸ ਘੋਸ਼ਿਤ ਕੀਤਾ ਗਿਆ ਮੂਲਨਿਵਾਸੀ ਨੂੰ ਹੱਕ ਅਧਿਕਾਰ ਦਿਵਾਉਣੇ ਅਤੇ ਉਸਦੀ ਸੱਮਿਆਂ ਦਾ ਨਿਪਟਾਰਾ, ਭਾਸ਼ਾ, ਸੰਸਕ੍ਰਿਤ, ਇਤਿਹਾਸ ਦੇ ਸੁਰੱਖਿਆ ਦੇ ਲਈ UNO ਦੀ ਮਹਾਸਭਾ ਦੁਆਰਾ 9 ਅਗਸਤ 1994 ਨੂੰ ਜੇਨੇਵਾ ਸ਼ਹਿਰ ਵਿੱਚ ਵਿਸ਼ਵ ਦੇ ਮੂਲਨਿਵਾਸੀ ਪ੍ਰਤੀਨਿਧੀਆਂ (ਡੈਲੀਗੇਟਸ) ਦਾ ਵਿਸ਼ਵ ਦਾ "ਪ੍ਰਥਮ ਅੰਤਰਰਾਸ਼ਟਰੀ ਮੂਲਨਿਵਾਸੀ ਦਿਵਸ" ਸੰਮੇਲਨ (ਕਾਨਫਰੰਸ) ਕੀਤਾ ਗਿਆ।

ਮੂਲਨਿਵਾਸੀਆਂ ਦੀ ਸੰਸਕ੍ਰਿਤੀ ਭਾਸ਼ਾ ਉਨ੍ਹਾਂ ਦੇ ਹੱਕ ਅਧਿਕਾਰਾਂ ਨੂੰ ਸਾਰਿਆਂ ਨੇ ਇੱਕ ਮੱਤ ਨਾਲ ਸਾਵੀਕਾਰ ਕੀਤਾ ਅਤੇ ਇਨ੍ਹਾਂ ਦੇ ਸਾਰੇ ਹੱਕ ਅਧਿਕਾਰ ਬਰਕਰਾਰ ਰੱਖੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਗਈ UNO ਨੇ ਕਿਹਾ "ਅਸੀ ਆਪ ਦੇ ਨਾਲ ਹਾਂ" ਇਹ ਬੱਚਨ ਮੂਲਨਿਵਾਸੀ ਨੂੰ ਦਿੱਤਾ UNO ਨੇ ਵਿਆਪਕ ਚਰਚਾ ਦੇ ਬਾਅਦ 21 ਦਸੰਬਰ 1994 ਤੋਂ 20 ਦਸੰਬਰ 2004 ਤੱਕ "ਪ੍ਰਥਮ ਮੂਲਨਿਵਾਸੀ ਦਹਾਕਾ" ਅਤੇ ਹਰੇਕ ਸਾਲ 9 ਅਗਸਤ ਨੂੰ International Day of the World's Indigenous people (ਵਿਸ਼ਵ




ਮੂਲਨਿਵਾਸੀ ਦਿਵਸ) ਮਨਾਉਣੇ ਦਾ ਫੈਸਲਾ ਲਿਆ ਅਤੇ ਵਿਸ਼ਵ ਦੇ ਸਾਰੇ ਦੇਸ਼ਾਂ ਨੂੰ ਮਨਾਉਣੇ ਦੇ ਨਿਰਦੇਸ਼ ਦਿੱਤੇ।

**ਭਾਰਤ ਵਿੱਚ ਮੂਲਨਿਵਾਸੀਆਂ ਨਾਂ ਕਿਸ ਨੇ ਧੋਖਾ ਕੀਤਾ?**

ਉਹਨਾਂ ਦੁਆਰਾ ਪਿਛਲੇ 22 ਸਾਲਾਂ ਤੋਂ ਨਿਰੰਤਰ ਵਿਸ਼ਵ ਮੂਲਨਿਵਾਸੀ ਦਿਵਸ ਮਨਾਇਆ ਜਾ ਰਿਹਾ ਹੈ ਕਿੰਤੂ ਭਾਰਤ ਦੇ ਮੂਲਨਿਵਾਸੀ ਬਹੁਜਨਾਂ ਨੂੰ ਇਸ ਦੀ ਕੋਈ ਜਾਣਕਾਰੀ ਨਹੀ ਹੈ ਭਾਰਤ ਦੀ ਬ੍ਰਾਹਮਣਵਾਦੀ ਸਰਕਾਰਾਂ ਨੇ ਮੂਲਨਿਵਾਸੀਆਂ ਦੇ ਨਾਲ ਧੋਖਾ ਕਰਦੇ ਹੋਏ ਭਾਰਤ ਵਿੱਚ ਇਸ ਦਿਨ ਦੇ ਬਾਰੇ ਵਿੱਚ ਅੱਜ ਤੱਕ ਕਿਸੇ ਨੂੰ ਨਹੀਂ ਦੱਸਿਆ ਅਤੇ ਨਾ ਹੀ ਅੱਜ ਤੱਕ ਮਨਾਇਆ ਗਿਆ ਜਦੋਂ ਕਿ UNO ਨੇ ਦੁਆਰਾ ਫਿਰ 16 ਦਸੰਬਰ 2004 ਤੋ 15 ਦਸੰਬਰ ਤੱਕ 2014 ਤੱਕ ਫਿਰ ਦੂਸਰਾ ਮੂਲਨਿਵਾਸੀ ਦਹਾਕਾ ਘੋਸ਼ਿਤ ਕੀਤਾ।

(ਹਵਾਲੇ:- ਮਨਿਸ਼ਾ ਬਾਂਗਰ ਬਾਮਸੇਫ ਰਿਸਰਚ ਪੇਪਰ ਅਤੇ NIN Bureau)

**ਕੌਣ ਹੈ ਭਾਰਤ ਦੇ ਅਸਲੀ ਮੂਲ ਨਿਵਾਸੀ**

ਵਿਗਿਆਨ ਦੇ ਬੇਅੰਤ ਪ੍ਰਮਾਣ ਡੀਐੱਨਏ (DNA Test) ਜਿਸਦੀ ਰਿਪੋਰਟ Time of India ਵਿੱਚ 21 ਮਈ 2001 ਵਿੱਚ ਛਪੀ ਜਿਸ ਦੇ ਅਨੁਸਾਰ SC/ST/OBC ਅਤੇ ਉਸ ਦੇ ਨਾਲ ਧਰਮ ਪਰਿਵਰਤਨ ਘੱਟ ਗਿਣਤੀਆਂ ਹੀ ਭਾਰਤ ਦੇ ਮੂਲਨਿਵਾਸੀ ਹੈ ਅਤੇ ਬ੍ਰਾਹਮਣ, ਕਸ਼ੱਤਰੀ, ਵੈਸ਼, ਇਹ ਵਿਦੇਸ਼ੀ ਯੂਰੇਸ਼ੀਅਨ ਨਸਲ ਦੇ ਹਨ, ਮਤਲਬ ਕਿ ਵਿਦੇਸ਼ੀ ਹਨ। ਭਾਰਤ ਵਿੱਚ ਆਰੀਆ ਲੋਕ ਵਿਦੇਸ਼ਾਂ ਤੋਂ ਆਏ ਸੀ। ਇਸ ਲਈ ਅਮਰੀਕਾ ਦੇ ਉਟਾਹ ਯੂਨੀਵਰਸਿਟੀ (ਵਾਸ਼ਿੰਗਟਨ) ਦੇ ਮਾਈਕਲ ਬਾਮਸ਼ਾਦ ਨਾਮਕ ਬਾਇਓ ਟੈਕਨਾਲੋਜੀ ਡਿਪਾਰਮੈਂਟ ਨੇਂ ਪ੍ਰੋਜੈਕਟ ਤਿਆਰ ਕੀਤਾ, ਇਸ ਪ੍ਰੋਜੈਕਟ ਵਿੱਚ ਉਸਮਾਨੀਆ ਯੂਨੀਵਰਸਿਟੀ ਦੇ ਬਾਇਓ ਟੈਕਨਾਲੋਜੀ ਵਿਭਾਗ ਭਾਰਤ ਸਰਕਾਰ ਦੇ ਵਿਗਿਆਨੀਆਂ ਨੂੰ ਵੀ ਸ਼ਾਮਲ ਕਰ ਲਿਆ ਗਿਆ। ਸਾਰੇ ਵਿਗਿਆਨੀਆਂ ਨੇ ਮਿਲ ਕੇ ਇਸ ਤੇ ਰਿਸਰਚ (ਖੋਜ) ਕੀਤੀ ਭਾਰਤ ਦੀਆਂ ਸਾਰੀਆਂ ਜਾਤਾਂ ਅਤੇ ਯੂਰਪ ਦੇ ਲੋਕਾਂ ਦਾ ਸੈਂਪਲ ਲਿਆ ਗਿਆ ਇਸ ਡੀ.ਐਨ.ਏ. ਰਿਸਰਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਭਾਰਤ ਵਿੱਚ ਰਹਿਣ ਵਾਲੇ ਬ੍ਰਾਹਮਣ, ਕਸ਼ੱਤਰੀ, ਅਤੇ ਵੈਸ਼ ਲੋਕਾਂ ਦਾ ਡੀ. ਐਨ. ਏ ਯੂਰੇਸ਼ੀਆ ਪ੍ਰਾਂਤ ਵਿੱਚ ਰਹਿਣ ਵਾਲੇ ਰੂਵਾ ਸਮੂਹ ਨਾਲ ਮਿਲ ਰਿਹਾ ਹੈ ਰਸ਼ੀਆ ਦੇ ਕੋਲ ਕਾਲਾ ਸਾਗਰ ਨਾਮਕ ਖੇਤਰ ਵਿੱਚ ਅਸਿਲਮੋਂਬੀ ਭੂਗੋਲਿਕ ਖੇਤਰ ਵਿੱਚ ਰਹਿਣ ਵਾਲੇ ਮੋਰੂ ਪ੍ਰਜਾਤੀ ਦੇ ਲੋਕਾਂ ਨਾਲ ਭਾਰਤ ਵਿੱਚ ਰਹਿਣ ਵਾਲੇ ਬ੍ਰਾਹਮਣ, ਖੱਤਰੀ ਅਤੇ ਵੈਸ਼ਾਂ ਦਾ ਡੀ. ਐਨ.ਏ. ਮੈਚ ਕਰ ਗਿਆ ਇਸ ਤੋਂ ਸਾਬਤ ਹੁੰਦਾ ਹੈ ਬ੍ਰਾਹਮਣ ਖੱਤਰੀ ਵੈਸ਼ ਭਾਰਤ ਦੇ ਮੂਲ ਬਸ਼ਿੰਦੇ ਨਹੀਂ ਹਨ।

ਔਰਤਾਂ ਵਿੱਚ ਮੀਟੋਕੋਨਡੇਲ ਡੀ.ਐਨ.ਏ. Mitachondrial DNA ਜੋ ਹਜ਼ਾਰਾਂ ਸਾਲਾਂ ਬਾਅਦ ਵੀ ਸਿਰਫ ਔਰਤਾਂ ਵਿੱਚ ਸਥਾਨ ਅੰਤਰ ਹੁੰਦਾ ਹੈ ਉਨ੍ਹਾਂ ਦਾ ਡੀ.ਐਨ.ਏ. ਵਿਦੇਸ਼ੀ ਔਰਤਾਂ ਦੇ ਡੀ.ਐਨ.ਏ. ਨਾਲ ਨਾ ਮਿਲ ਕੇ ਸਗੋਂ ਭਾਰਤ ਵਿੱਚ ਰਹਿਣ ਵਾਲੇ ਓ.ਬੀ.ਸੀ., ਐਸ.ਸੀ, ਐਸ.ਟੀ. ਅਤੇ ਧਰਮ ਪਰਿਵਰਤਨ ਘੱਟ ਗਿਣਤੀ ਸਮਾਜ ਦੀਆਂ ਔਰਤਾਂ ਨਾਲ ਮੈਚ ਕੀਤਾ ਜਿਸ ਤੋਂ ਸਾਬਤ ਹੁੰਦਾ ਹੈ ਕਿ ਬ੍ਰਾਹਮਣ, ਖੱਤਰੀ ਅਤੇ ਵੈਸ਼ ਦੇ ਘਰ ਵਿੱਚ ਬੈਠੀਆਂ ਔਰਤਾਂ ਦੀ ਭਾਰਤ ਦੇ ਮੂਲ ਬਸ਼ਿੰਦੇ ਬਹੁਜਨ ਸਮਾਜ ਤੋਂ ਹਨ। ਆਰੀਆ ਦੁਆਰਾ ਲਿਖੇ ਗ੍ਰੰਥ ਜਿਵੇਂ "ਆਰਕਟਿਕ ਹੋਮ ਇਨ ਵੇਦਜ" (ਬਾਲ ਗੰਗਾਧਰ ਤਿਲਕ) "ਵੋਲਗਾ ਟੂ ਗੰਗਾ"(ਰਾਹੁਲ ਸੰਸਕ੍ਰਿਤਿਆਨ) ਉਰਫ ਕੇਦਾਰ ਨਾਥ ਪਾਂਡੇ ਅਤੇ "ਡਿਸਕਵਰੀ ਆਫ ਇੰਡੀਆ" ਜਵਾਹਾਲਾਲ ਨਹਿਰੂ ਵਿੱਚ ਵੀ ਕਿਹਾ ਗਿਆ ਬ੍ਰਾਹਮਣ, ਖੱਤਰੀ ਅਤੇ ਵੈਸ਼ ਯੂਰੇਸ਼ਿਆਂ ਤੋਂ ਆਏ ਹੋਏ ਆਰੀਆ ਲੋਕ ਹਨ ਹੁਣ ਤਾਂ ਡੀ.ਐਨ.ਏ. ਦੇ ਰੂਪ ਵਿੱਚ 100 ਪ੍ਰਤੀਸ਼ਤ ਪ੍ਰਮਾਣਤ ਵਿਗਿਆਨਕ ਆਧਾਰ ਵੀ ਮਿਲ ਗਿਆ ਹੈ ਹੁਣ ਸਾਰੀ ਦੁਨੀਆਂ ਦੇ ਨਾਲ ਭਾਰਤ ਦੀ ਸੁਪਰੀਮ ਕੋਰਟ ਨੇ ਵੀ ਇਸ ਨੂੰ ਮਾਨਤਾ ਦਿੱਤੀ ਹੈ।



ਅਮਨਦੀਪ ਸਿੰਘੂ
91-94657-54037

ਯੂਰੇਸ਼ੀਆ ਵਾਲਿਆਂ ਨਾਲ ਡੀ. ਐਨ. ਏ. ਬ੍ਰਾਹਮਣਾਂ ਨਾਲ 99.90 ਪ੍ਰਤੀਸ਼ਤ ਖੱਤਰੀਆਂ ਦਾ 99.88 ਪ੍ਰਤੀਸ਼ਤ ਵੈਸ਼ਾਂ ਦਾ 99.86 ਪ੍ਰਤੀਸ਼ਤ ਮੈਚ ਕਰਦਾ ਹੈ

(ਹਵਾਲੇ:- ਡੀ.ਐਨ.ਏ ਰਿਪੋਰਟ)

**ਮੂਲਨਿਵਾਸੀਆਂ ਦੇ ਖਿਲਾਫ ਸਾਜ਼ਿਸ਼ ਕਿਉ**

ਦੇਸ਼ ਦੀ ਬ੍ਰਾਹਮਣਵਾਦੀ ਸਰਕਾਰਾਂ ਨੇ ਦੇਸ਼ ਦੇ ਆਦਿਵਾਸੀਆਂ ਨੂੰ 09 ਅਗਸਤ ਨੂੰ ਆਦਿਵਾਸੀ ਦਿਵਸ ਦੱਸ ਕੇ ਮੂਲਨਿਵਾਸੀਆਂ ਨੂੰ ਵੰਡਣ ਦੀ ਸਾਜ਼ਿਸ਼ ਕੀਤੀ ਗਈ ਜਿਸ ਨਾਲ ਹੀ ਮੂਲ ਵਾਸੀ ਆਪਸ ਵਿੱਚ ਹੀ ਲੜਦੇ ਰਹਿਣ ਦੇਸ਼ ਦੇ ਕੁਝ ਹਿੱਸਿਆਂ ਵਿੱਚ ਵਿਸ਼ਵ ਮੂਲਨਿਵਾਸੀ ਦਿਵਸ ਨੂੰ ਵਿਸ਼ਵ ਆਦਿਵਾਸੀ ਦਿਵਸ ਮੰਨ ਕੇ ਮਨਾਇਆ ਜਾਂਦਾ ਹੈ ਜੋ ਹਕੀਕਤ ਨਹੀਂ ਹੈ ਕਿਉਂਕਿ ਵਿਸ਼ਵ ਆਦਿਵਾਸੀ ਦਾ ਅੰਗਰੇਜ਼ੀ ਅਨੁਵਾਦ World Tribe day, Indigenous peoples day ! Indigenous ਦਾ ਮਤਲਬ ਹੁੰਦਾ ਹੈ ਮੂਲਨਿਵਾਸੀ, ਮੂਲ ਵਾਸੀ ਅਰਥ ਅਸਲੀ ਨਾਮ ਵਿਸ਼ਵ ਮੂਲ ਨਿਵਾਸੀ ਦਿਵਸ ਹੈ।

(ਹਵਾਲੇ:- NIN Bureau)

**ਮੂਲਨਿਵਾਸੀ ਦਿਵਸ ਸਾਨੂੰ ਕਿਉ ਮਨਾਉਣਾ ਚਾਹੀਦਾ ਹੈ**

ਆਰੀਆ ਲੋਕ ਵਿਦੇਸ਼ਾਂ ਤੋਂ ਆਏ ਸੀ ਜਿਨ੍ਹਾਂ ਨੇ ਆਪਣੀ ਜਾਤੀਵਾਦੀ ਵਿਵਸਥਾ ਭਾਰਤ ਵਾਸੀਆਂ ਉੱਪਰ ਥੋਪਣ ਦਾ ਕੰਮ ਕੀਤਾ ਅਤੇ ਇਸ ਵਿਵਸਥਾ ਦੇ ਨਾਲ ਅੰਤਰਗਤ ਪੀੜ੍ਹੀ ਦਰ ਪੀੜ੍ਹੀ ਮੂਲਨਿਵਾਸੀਆਂ ਨੂੰ ਪੀੜਤ ਕੀਤਾ ਗਿਆ। ਦੇਸ਼ ਦੇ ਮੂਲਨਿਵਾਸੀਆਂ ਨੂੰ ਉਨ੍ਹਾਂ ਦੇ ਧਾਰਮਿਕ ਸਮਾਜਿਕ ਸੰਸਕ੍ਰਿਤਿਕ ਅਧਿਕਾਰਾਂ ਨੂੰ ਦੂਰ ਰੱਖ ਕੇ ਇਨ੍ਹਾਂ ਦੇ ਖਿਲਾਫ ਅਨਿਆਏ ਭਾਵ ਬੇਇਨਸਾਫ਼ੀ ਕੀਤੀ ਹੈ।

ਇਸ ਦੇ ਲਈ ਮੂਲਨਿਵਾਸੀ ਦਿਵਸ ਮਨਾਇਆ ਜਾਂਦਾ ਹੈ ਤਾਂ ਕਿ ਉਨ੍ਹਾਂ ਦੇ ਹਿੱਤਾਂ ਅਤੇ ਅਧਿਕਾਰਾਂ ਦੇ ਲਈ ਉਹ ਜਾਗਰੂਕ ਹੋ ਸਕਣ ਉਨ੍ਹਾਂ ਨੇ ਕਿਹਾ ਆਰੀਆ ਨੇ ਹੀ ਜਾਤੀਵਾਦੀ ਵਿਵਸਥਾ ਥੋਪ ਕੇ ਹੱਕਾਂ ਤੋਂ ਵੰਚਿਤ ਰੱਖਿਆ। ਇਸ ਲਈ ਐਸ.ਸੀ., ਐਸ.ਟੀ., ਓ.ਬੀ.ਸੀ. ਅਤੇ ਘੱਟ ਗਿਣਤੀਆਂ ਨੂੰ ਮੂਲਨਿਵਾਸੀ ਦਿਵਸ ਦੀ ਮਹੱਤਵ ਨੂੰ ਸਮਝਣਾ ਚਾਹੀਦਾ ਅਤੇ ਸਾਨੂੰ ਆਪਸ ਵਿੱਚ ਮਜ਼ਬੂਤੀ ਦੇ ਨਾਲ ਮਿਲ ਕੇ ਰਹਿਣਾ ਚਾਹੀਦਾ ਤਾਂ ਕਿ ਅਸੀ ਸਾਰੇ ਇਸ ਜਾਤੀਵਾਦੀ/ ਮਨੂੰਵਾਦੀ ਵਿਵਸਥਾ ਦੇ ਖਿਲਾਫ਼ ਲੜ ਸਕੀਏ। ਸੋ ਇਹ ਸੀ ਮੂਲਨਿਵਾਸੀ ਦਿਵਸ ਦੀ ਜਾਣਕਾਰੀ ਇਸ ਬਾਰੇ ਦੱਸਣ ਦੀ ਥੋੜੀ ਜਹੀ ਕੋਸ਼ਿਸ ਕੀਤੀ ਗਈ ਹੈ ਬਾਕੀ ਫੈਸਲਾ ਤਾਂ ਲੋਕਾਂ ਨੇ ਖੁਦ ਕਰਨਾ ਹੈ।

**#(ਫੂਲੇ-ਸ਼ਾਹੂ-ਅੰਬੇਡਕਰੀ ਮਿਸ਼ਨਰੀ ਕਾਰਜਕਰਤਾ)**

# ਅਜ਼ਾਦੀ ਦੀ ਵਰ੍ਹੇਗੰਢ 'ਤੇ ਸਾਡੀ ਜ਼ਿੰਮੇਵਾਰੀ

ਦੇਸ਼ ਪਿਆਰ ਤੋਂ ਭਾਵ ਹੈ ਆਪਣੇ ਦੇਸ਼ ਦੀ ਮਿੱਟੀ, ਸੱਭਿਆਚਾਰ, ਬੋਲੀ ਅਤੇ ਕਦਰਾਂ-ਕੀਮਤਾਂ ਨੂੰ ਪਿਆਰ ਕਰਨਾ ਅਤੇ ਲੋੜ ਪੈਣ ਤੇ ਦੇਸ਼ ਲਈ ਜਾਨ ਵਾਰਨ ਲਈ ਤਿਆਰ ਰਹਿਣਾ। ਇਹ ਉਹੀ ਜਜ਼ਬਾ ਹੈ ਜਿਸ ਨੇ ਸੈਂਕੜੇ ਦੇਸ਼ ਭਗਤਾਂ ਨੂੰ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਦੇਸ਼ ਨੂੰ ਆਜ਼ਾਦ ਕਰਾਉਣ ਦੇ ਰਾਹ ਤੋਰਿਆ ਸੀ।ਇਸ ਜਜ਼ਬੇ ਵਿੱਚੋਂ ਹੀ ਉਹਨਾਂ ਆਜ਼ਾਦ, ਵਿਕਸਤ ਅਤੇ ਖੁਸ਼ਹਾਲ ਭਾਰਤ ਦੀ ਤਸਵੀਰ ਤਸੱਵਰ ਕੀਤੀ ਸੀ।

ਭਾਰਤ ਆਪਣੀ ਅਜ਼ਾਦੀ ਦੀ ੭੨ਵੀਂ ਵਰ੍ਹੇਗੰਢ ਮਨਾਉਣ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀ ਕਿ ਅਜ਼ਾਦੀ ਦਿਹਾੜੇ ਦੇ ਇਹ ਜਸ਼ਨ ਦੇਸ ਦੇ ਵਿਕਾਸ ਅਤੇ ਖੁਸ਼ਹਾਲੀ ਦੇ ਪ੍ਰਤੀਕ ਹਨ।ਅੱਜ ਭਾਰਤ ਆਪਣੀ ਮਜਬੂਤ ਆਰਥਿਕਤਾ ਸਦਕਾ ਸੰਸਾਰ ਦੇ ਦੇਸ਼ਾਂ ਦੀ ਮੂਹਰਲੀ ਸਫ਼ ਵਿਚ ਆ ਖੜ੍ਹਾ ਹੋਇਆ ਹੈ ਅਤੇ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦੀ ਪੱਕੀ ਮੈਂਬਰਸ਼ਿਪ ਲਈ ਪੱਬਾਂ ਭਾਰ ਹੈ। ......ਪਰ ਅਫ਼ਸੋਸ ਕਿ ਪ੍ਰਾਪਤੀਆਂ ਦੀ ਇਸ ਲੰਬੀ ਸੂਚੀ ਦੇ ਬਾਵਜੂਦ ਦੇਸ਼ ਗ਼ਰੀਬੀ, ਭੁੱਖਮਰੀ, ਅਨਪੜ੍ਹਤਾ, ਰਿਸ਼ਵਤਖੋਰੀ, ਜਮ੍ਹਾਖੋਰੀ ਅਤੇ ਫ਼ਿਰਕਾਪ੍ਰਸਤੀ ਵਰਗੀਆਂ ਸਮੱਸਿਆਵਾਂ ਵਿਚ ਘਿਰਿਆ ਪਿਆ ਹੈ।

ਹਰ ਮਨੁੱਖ ਆਪਣੀ ਮਾਤ-ਭੂਮੀ, ਮਾਤ-ਭਾਸ਼ਾ ਅਤੇ ਜਨਮ ਦੇਣ ਵਾਲੀ ਮਾਂ ਦਾ ਜਨਮ ਤੋਂ ਹੀ ਕਰਜ਼ਦਾਰ ਹੁੰਦਾ ਹੈ। ਅਤੇ ਉਸਨੂੰ ਜਿਉਂਦੇ ਜੀਅ ਆਪਣਾ ਇਹ ਕਰਜ਼ ਉਤਾਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ।ਦੇਸ਼-ਭਗਤੀ ਤਿਆਗ ਦੀ ਮੰਗ ਕਰਦੀ ਹੈ,ਪਰ ਅੱਜ ਹਰ ਕੋਈ ਮੈਂ ਅਤੇ ਮੇਰੀ ਦੀ ਭਾਵਨਾ ਨਾਲ ਲਬਰੇਜ਼ ਆਪਣੀ ਸਵਾਰਥ ਸਿਧੀਵਿਚ ਲੱਗਾ ਨਜ਼ਰ ਆਉਂਦਾ ਹੈ।

ਅੱਜ ਅਜ਼ਾਦੀ ਦੇ ਜਸ਼ਨ ਮਨਾਉਂਦਿਆਂ ਲੋੜ ਹੈ ਦੇਸ਼ ਦੀਆਂ ਸਰਕਾਰਾਂ ਨੂੰ ਆਪਣੇ ਅੰਦਰ ਝਾਤ ਮਾਰਨ ਦੀ ਕਿ ਕੀ ਅਜ਼ਾਦੀ ਦੇ ਜਸ਼ਨਾਂ ਦੇ ਨਾਮ 'ਤੇ ਵੱਡੇ-ਵੱਡੇ ਸਮਾਗਮ ਰਚ ਕੇ ਦੋ ਘੜੀਆਂ ਅਜ਼ਾਦੀ ਦੇ ਪਰਵਾਨਿਆਂ ਨੂੰ ਯਾਦ ਕਰ ਲੈਣਾ ਅਤੇ ਕਦੇ ਵਫ਼ਾ ਨਾ ਹੋਣ ਵਾਲੇ ਵਾਅਦਿਆਂ ਦੀ ਝੜੀ ਲਾ ਦੇਣਾ ਹੀ ਕਾਫ਼ੀ ਹੈ? ਜਾਂ ਫਿਰ ਦੇਸ਼ ਭਗਤਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਸੁਹਿਰਦ ਯਤਨ ਕਰਨ ਦੀ ਲੋੜ ਹੈ। ਅੱਜ ਨੌਜਵਾਨਾਂ ਵਿਚ ਦੇਸ਼-ਭਗਤੀ ਦਾ ਜਜ਼ਬਾ ਕਮਜ਼ੋਰ ਪੈ ਰਿਹਾ ਹੈ।ਨੌਜਵਾਨਾਂ ਵਿਚ ਵਧ ਰਹੀ ਹੁੱਲੜਬਾਜ਼ੀ, ਹਿੰਸਾ ਦੀ ਭਾਵਨਾ, ਨਸ਼ਿਆਂ ਦਾ ਸੇਵਨ, ਕਾਨੂੰਨ ਦੀ ਉਲੰਘਣਾ ਉਹਨਾਂ ਨੂੰ ਮੁੱਖ-ਧਾਰਾ ਤੋਂ ਦੂਰ ਕਰ ਰਹੀ ਹੈ। ਇਸਦਾ ਕਾਰਨ ਨੌਜਵਾਨਾਂ ਵਿਚ ਵਧ ਰਿਹਾ ਅਸੰਤੋਸ਼ ਅਤੇ ਦਿਸ਼ਾਹੀਣਤਾ ਹੈ। ਨੌਜਵਾਨ ਰੁਜ਼ਗਾਰ ਦੀ ਭਾਲ ਤੇ ਚੰਗੇਰੇ ਜੀਵਨ ਦੀ ਚਾਹ 'ਚ ਧੜਾ-ਧੜ ਪ੍ਰਵਾਸ ਦੇ ਰਾਹ ਪੈ ਰਹੇ ਹਨ।ਨੌਜਵਾਨਾਂ ਨੂੰ ਉਹਨਾਂ ਦੇ ਬਣਦੇ ਹੱਕ ਦੇਣਾ ਸਮੇਂ ਦੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਹੋਇਆ ਕਰਦੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ 'ਰਿਜ਼ਕ ਵਿਹੂਣੇ ਆਦਮੀ, ਜਾਣ ਮੁਹੱਬਤਾਂ ਤੋੜ'ਦੇ ਅਖਾਣ ਅਨੁਸਾਰ ਬੇਰੁਜ਼ਗਾਰ ਨੌਜਵਾਨਾਂ ਕੋਲੋਂ ਦੇਸ਼ ਪਿਆਰ ਵਰਗੇ ਕੋਮਲ ਭਾਵਾਂ ਦੀ ਤਵੱਕੋਂ ਕਰਨਾ ਬੇਮਾਇਨਾ ਹੋਵੇਗਾ। ਅੱਜ ਨੌਜਵਾਨਾਂ ਨੂੰ ਸਰਕਾਰਾਂ ਦੇ ਝੂਠੇ ਲਾਰਿਆਂ ਦੀ ਨਹੀਂ ਸਗੋਂ ਰੁਜ਼ਗਾਰ ਦੇ ਮੌਕਿਆਂ ਦੀ ਜ਼ਰੂਰਤ ਹੈ।



ਦੇਸ ਨੂੰ ਵਿਕਾਸ ਦੇ ਰਸਤੇ ਤੋਰਨ ਲਈ ਸਰਕਾਰ ਨੂੰ ਕੁੱਝ ਸਖ਼ਤ ਫ਼ੈਸਲੇ ਲੈਣੇ ਹੋਣਗੇ।ਦੇਸ਼ ਦੇ ਕਾਲੇ ਧਨ ਨੂੰ ਅਮੀਰਾਂ ਦੀਆਂ ਤਿਜੋਰੀਆਂ ਵਿਚੋਂ ਕੱਢ ਕੇ ਆਮ ਲੋਕਾਂ ਦੇ ਵਿਕਾਸ ਲਈ ਵਰਤਣਾ ਹੋਵੇਗਾ। ਸਿੱਖਿਆ ਦਾ ਵਪਾਰੀਕਰਨ ਰੋਕ ਕੇ ਸਿੱਖਿਆ ਤੱਕ ਆਮ ਲੋਕਾਂ ਦੀ ਪਹੁੰਚ ਯਕੀਨੀ ਬਣਾਉਣੀ ਪਵੇਗੀ। ਸਿਲੇਬਸ ਨੂੰ ਮੁੜ ਵਾਚ ਕੇ ਇਸ ਵਿਚ ਦੇਸ਼-ਭਗਤੀ ਦੀਆਂ ਰਚਨਾਵਾਂ ਅਤੇ ਸਾਰਾਗੜ੍ਹੀ ਵਰਗੀਆਂ ਬੇਮਿਸਾਲ ਘਟਨਾਵਾਂ ਨੂੰ ਸ਼ਾਮਲ ਕਰਨਾ ਹੋਵੇਗਾ। ਤਾਂ ਜੋ ਬਾਲ ਮਨਾਂ ਵਿਚ ਸ਼ੁਰੂ ਤੋਂ ਹੀ ਦੇਸ਼ ਭਗਤੀ ਦੀਆਂ ਕੋਮਲ ਭਾਵਨਾਵਾਂ ਨੂੰ ਪਰੋਇਆ ਜਾ ਸਕੇ। ਸਿੱਖਿਆ ਪੂਰੀ ਕਰਨ ਤੋਂ ਬਾਦ ਇੱਕ-ਦੋ ਸਾਲ ਦੀ ਸੈਨਾ ਸੇਵਾਹਰ ਨਾਗਰਿਕ ਲਈ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ। ਪਰ ਅਜਿਹੇ ਸਖ਼ਤ ਫ਼ੈਸਲਿਆਂ ਲਈ ਸਭ ਰਾਜਸੀ ਪਾਰ-ਟੀਆਂ ਨੂੰ ਆਪਣੇ ਸਿਆਸੀ ਲਾਹੇ ਨੂੰ ਇੱਕ ਪਾਸੇ ਰੱਖ ਇਕਮਤ ਸਹਿਮਤੀ ਦੇਣੀ ਹੋਵੇਗੀ। ਰਿਸ਼ਵਤਖੋਰੀ ਨੂੰ ਲਗਾਮ ਲਗਾਉਣੀ ਪਵੇਗੀ ਅਤੇ ਫ਼ਿਰਕਾਪ੍ਰਸਤੀ ਦੀ ਭਾਵਨਾ ਨੂੰ ਮਨਾਂ ਵਿਚੋਂ ਕੱਢ ਕੇ ਭਾਰਤ ਦੇ ਧਰਮ-ਨਿਰਪੱਖ ਹੋਣ ਦਾ ਸਬੂਤ ਦੇਣਾ ਪਵੇਗਾ। ਨਾਗਰਿਕਾਂ ਲਈ ਸਸਤਾ ਅਤੇ ਜਲਦ ਨਿਆਂ ਸੰਭਵ ਬਣਾ ਕੇ ਅਤੇ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹੇ ਕਰਕੇ ਸਖ਼ਤ ਸਜ਼ਾਵਾਂ ਦੇਣਾ ਨਿਆਂਪਾਲਿਕਾ ਲਈ ਬਹੁਤ ਵੱਡੀ ਦੇਸ਼ ਭਗਤੀ ਹੈ।

ਮਾਤ-ਭਾਸ਼ਾ ਦਾ ਕਰਜ਼ ਉਤਾਰਨ ਲਈ ਸਾਹਿਤਕਾਰਾਂ, ਗੀਤਕਾਰਾਂ, ਫ਼ਿਲਮਕਾਰਾਂ ਤੇ ਕਲਮਨਵੀਸਾਂ ਨੂੰ ਆਪਣੀ ਕਲਮ ਦਾ ਮੂੰਹ ਦੇਸ਼ ਪਿਆਰ, ਸੱਭਿਆਚਾਰ ਅਤੇ ਦੇਸ਼ ਦੀਆਂ ਪ੍ਰਮੁੱਖ ਸਮੱਸਿਆਵਾਂ ਦੀ ਪੇਸ਼ਕਾਰੀ ਵੱਲ ਮੋੜਣਾ ਹੋਵੇਗਾ। ਜਦੋਂ ਸਾਡੇ ਨੌਜਵਾਨਾਂ ਦੇ ਮੂੰਹਾਂ ਉੱਤੇ ਨਸ਼ਿਆਂ, ਹਥਿਆਰਾਂ ਅਤੇ ਲੁੱਚ-ਪੁਣੇ ਦੇ ਗੀਤਾਂ ਦੀ ਥਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੇ ਉਹਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਵਾਲੇ ਗੀਤ ਗੁਣਗੁਣਾਏ ਜਾਣ ਲੱਗਣਗੇ ਤਾਂ ਦੇਸ਼ ਦੀ ਨੁਹਾਰ ਬਦਲਣੀ ਸ਼ੁਰੂ ਹੋ ਜਾਵੇਗੀ, ਕਿਉਂਕਿ ਕਥੱਲ ਲੈਨਿਨ ਕਿਸੇ ਦੇਸ਼ ਦੇ ਭਵਿੱਖ ਦਾ ਅੰਦਾਜ਼ਾ ਉਸ ਦੇਸ਼ ਦੇ ਨੌਜਵਾਨਾਂ ਦੇ ਮੂੰਹਾਂ ਵਿਚਲੇ ਗੀਤਾਂ ਤੋਂ ਲੱਗ ਜਾਂਦਾ ਹੈ। ਗੀਤਕਾਰਾਂ ਨੂੰ ਆਪਣੀਆਂ ਸੁਰਾਂ ਗੰਦਗੀ ਪਰੋਸਣ ਤੋਂ ਵਰਜਣੀਆਂ ਪੈਣਗੀਆਂ। ਇਹੀ ਉਹਨਾਂ ਲਈ ਵੱਡੀ ਦੇਸ਼ ਭਗਤੀ ਹੋਵੇਗੀ।



ਹਰਭਜਨ ਸਿੰਘ (ਲੈਕਚਰਾਰ)
99151-93366

ਅਜ਼ਾਦੀ ਦੇ ਜਸ਼ਨ ਮਨਾਉਂਦਿਆਂ ਸਾਨੂੰ ਉਹਨਾਂ ਵੀਰ ਸੈਨਿਕਾਂ ਦੇ ਪਰਿਵਾਰਾਂ ਦੇ ਦਰਦ ਨੂੰ ਮਹਿਸੂਸ ਕਰਨਾ ਚਾਹੀਦਾ ਹੈ ,ਜੋ ਦੇਸ਼ ਦੀ ਰੱਖਿਆ ਲਈ ਕੁਰਬਾਨ ਹੋਏ ਹਨ।ਉਹਨਾਂ ਦੇ ਬੱਚਿਆਂ ਨੂੰ ਨੌਕਰੀਆਂ, ਵਿਧਵਾਵਾਂ ਨੂੰ ਪੈਨਸ਼ਨਾਂ ਅਤੇ ਹੋਰ ਆਰਥਿਕ ਸਹਾਇਤਾ ਦੇ ਕੇ ਸਰਕਾਰ ਦੇਸ਼ਭਗਤੀ ਦਾ ਸਬੂਤ ਦੇ ਸਕਦੀ ਹੈ। ਸੋ ਆਉ ਅਸੀ ਸਭ ਰਲ ਕੇ ਗੰਭੀਰਤਾ ਨਾਲ ਦੇਸ਼ ਦੀਆਂ ਸਮੱਸਿਆਵਾਂ ਪ੍ਰਤੀ ਆਪਣਾ ਫ਼ਰਜ਼ ਪਹਿਚਾਣੀਏ,ਆਪਣਾ ਕੰਮ ਨੇਕਨੀਅਤੀ ਨਾਲ ਕਰੀਏ, ਆਪਣੇ ਅਧਿਕਾਰਾਂ ਦੇ ਨਾਲ-ਨਾਲ ਮੌਲਿਕ ਕਰਤੱਵਾਂ ਨੂੰ ਨਿਭਾਈਏ। ਅਜਿਹਾ ਕਰਕੇ ਅਸੀ ਸ਼ਹੀਦਾਂ ਦੀਆਂ ਲਾਮਿਸਾਲ ਕੁਰਬਾਨੀਆਂ ਦਾ ਮੁੱਲ ਪਾਉਂਦਿਆਂ ਆਪਣੇ ਅੰਦਰ ਦੇਸ਼-ਭਗਤੀ ਦਾ ਜਜ਼ਬਾ ਜਗਦਾ ਰੱਖ ਸਕਦੇ ਹਾਂ।

### 15 ਅਗਸਤ, 2018 ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼

# ਦੇਸ ਦੀ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਦੇ ਅਧੂਰੇ ਪਏ ਸੁਪਨੇ, ਬਹੁਤੇ ਲੋਕਾਂ ਤੱਕ ਨਹੀਂ ਪਹੁੰਚੀ ਅਜ਼ਾਦੀ ਦੀ ਰੋਸ਼ਨੀ



ਕੁਲਦੀਪ ਚੰਦ
91-94175-63054

ਅੱਜ ਅਸੀਂ ਦੇਸ਼ ਦਾ ਅਜ਼ਾਦੀ ਦਿਹਾੜਾ ਮਨਾ ਰਹੇ ਹਾਂ ਅਤੇ ਦੇਸ਼ ਵਿੱਚ ਵੱਡੇ ਵੱਡੇ ਸਮਾਗਮ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਰਾਸਟਰੀ ਝੰਡਾ ਲਹਿਰਾਇਆ ਜਾਵੇਗਾ ਅਤੇ ਵੱਡੇ ਵੱਡੇ ਰਾਜਨੇਤਾ ਅਤੇ ਅਧਿਕਾਰੀ ਲੋਕਾਂ ਨੂੰ ਅਜ਼ਾਦੀ ਦੇ ਮਹੱਤਵ ਅਤੇ ਅਜ਼ਾਦੀ ਤੋਂ ਬਾਦ ਹੋਏ ਵਿਕਾਸ ਸਬੰਧੀ ਲੰਬੇ ਲੰਬੇ ਭਾਸਣ ਦੇਣਗੇ। ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜਾਂ ਕੋਲ ਅਤੇ ਇਸਨੂੰ ਅਜ਼ਾਦ ਕਰਵਾਉਣ ਲਈ ਅਣਗਿਣਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ ਜਿਸਤੋਂ ਬਾਦ ਆਖਿਰ 15 ਅਗੱਸਤ 1947 ਨੂੰ ਸਾਨੂੰ ਅਜ਼ਾਦੀ ਹਾਸਲ ਹੋਈ ਪਰੰਤੂ ਦੁੱਖ ਦੀ ਗੱਲ ਹੈ ਕਿ ਇਸ ਅਜ਼ਾਦੀ ਦੀ ਰੋਸ਼ਨੀ ਅਜੇ ਤੱਕ ਵੀ ਬਹੁਤੇ ਦੇਸ਼ਵਾਸੀਆਂ ਤੱਕ ਨਹੀਂ ਪਹੁੰਚੀ ਹੈ ਅਤੇ ਉਹ ਅਜੇ ਵੀ ਗੁਲਾਮਾਂ ਵਰਗਾ ਜੀਵਨ ਜੀਅ ਰਹੇ ਹਨ। ਭਾਰਤ ਜਿਸਨੂੰ ਕਦੇ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ ਵਿੱਚ ਅਜ਼ਾਦੀ ਦੇ 71 ਸਾਲ ਬੀਤਣ ਦੇ ਬਾਬਜੂਦ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਅਤੇ ਇਸ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਦੇ ਸੁਪਨੇ ਅਧੂਰੇ ਪਏ ਹਨ। ਦੇਸ਼ ਵਿੱਚ ਬਹੁਤੇ ਲੋਕ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦੇ ਸ਼ਿਕਾਰ ਹਨ ਅਤੇ ਇਨ੍ਹਾਂ ਲੋਕਾਂ ਨੂੰ ਜੀਵਨ ਜਿਉਣ ਲਈ ਮੁਢਲੇ ਜ਼ਰੂਰੀ ਸਾਧਨ ਵੀ ਉਪਲਬੱਧ ਨਹੀਂ ਹੋਏ ਹਨ। ਆਰਥਿਕ ਵਿਕਾਸ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਨੂੰ ਇਹ ਸਭ ਨਜ਼ਰ ਨਹੀਂ ਆ ਰਿਹਾ ਅਤੇ ਸਿਰਫ ਵੱਡੀਆਂ-ਵੱਡੀਆਂ ਇਮਾਰਤਾਂ ਹੀ ਨਜਰ ਆਂਦੀਆਂ ਹਨ ਕਦੇ ਕਿਸੇ ਗਰੀਬ ਦੀ ਕੁਲੀ ਵੱਲ ਨਜਰ ਨਹੀਂ ਗਈ। ਦੇਸ਼ ਦੀ ਜ਼ਿਆਦਾ ਆਬਾਦੀ ਨੂੰ ਅੱਜ ਵੀ ਪੀਣ ਵਾਲਾ ਸਾਫ ਪਾਣੀ, ਵਿਦਿੱਅਕ ਅਤੇ ਸਿਹਤ ਸਹੂਲਤਾਂ ਪ੍ਰਾਪਤ ਨਹੀਂ ਹਨ, ਕਰੋੜਾਂ ਲੋਕਾਂ ਕੋਲ ਅੱਜ ਵੀ ਰਹਿਣ ਲਈ ਮਕਾਨ ਨਹੀਂ ਹਨ ਅਤੇ ਫੁੱਟਪਾਥਾਂ, ਰੇਲਵੇ ਸਟੇਸਨਾਂ ਆਦਿ ਤੇ ਰਾਤਾਂ ਕੱਟਦੇ ਹਨ, ਮਹਿਲਾਵਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਕਈ ਮਹਿਲਾਵਾਂ ਨੂੰ ਪਰਿਵਾਰ ਦਾ ਪੇਟ ਪਾਲਣ ਲਈ ਜਿਸਮ ਤੱਕ ਵੇਚਣੇ ਪੈਂਦੇ ਹਨ। ਬਹੁਤੇ ਲੋਕ ਦਵਾਈਆਂ ਨਾਂ ਮਿਲਣ ਕਾਰਨ ਇਲਾਜ਼ ਬਿਨਾਂ ਮਰ ਜਾਂਦੇ ਹਨ ਜਦਕਿ ਸਾਡੇ ਬਹੁਤੇ ਮੰਤਰੀ ਸੰਤਰੀ ਛੋਟੀ-ਛੋਟੀ ਬਿਮਾਰੀ ਹੋਣ ਤੇ ਵੀ ਵਿਦੇਸ਼ਾਂ ਵਿੱਚ ਸਰਕਾਰੀ ਖਰਚੇ ਤੇ ਮਹਿੰਗੇ ਇਲਾਜ਼ ਕਰਵਾਂਦੇ ਹਨ। ਹਰ ਸਾਲ ਲੱਖਾਂ ਟਨ ਆਨਾਜ ਗੋਦਾਮਾਂ ਵਿੱਚ ਸੜ ਰਿਹਾ ਹੈ ਪਰ ਸਰਕਾਰੀ ਅਧਿਕਾਰੀ ਕਿਸੇ ਗਰੀਬ ਦੇ ਮੂੰਹ ਵਿੱਚ ਨਹੀਂ ਪੈਣ ਦਿੰਦੇ ਹਨ, ਉਲਟਾ ਆਨਾਜ ਦੀ ਥੁੜ੍ਹ ਦੱਸ ਕੇ ਬਾਹਰਲੇ ਦੇਸ਼ਾਂ ਤੋਂ ਆਨਾਜ ਮੰਗਵਾਂਦੇ ਹਨ ਅਤੇ ਕਮੀਸ਼ਨਾਂ ਨਾਲ ਆਪਣੀਆਂ ਤਿਜੋਰੀਆਂ ਭਰਦੇ ਹਨ। ਇੱਕ ਗਰੀਬ ਵਿਅਕਤੀ ਦਿਨ ਭਰ ਦੀ ਹੱਡ ਭੰਨਵੀ ਮਿਹਨਤ ਕਰਕੇ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਖਾਂਦਾ ਹੈ ਦੂਸਰੇ ਪਾਸੇ ਸਾਡੇ ਬਹੁਤੇ ਰਾਜਨੇਤਾ, ਮੰਤਰੀ ਅਤੇ ਸਰਕਾਰੀ ਅਧਿਕਾਰੀ ਸਰਕਾਰ ਤੋਂ ਤਨਖਾਹ ਵੀ ਲੈਂਦੇ ਹਨ ਅਤੇ ਲੋਕਾਂ ਦੇ ਕੰਮ ਕਰਨ ਦੇ ਬਦਲੇ ਰਿਸ਼ਵਤ ਵੀ ਲੈਂਦੇ ਹਨ। ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਕਾਨੂੰਨ ਇਸ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਕਿ ਅਮੀਰ ਜੁਰਮ ਕਰਕੇ ਵੀ ਬਚ ਜਾਂਦਾ ਹੈ ਪਰ ਗਰੀਬ ਜੁਰਮ ਨਾ ਕਰਕੇ ਵੀ ਫਸ ਜਾਂਦਾ ਹੈ। ਹਜਾਰਾਂ ਰੁਪਏ ਦੇ ਕਰਜ਼ਦਾਰ ਗਰੀਬ ਨੂੰ ਤਾਂ ਬੈਂਕ ਅਤੇ ਪ੍ਰਸ਼ਾਸ਼ਨ ਇੰਨਾ ਤੰਗ ਪ੍ਰੇਸ਼ਾਨ ਕਰਦਾ ਹੈ ਕਿ ਉਹ ਆਤਮ ਹੱਤਿਆ ਤੱਕ ਕਰ ਲੈਂਦਾ ਹੈ ਪਰ ਦੂਜੇ ਪਾਸੇ ਵਿਜੇ ਮਾਲੀਆ, ਨੀਰਵ ਮੋਦੀ ਵਰਗੇ ਲੋਕ ਕਰੋੜ੍ਹਾਂ ਰੁਪਏ ਲੈਕੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ। ਅੱਜ ਦੀ ਪੁਲਿਸ ਅੰਗਰੇਜ਼ਾਂ ਨਾਲੋਂ ਵੀ ਵੱਧ ਜ਼ੁਲਮ ਜਨਤਾ ਤੇ ਕਰਦੀ ਹੈ। ਸਾਰੇ ਮੰਤਰੀ ਕਾਨੂੰਨ ਤੋਂ ਉਪਰ ਹਨ ਅਤੇ ਲੱਖਾਂ ਕਰੋੜ ਦੇ ਘੋਟਾਲੇ ਕਰਕੇ ਵੀ ਆਜ਼ਾਦ ਘੁੰਮਦੇ ਹਨ ਅਤੇ ਕਾਨੂੰਨ ਦਾ ਮਜ਼ਾਕ ਉਡਾਉਂਦੇ ਹਨ। ਸਾਡੇ ਦੇਸ਼ ਦੇ ਬਹੁਤੇ ਬੱਚੇ ਅੱਜ ਵੀ ਸਿਰ ਤੇ ਮੈਲ ਢੋਕੇ ਆਪਣਾ ਢਿੱਡ ਭਰਦੇ ਹਨ ਕੂੜੇ ਦੇ ਢੇਰਾਂ ਤੇ ਕਾਗਜ ਇਕੱਠੇ ਕਰਦਿਆਂ ਬਚਪਨ ਗੁਜਾਰਦੇ ਹਨ। ਬਹੁਤੇ ਰਾਜਨੀਤਿਕ ਆਗੂ ਆਏ ਦਿਨ ਗਿਰਗਿਟ ਵਾਂਗ ਰੰਗ ਬਦਲਦੇ ਹਨ ਅਤੇ ਰਾਜਨੀਤਿਕ ਲਾਭ ਲੈਣ ਲਈ ਭੋਲੇ ਭਾਲੇ ਲੋਕਾਂ ਨੂੰ ਲੈਕੇ ਰੋਸ ਪ੍ਰਦਰਸ਼ਨ ਕਰਦੇ ਹਨ। ਇਹ ਆਗੂ ਅਕਸਰ ਰਾਜਨੀਤਿਕ ਪਾਰਟੀਆਂ ਵੀ ਬਦਲਦੇ ਹਨ ਅਤੇ ਰਾਤੋ ਰਾਤ ਇੱਕ ਨੰਬਰ ਦੀ ਦੁਸ਼ਮਣ ਅਤੇ ਦੇਸ਼ ਵਿਰੋਧੀ ਪਾਰਟੀ ਇਨ੍ਹਾਂ ਨੂੰ ਜਾਨ ਤੋਂ ਪਿਆਰੀ ਲੱਗਣ ਲੱਗ ਜਾਂਦੀ ਹੈ। ਬਹੁਤੇ ਪਰਿਵਾਰਾਂ ਵਿੱਚ ਤਾਂ ਵੱਖ-ਵੱਖ ਮੈਂਬਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਬੈਠੇ ਹੋਏ ਹਨ ਅਤੇ ਸਮੇਂ ਅਨੁਸਾਰ ਅਪਣਾ ਅਪਣਾ ਕੰਮ ਕਰਦੇ ਹਨ। ਸਾਡੇ ਦੇਸ ਵਿੱਚ ਫੈਲੀਆਂ ਸੈਕੜ੍ਹੇ ਸਮਾਜਿਕ ਕੁਰਿਤੀਆਂ ਨਸ਼ੇ, ਜਾਤਿ ਪ੍ਰਥਾ, ਦਾਜ ਪ੍ਰਥਾ, ਬਾਲ ਵਿਆਹ ਪ੍ਰਥਾ, ਸਤੀ ਪ੍ਰਥਾ, ਬਾਲ ਮਜਦੂਰੀ, ਧਰਮ, ਜਾਤਿ ਦੇ ਨਾਮ ਤੇ ਕੀਤੇ ਜਾ ਰਹੇ ਅਤਿਆਚਾਰ ਬਹੁਤੇ ਰਾਜਨੀਤਿਕ ਆਗੂਆਂ ਲਈ ਸਿਰਫ ਚੋਣ ਮੁੱਦਾ ਹੀ ਰਹਿੰਦੇ ਹਨ। ਵਿਧਾਨ ਸਭਾਵਾਂ, ਸੰਸਦ ਵਿੱਚ ਬੈਠੇ ਹਜਾਰਾਂ




ਵਿਧਾਇਕ ਅਤੇ ਸਾਂਸਦ ਅਪਣੀਆਂ ਸਹੂਲਤਾਂ ਲਈ ਇੱਕਮੁੱਠ ਹੋ ਜਾਂਦੇ ਹਨ ਜਦਕਿ ਲੋਕਾਂ ਦੀਆਂ ਸਹੂਲਤਾਂ ਵਾਲੇ ਬਿੱਲ ਸਾਲਾਂ ਵੱਧੀ ਲਟਕਦੇ ਰਹਿੰਦੇ ਹਨ। ਸਾਡੇ ਦੇਸ ਵਿੱਚ ਆਮ ਵਿਅਕਤੀ ਦੀ ਜਿੰਦਗੀ ਦੀ ਅਹਮੀਅਤ ਜਾਨਵਰਾਂ ਨਾਲੋਂ ਵੀ ਘੱਟ ਹੈ। ਧਰਮ ਦੇ ਅਧਾਰ ਤੇ ਵਿਸ਼ੇਸ਼ ਜਾਨਵਰ ਮਰਨ ਤੇ ਬਹੁਤ ਵਾਰ ਬਬਾਲ ਮਚਦਾ ਹੈ ਪਰ ਕਈ ਵਿਅਕਤੀਆਂ ਦੇ ਮਰਨ ਤੇ ਕੋਈ ਅਫਸੋਸ ਵੀ ਪ੍ਰਗਟ ਨਹੀਂ ਕਰਦਾ ਹੈ। ਦੇਸ਼ ਵਿੱਚ ਮੰਤਰੀਆਂ ਨੂੰ ਘੋਟਾਲੇ ਕਰਨ ਦੀ ਆਜ਼ਾਦੀ, ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਨੂੰ ਰਿਸ਼ਵਤ ਲੈਣ ਦੀ ਆਜ਼ਾਦੀ, ਮਿਲਾਵਟਖੋਰਾਂ ਨੂੰ ਮਿਲਾਵਟ ਕਰਨ ਦੀ ਆਜ਼ਾਦੀ, ਡਾਕਟਰਾਂ ਨੂੰ ਮਰੀਜ਼ਾਂ ਦੀ ਜਾਨ ਨਾਲ ਖੇਡਣ ਦੀ ਆਜ਼ਾਦੀ, ਪੁਲਿਸ ਨੂੰ ਜਨਤਾ ਤੇ ਅਤਿਆਚਾਰ ਕਰਨ ਦੀ ਆਜ਼ਾਦੀ, ਠੇਕੇਦਾਰਾਂ ਨੂੰ ਘਟੀਆਂ ਕੰਮ ਕਰਨ ਦੀ ਆਜ਼ਾਦੀ, ਅਧਿਆਪਕਾਂ ਨੂੰ ਵਿਦਿੱਅਕ ਅਦਾਰਿਆਂ ਵਿੱਚ ਨਾ ਪੜ੍ਹਾਉਣ ਦੀ ਆਜ਼ਾਦੀ ਮਿਲੀ ਹੋਈ ਹੈ। ਬਹੁਤੇ ਜਨਤਕ ਅਦਾਰੇ ਜਿਹੜੇ ਜਨਤਾ ਦੇ ਦਿੱਤੇ ਟੈਕਸਾਂ ਨਾਲ ਬਣਾਏ ਗਏ ਹਨ ਨੂੰ ਪ੍ਰਾਈਵੇਟ ਹੱਥਾਂ ਕੋਲ ਕੋਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਇਨ੍ਹਾਂ ਨੂੰ ਖਰੀਦਣ ਵਾਲੇ ਵੀ ਮੰਤਰੀਆਂ ਦੇ ਰਿਸ਼ਤੇਦਾਰ ਅਤੇ ਸੰਗੀ ਸਾਥੀ ਹੀ ਹਨ। ਦੇਸ਼ ਦੇ ਵਿਕਾਸ ਵਿੱਚ ਵੱਡਾ ਹਿੱਸਾ ਪਾਣ ਵਾਲੇ ਕਿਸਾਨ ਅਤੇ ਮਜਦੂਰ ਸਰਕਾਰਾਂ ਦੀਆਂ ਬਦਨੀਤੀਆਂ ਕਾਰਨ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹਨ ਅਤੇ ਸਰਕਾਰਾਂ ਫੋਕੇ ਵਿਕਾਸ ਦੇ ਦਾਅਵੇ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਧਰਮ ਅਧਾਰਿਤ ਅਤੇ ਜਾਤ ਅਧਾਰਿਤ ਹੋਏ ਦੰਗਿਆ ਕਾਰਨ ਬਹੁਤੇ ਲੋਕ ਅਪਣੇ ਆਪ ਨੂੰ ਹੁਣ ਵੀ ਗੁਲਾਮ ਹੀ ਸਮਝਣ ਲੱਗ ਪਏ ਹਨ ਜੋ ਸਾਡੇ ਸਭ ਲਈ ਚਿੰਤਾ ਦਾ ਵਿਸ਼ਾ ਹੈ। ਵਿਕਾਸ ਦਾ ਅਧਾਰ ਮੰਨੇ ਜਾਂਦੇ ਵਿਦਿਅਕ ਢਾਂਚੇ ਨੂੰ ਵੀ ਸਰਕਾਰਾਂ ਨੇ ਨਿੱਜੀ ਹੱਥਾਂ ਵਿੱਚ ਦੇਕੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ ਦਿਤੀ ਹੋਈ ਹੈ।

ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਾਰਿਆਂ ਨੂੰ ਬਰਾਬਰੀ ਦਾ ਹੱਕ ਮਿਲਣਾ ਚਾਹੀਦਾ ਸੀ ਪਰ ਅੱਜ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ ਅਤੇ ਗਰੀਬ ਹੋਰ ਗਰੀਬ। ਜਿੰਨੀ ਦੇਰ ਤੱਕ ਸਾਰੇ ਨਾਗਰਿਕਾਂ ਨੂੰ ਬਰਾਬਰੀ ਦਾ ਅਧਿਕਾਰ ਪ੍ਰਾਪਤ ਨਹੀਂ ਹੁੰਦਾ ਉਦੋ ਤੱਕ ਅਜਿਹੀ ਆਜ਼ਾਦੀ ਦਾ ਕੋਈ ਫਾਇਦਾ ਨਹੀਂ ਅਤੇ ਦੇਸ਼ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਸੁਪਨੇ ਅਧੁਰੇ ਰਹਿਣਗੇ ਅਤੇ ਇਹ ਉਦੋਂ ਹੀ ਪੂਰੇ ਹੋਣਗੇ ਜਦੋਂ ਦੇਸ ਦਾ ਆਮ ਵਿਅਕਤੀ ਸਮਾਜਿਕ, ਆਰਥਿਕ, ਰਾਜਨੀਤਿਕ ਤੋਰ ਤੇ ਅਜਾਦ ਹੋਵੇਗਾ। ਦੇਸ ਦਾ ਹਰ ਨਾਗਰਿਕ ਉਦੋਂ ਹੀ ਅਜ਼ਾਦੀ ਦੀ ਹਵਾ ਦਾ ਅਨੰਦ ਮਾਣ ਸਕੇਗਾ ਜਦੋਂ ਸਮਾਜਿਕ ਤੇ ਆਰਥਿਕ ਪਾੜਾ ਘੱਟ ਹੋਵੇਗਾ, ਆਮ ਲੋਕਾਂ ਦੀਆਂ ਸਮਸਿਆਵਾਂ ਦੇ ਹੱਲ ਅਤੇ ਵਿਕਾਸ ਲਈ ਸਰਕਾਰਾਂ ਤਨਦੇਹੀ ਨਾਲ ਕੰਮ ਕਰਨਗੀਆਂ, ਦੇਸ਼ ਵਿਚੋਂ ਭੁੱਖਮਰੀ ਖਤਮ ਹੋ ਜਾਵੇਗੀ, ਕੋਈ ਵੀ ਨਾਗਰਿਕ ਇਲਾਜ ਲਈ ਨਹੀਂ ਤਰਸੇਗਾ, ਜਾਤ ਅਤੇ ਧਰਮ ਦੇ ਅਧਾਰ ਤੇ ਹੋ ਰਿਹਾ ਵਿਤਕਰਾ ਖਤਮ ਹੋ ਜਾਵੇਗਾ।

ਅਜ਼ਾਦੀ ਦਿਵਸ ਤੇ ਸਾਨੂੰ ਸਭ ਨੂੰ ਇਹ ਸਕੰਲਪ ਕਰਨਾ ਹੋਵੇਗਾ ਕਿ ਇਸ ਅਜ਼ਾਦੀ ਦੀ ਹਵਾ ਦੇਸ਼ ਦੇ ਹਰ ਨਾਗਰਿਕ ਤੱਕ ਪਹੁੰਚਾਣ ਲਈ ਅਸੀਂ ਸਭ ਮਿਲਕੇ ਕੰਮ ਕਰਾਂਗੇ ਤਾਂ ਜੋ ਸਹੀ ਅਰਥਾਂ ਵਿੱਚ ਦੇਸ਼ ਵਿਕਸਿਤ ਹੋ ਸਕੇ ਅਤੇ ਭਾਰਤ ਅਸਲੀਅਤ ਵਿੱਚ ਮਹਾਨ ਬਣ ਸਕੇ।

# ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨ ਦੀ ਲਾਲਸਾ ਰੱਖਣ ਵਾਲੇ ਲੀਡਰਾਂ ਦੀ ਗੰਦੀ ਰਾਜਨੀਤੀ ਦੀ ਭੇਟ ਚੜ੍ਹ ਗਈ ਆਜਾਦੀ



ਮੁਹੰਮਦ ਬਸ਼ੀਰ
91-94171-58300

ਇੱਕ ਲੰਮੇ ਸਮੇਂ ਦੀ ਅੰਗਰੇਜ਼ ਹਕੂਮਤ ਦੀ ਗੁਲਾਮੀ ਤੋਂ ਬਾਅਦ 15 ਅਗਸਤ 1947 ਨੂੰ ਭਾਰਤ ਆਜ਼ਾਦ ਹੋ ਗਿਆ। ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੇ ਬਿਨ੍ਹਾਂ ਕਿਸੇ ਭੇਦ-ਭਾਵ ਦੇ ਅੰਗਰੇਜ਼ਾਂ ਵਿਰੁੱਧ ਰਲ-ਮਿਲ ਕੇ ਭਾਗ ਲਿਆ ਪਰ ਇਸ ਆਜ਼ਾਦੀ ਦੇ ਨਾਲ ਹੀ ਸਦੀਆਂ ਤੋਂ ਇੱਕਠੇ ਰਹਿ ਰਹੇ ਵੱਖ-ਵੱਖ ਧਰਮਾਂ ਦੇ ਲੋਕ (ਕਈ ਹਿੰਦੂ ਅਤੇ ਮੁਸਲਿਮ ਨੇਤਾਵਾਂ ਦੀ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨ ਦੀ ਲਾਲਸਾ ਰੱਖਣ ਵਾਲੇ ਲੀਡਰਾਂ ਦੀ ਗੰਦੀ ਰਾਜਨੀਤੀ ਦੀ ਭੇਟ ਚੜ੍ਹ ਕੇ) ਇੱਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਜਿਸ ਦੇ ਨਤੀਜੇ ਵਜੋਂ ਭਾਰਤ ਦੋ ਹਿੱਸਿਆਂ ਪਾਕਿਸਤਾਨ ਅਤੇ ਭਾਰਤ ਵਿੱਚ ਵੰਡਿਆ ਗਿਆ। ਪਾਕਿਸਤਾਨ ਵਿੱਚ 14 ਅਗਸਤ ਨੂੰ ਅਤੇ ਭਾਰਤ ਵਿੱਚ 15 ਅਗਸਤ ਨੂੰ ਸੁਤੰਤਰਤਾ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਹਰੇਕ ਸਾਲ 15 ਅਗਸਤ ਨੂੰ ਭਾਰਤ ਵਿੱਚ ਰਾਸ਼ਟਰੀ ਪੱਧਰ ਤੇ ਆਜ਼ਾਦੀ ਦੇ ਉਤਸਵ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਆਜ਼ਾਦੀ ਦੇ ਜਸ਼ਨਾਂ ਵਿੱਚ ਭਾਰਤ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਆਪਣੀ-ਆਪਣੀ ਦੇਸ਼ ਭਗਤੀ ਦਾ ਖੂਬ ਢਿੰਡੋਰਾ ਪਿਟਦੀਆਂ ਹਨ। ਨੇਤਾਵਾਂ ਦੁਆਰਾ ਲੰਬੇ-ਚੋੜ੍ਹੇ ਭਾਸ਼ਣਾ ਰਾਹੀ ਲੋਕਾਂ ਨੂੰ ਸਬਜ਼ਬਾਗ ਦਿਖਾ ਕੇ ਭਰਮਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਕਿ ਲੋਕ-ਮੱਤ ਨੂੰ ਆਪਣੇ ਪੱਖ ਵਿੱਚ ਕਰਕੇ ਸੱਤਾ ਦਾ ਸੁੱਖ ਭੋਗਿਆ ਜਾ ਸਕੇ। ਲੋਕਾਂ ਨੂੰ ਮਨੋਵਿਗਿਆਨਕ ਤੌਰ ਤੇ ਆਰਥਿਕ, ਸਮਾਜਿਕ ਅਤੇ ਰਾਜਨੀਤੀਕ ਨਿਆਂ ਦਿੱਤਾ ਜਾਂਦਾ ਹੈ। ਅਗਲੇ ਦਿਨ ਪਰਨਾਲਾ ਉੱਥੇ ਦਾ ਉੱਥੇ ਹੀ ਹੁੰਦਾ ਹੈ। ਇੱਕ ਗੱਲ ਜੋ ਹਮੇਸ਼ਾ ਸੋਚਣ ਲਈ ਮਜਬੂਰ ਕਰਦੀ ਹੈ ਕਿ ਜਿਨ੍ਹਾਂ ਨੇ ਆਜ਼ਾਦੀ ਦੇ ਲਈ ਕੁਰਬਾਨੀਆਂ ਦਿੱਤੀਆ ਸਨ। ਉਹ ਲੋਕ ਖੁਦ (ਜੋ ਅਜੇ ਜਿਊਂਦੇ ਹਨ) ਅਤੇ ਉਹਨਾਂ ਦੇ ਪਰਿਵਾਰ ਅੱਜ-ਕੱਲ ਕਿੱਥੇ ਹਨ। ਉਹ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰ ਰਹੇ ਹਨ? ਉਹਨਾਂ ਦੀ ਆਰਥਿਕ ਹਾਲਤ ਕਿਸ ਤਰ੍ਹਾਂ ਦੀ ਹੈ? ਇਸ ਵੱਲ ਆਜ਼ਾਦੀ ਦੇ ਜਸ਼ਨਾਂ ਅਤੇ ਆਮ ਦਿਨਾਂ ਵਿੱਚ ਵੀ ਸੁਤੰਤਰ ਭਾਰਤ ਦੀਆਂ ਸਰਕਾਰਾਂ ਵੱਲੋਂ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ, ਕਦੇ-ਕਦੇ ਕਿਸੇ ਅਖਬਾਰ ਦੀ ਖਬਰ ਰਾਹੀ ਕਿਸੇ ਸੁੰਤਤਰਤਾ ਸੈਨਾਨੀ ਦੀ ਆਪਣੀ ਹਾਲਤ ਜਾਂ ਉਸਦੇ ਪਰਿਵਾਰ ਦੀ ਆਰਥਿਕ ਮੰਦਹਾਲੀ ਦਾ ਜ਼ਿਕਰ ਸੁਣਣ ਨੂੰ ਜਰੂਰ ਮਿਲ ਜਾਂਦਾ ਹੈ ਪਰ ਇਸ ਆਰਥਿਕ ਮੰਦਹਾਲੀ ਵਿੱਚੋਂ ਇਨ੍ਹਾਂ ਪਰਿਵਾਰਾਂ ਨੂੰ ਕੱਢਣ ਲਈ ਕਿਸੇ ਦੁਆਰਾ ਕੀਤਾ ਕੁੱਝ ਨਹੀਂ ਜਾਂਦਾ। ਸਿਆਸੀ ਸ਼ਕਤੀ ਦਾ ਲਾਹਾ ਲੈਣ ਵਾਲੇ ਵਰਤਮਾਨ ਲੀਡਰਾਂ ਦੀ ਦੇਸ਼ ਭਗਤੀ ਅਤੇ ਕੌਮ ਪ੍ਰਸਤੀ ਸਿਰਫ ਭਾਸਣਾ ਤੱਕ ਹੀ ਸੀਮਿਤ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਹੀ ਦੋ ਦੇਸ਼ਾਂ ਦੇ ਬਨਣ ਕਾਰਨ ਜੋ ਧਾਰਮਿਕ ਆਧਾਰ ਤੇ ਫਿਰਕਾਪ੍ਰਸਤੀ ਦੀ ਹਨੇਰੀ ਚੱਲੀ ਉਸ ਵਿੱਚ ਲੱਖਾਂ ਭਾਰਤੀਆਂ ਨੂੰ ਸਮੇਂ ਤੋਂ ਪਹਿਲਾਂ ਇਸ ਦੁਨੀਆਂ ਨੂੰ ਅਲਵਿਦਾ ਕਹਿਣਾ ਪਿਆ। ਲੱਖਾਂ ਲੋਕ ਘਰੋਂ-ਬੇਘਰ ਹੋਏ, ਕਾਰੋਬਾਰ ਤਬਾਹ ਹੋ ਗਏ, ਸ਼ਰਾਰਤੀ ਅਤੇ ਮਨੁੱਖਤਾ ਦੇ ਦੁਸਮਣਾਂ ਹੱਥੋ ਜਿੰਨ੍ਹਾਂ ਧੀਆਂ-ਭੈਣਾਂ ਦੀਆਂ ਇੱਜਤਾਂ ਦੀ ਬੇਹੁਰਮਤੀ ਹੋਈ ਉਨ੍ਹਾਂ ਨੂੰ ਕਦੇ ਕਿਸੇ ਨੇ ਵੀ ਸ਼ਰਧਾਜਲੀ ਦੇਣ ਕੋਸ਼ਿਸ ਨਹੀਂ ਕੀਤੀ। ਅੱਜ ਕਿੱਥੇ ਹਨ ਉਹ ਲੋਕ ਜੋ ਮਨੁੱਖਾਂ ਅਤੇ ਜਾਨਵਰਾਂ ਦੇ ਹੱਕਾਂ ਦਾ ਰਾਗ ਅਲਾਪਦੇ ਨਹੀਂ ਥੱਕਦੇ। ਇਹ ਅਸੀਂ ਕਿਸ ਤਰ੍ਹਾਂ ਦੇ ਵਿਕਾਸ ਵੱਲ ਨੂੰ ਜਾ ਰਹੇ ਹਾਂ ਕਿ ਲੱਖਾਂ ਲੋਕਾਂ ਦੀ ਬਰਬਾਦੀ ਦੇ ਦਿਨ ਨੂੰ ਜਸ਼ਨਾਂ ਦੇ ਰੂਪ ਵਿੱਚ ਮਨਾ ਰਹੇ ਹਾਂ।

ਅਸਲ ਵਿੱਚ ਇਸ ਦੁਖਾਂਤ ਦੇ ਦੁੱਖ-ਦਰਦ ਦਾ ਅਹਿਸਾਸ ਸਿਰਫ ਉਹਨਾਂ ਲੋਕਾਂ ਨੂੰ ਹੀ ਹੋ ਸਕਦਾ ਹੈ ਜਿੰਨਾਂ ਨੇ ਇਸ ਦੁਖਾਂਤ ਦੀ ਤਰਾਸਦੀ ਨੂੰ ਆਪਣੇ ਉੱਪਰ ਸਹਿਣ ਕੀਤਾ ਹੈ, ਮਨੁੱਖਤਾ ਦੇ ਹੇਠਲੇ ਪੱਧਰ ਨੂੰ ਦੇਖਿਆ ਸੀ। ਇਸ ਦੁਖਾਂਤ ਦਾ ਅਹਿਸਾਸ ਰਾਜਸੀ ਸ਼ਕਤੀ ਦੀ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ ਵਿੱਚ ਹਰ ਹਰਬਾ ਵਰਤਣ ਲਈ ਤਿਆਰ ਬੈਠੇ, ਮਨੁੱਖੀ ਅਹਿਸਾਸ ਅਤੇ ਕਦਰਾਂ-ਕੀਮਤਾਂ ਤੋਂ ਵਿਹੂਣੇ ,ਨਿੱਜੀ ਹਿੱਤਾਂ ਲਈ ਕੁਝ ਵੀ ਕਰ ਗੁਜ਼ਰਨ ਵਾਲੇ ਨੇਤਾਵਾਂ ਨੂੰ ਹਰਗਿਜ਼ ਵੀ ਨਹੀਂ ਹੋ ਸਕਦਾ। ਉਂਝ ਵੀ ਜੇ ਅਸੀਂ ਅੱਜ ਦੇ ਭਾਰਤ ਦੀ ਮੌਜੂਦਾ ਸਥਿਤੀ ਨੂੰ ਦੇਖਦੇ ਹਾਂ ਜਿੱਥੇ ਅਖੌਤੀ ਧਰਮਾਂ ਦੇ ਨਾਮ ਤੇ ਆਪਣੇ ਪਾਰਟੀ ਅਤੇ ਨਿੱਜੀ ਹਿੱਤਾਂ ਨੂੰ ਪੂਰਾ ਕਰਨ ਲਈ ਨਿੱਤ-ਰੋਜ਼ ਅਣਗਿਣਤ ਬੇਗੁਨਾਹ ਲੋਕਾਂ ਦਾ ਕਤਲ ਇੱਕ ਆਮ ਜਿਹੀ ਗੱਲ ਬਣ ਚੁੱਕਾ ਹੈ, ਜਿੱਥੇ ਅਮਲੀ ਰੂਪ ਵਿੱਚ ਸੁਤੰਤਰਤਾਂ ਦਾ ਅਨੰਦ ਦੇਸ਼ ਦੇ ਵਿਸ਼ਸਟ ਵਰਗ ਦੇ ਲੋਕ ਹੀ ਮਾਨ ਰਹੇ ਹਨ, ਜਿੱਥੇ ਲੋਕ ਹੁਣ ਫਿਰ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਸ਼ਾਇਦ ਅੱਜ ਅਸੀਂ ਆਜ਼ਾਦ ਨਹੀਂ ਰਹੇ, ਸਗੋਂ ਆਪਣੇ ਹੀ ਚੁਣੇ ਹੋਏ ਪ੍ਰਤੀਨਿਧਾਂ ਦੇ ਤਾਨਾਸ਼ਾਹੀ ਸਾਸ਼ਨ ਵਿੱਚ ਰਹੇ ਹਾਂ, ਜਿੱਥੇ ਧਰਮ, ਜਾਤ ਆਦਿ ਦੇ ਨਾਮ ਤੇ ਹਰ ਰੋਜ ਕਿੰਨੇ ਹੀ ਲੋਕਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ, ਜਿੱਥੇ ਕਰੋੜਾਂ ਲੋਕ ਅੱਜ ਵੀ ਕੁਪੋਸ਼ਣ ਦਾ ਸ਼ਿਕਾਰ ਹਨ ਜਦੋਂ ਕਿ ਲੱਖਾਂ ਟੱਨ ਆਨਾਜ਼ ਗੁਦਾਮਾਂ ਵਿੱਚ ਪਿਆ ਗਲ ਸੜ ਰਿਹਾ ਹੈ, ਜਿੱਥੇ ਆਮ ਆਦਮੀ ਨੂੰ ਤਾਂ ਚਿੰਤਾ ਰੋਜ਼ੀ-ਰੋਟੀ ਕਮਾ ਕੇ ਆਪਣਾ ਅਤੇ ਪਰਿਵਾਰ ਦਾ ਪੇਟ ਭਰਨ ਦੀ ਲੱਗੀ ਰਹਿੰਦੀ ਹੈ, ਜਿੱਥੇ ਜੇਕਰ ਕੋਈ ਆਮ ਵਿਅਕਤੀ ਹੱਕ ਅਤੇ ਸੱਚ ਦੀ ਆਵਾਜ਼ ਉਠਾਉਂਦਾ ਹੈ ਤਾਂ ਗੰਦੀ ਰਾਜਨੀਤੀ ਦੇ ਠੇਕੇਦਾਰਾਂ ਵੱਲੋਂ ਅਜਿਹੇ ਵਿਅਕਤੀ ਨੂੰ ਜਾਂ ਤਾਂ ਮਾਰ ਦਿੱਤਾ ਜਾਂਦਾ ਹੈ ਜਾਂ ਫਿਰ ਝੂਠੇ ਕੇਸਾਂ ਵਿੱਚ ਫਸਾ ਕੇ ਮੀਡੀਆ ਦੀ ਵਰਤੋਂ ਕਰਕੇ ਉਸਨੂੰ ਮੁਜਰਿਮ ਸਿੱਧ ਕਰਕੇ ਜਿਲਤ ਦੀ ਮੌਤ ਮਰਨ ਲਈ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਹੈ, ਜਿੱਥੋਂ ਦਾ ਅੰਨਦਾਤਾ ਖੁਦਕਸ਼ੀਆਂ ਕਰਨ ਲਈ ਮਜ਼ਬੂਰ ਹੋਵੇ, ਜਿੱਥੇ ਪੜ੍ਹੇ-ਲਿਖੇ ਦੇਸ਼ ਦੇ ਨੌਜਵਾਨ ਬੇਰੁਜ਼ਗਾਰੀ ਦੇ ਕਾਰਨ ਨਸ਼ਿਆਂ ਦੇ ਆਦਿ ਹੋ ਰਹੇ ਹੋਣ, ਜਿੱਥੇ ਹਰ ਰੋਜ ਇੱਕ ਸਾਲ ਤੱਕ ਦੀਆਂ ਜਾਂ ਇਸ ਤੋਂ ਵੀ ਘੱਟ ਉਮਰ ਦੀਆਂ ਨੰਨੀਆਂ ਮੁੰਨੀਆਂ ਮਾਸੂਮ ਬਾਲੜੀਆਂ ਤੋਂ ਲੈ ਕੇ 70 ਸਾਲਾਂ ਜਾਂ ਇਸ ਤੋਂ ਵੀ ਵੱਧ ਉਮਰ ਤੱਕ ਦੀਆਂ ਔਰਤਾਂ ਨਾਲ ਜਬਰ ਜਿਨਾਹ ਦੀਆਂ ਅਨੇਕਾਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹੋਣ, ਜਿੱਥੇ ਭ੍ਰਿਸ਼ਟਾਚਾਰ ਨੂੰ ਇੱਕ ਨੈਤਿਕ ਸਿਧਾਂਤ ਦੇ ਰੂਪ ਵਿੱਚ ਮਾਨਤਾ ਮਿਲ ਗਈ ਹੋਵੇ ਆਦਿ ਨੂੰ ਦੇਸ਼ ਲਈ ਜਾਨਾਂ ਕੁਰਬਾਨ ਕਰਨ ਵਾਲੇ ਵੱਖ-ਵੱਖ ਧਰਮਾਂ ਦੇ ਸ਼ਹੀਦਾਂ ਨੂੰ ਦੇਖਣ ਦਾ ਕਦੇ ਮੌਕਾ ਮਿਲ ਜਾਵੇ ਤਾਂ ਉਹਨਾਂ ਨੂੰ ਵੀ ਆਪਣੇ ਭਾਰਤ ਦੀ ਸੁੰਤਤਰਤਾਂ ਲਈ ਕੀਤੇ ਸੰਘਰਸ਼ ਅਤੇ ਉਸ ਲਈ ਆਪਣੀਆਂ ਜਾਨਾਂ ਵਾਰਨ ਪਰਿਵਾਰਾਂ ਤੋਂ ਵਿਛੜਨ ਆਦਿ ਕਾਰਜ ਕਰਨ ਤੇ ਪਛਤਾਵਾ ਹੀ ਹੋਵੇਗਾ ਕਿ ਜੇਕਰ ਸੁੰਤਤਰਤ ਭਾਰਤ ਦੀ ਤਸਵੀਰ ਇਸ ਤਰ੍ਹਾਂ ਦੀ ਹੀ ਹੋਣੀ ਸੀ ਤਾਂ ਅਸੀਂ ਇਹ ਸਭ ਕੁਝ ਕਿਉਂ ਕੀਤਾ?

ਅੰਤ ਵਿੱਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਸੁਤੰਤਰਤਾ ਦਾ ਭਾਵ ਵਿਸ਼ਸਟ ਵਰਗ ਦੇ ਲੋਕਾਂ ਦੀ ਸੁਤੰਤਰਤਾ ਨਹੀਂ ਸਗੋਂ ਦੇਸ਼ ਦੇ ਸਾਰੇ ਨਾਗਰਿਕਾਂ ਦੀ ਧਾਰਮਿਕ, ਰਾਜਨੀਤਿਕ, ਸਮਾਜਿਕ ਆਦਿ ਸੁਤੰਤਰਤਾ ਹੈ। ਜਿਸ ਵਿੱਚ ਹਰੇਕ ਵਰਗ ਦੇ ਲੋਕ ਬਿਨ੍ਹਾਂ ਕਿਸੇ ਭੇਦ ਭਾਵ ਦੇ ਸ਼ਾਤੀ ਪੂਰਵਕ ਰਹਿ ਸਕਣ।

ਉਨ੍ਹਾਂ ਦੀਆਂ ਮੁੱਢਲੀਆਂ ਜਰੂਰਤਾਂ ਦੀ ਪੂਰਤੀ ਹੋਵੇ ਇਸ ਤਰ੍ਹਾਂ ਦੇ ਵਾਤਾਵਰਨ ਵਿੱਚ ਹੀ ਸੱਚੇ ਅਰਥਾਂ ਵਿੱਚ ਆਜ਼ਾਦੀ ਦਾ ਨਿੱਘ ਮਾਣਿਆ ਜਾ ਸਕਦਾ ਹੈ ਤੇ ਸੱਚੇ ਲੋਕਤੰਤਰ ਦੀ ਸਥਾਪਨਾ ਹੋ ਸਕਦੀ ਹੈ।

# ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀ ਦਿੱਲੀ ਦੇ ਵਿਦਿਆਰਥੀ ਆਗੂ ਉੱਪਰ ਕਾਤਲਾਨਾ ਹਮਲੇ ਦੀ ਜਮਹੂਰੀ ਅਧਿਕਾਰ ਸਭਾ ਵੱਲੋਂ ਸਖ਼ਤ ਨਿਖੇਧੀ

ਬਠਿੰਡਾ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐਨਯੂ) ਦੇ ਵਿਦਿਆਰਥੀ ਆਗੂ ਉਮਰ ਖਾਲਿਦ ਉਪਰ ਕਾਤਲਾਨਾ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਸੀਪਲ ਬੱਗਾ ਸਿੰਘ,ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਸੂਬਾ ਸਕੱਤਰੇਤ ਮੈਂਬਰ ਡਾ ਅਜੀਤਪਾਲ ਸਿੰਘ ਐਮਡੀ ਨੇ ਇੱਥੇ ਜਾਰੀ ਆਪਣੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਵਿਦਿਆਰਥੀ ਆਗੂ ਉਮਰ ਖ਼ਾਲਿਦ ਉੱਤੇ ਇੱਕ ਅਣਪਛਾਤੇ ਵਿਅਕਤੀ ਵੱਲੋਂ ਕਾਂਸਟੀਚਿਊਸ਼ਨਲ ਕਲੱਬ ਦੇ ਬਾਹਰ ਰਿਵਾਲਵਰ ਨਾਲ ਹਮਲਾ ਉਦੋਂ ਕੀਤਾ ਗਿਆ ਜਦੋਂ ਉਹ ਕਲੱਬ ਦੇ ਬਾਹਰ ਆਪਣੇ ਦੋਸਤਾਂ ਨਾਲ ਦੁਕਾਨ ਤੇ ਬੈਠ ਕੇ ਚਾਹ ਪੀ ਰਹੇ ਸਨ। ਉੱਥੇ ਉਹ "ਖੌਫ ਸੇ ਆਜ਼ਾਦੀ" ਪ੍ਰੋਗਰਾਮ ਵਿੱਚ ਹੋਰ ਜਮਹੂਰੀ ਸਖਸ਼ੀਅਤਾ ਨਾਲ ਸ਼ਾਮਿਲ ਹੋਣ ਲਈ ਆਏ ਹੋਣ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਪਿੱਛੇ ਉਨ੍ਹਾਂ ਫਾਸ਼ੀਵਾਦੀ ਤਾਕਤਾਂ ਦਾ ਹੱਥ ਹੈ ਜਿਨ੍ਹਾਂ ਦੇ ਹੱਥ ਨਰਿੰਦਰ ਦਬੋਲਕਰ,ਪ੍ਰੋਫੈਸਰ ਕੁਲਬਰਗੀ, ਗੋਬਿੰਦ ਪਨਸਾਰੇ ਤੇ ਗੋਰੀ ਲੰਕੇਸ਼ ਵਰਗੇ ਜ਼ਹੀਨ ਬੁੱਧੀਜੀਵੀਆਂ ਦੇ ਖ਼ੂਨ ਨਾਲ ਰੰਗੇ ਹੋਏ ਹਨ ਅਤੇ ਜੋ ਤਾਕਤਾਂ ਹਿੰਦੂਤਵ ਦਾ ਏਜੰਡਾ ਲੈ ਕੇ ਕੰਮ ਕਰ ਰਹੀਆਂ ਹਨ। ਇਹ ਤਾਕਤਾਂ ਘੱਟ ਗਿਣਤੀਆਂ,ਔਰਤਾਂ ਅਤੇ ਦਲਿਤਾਂ ਉਪਰ ਹਮਲਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਰੌਸ਼ਨ ਖਿਆਲ, ਚਿੰਤਕਾਂ, ਲੇਖਕਾਂ, ਬੁੱਧੀਜੀਵੀਆਂ ਤੇ ਜਮਹੂਰੀ ਕਾਰਕੁਨਾਂ ਦੀ ਜ਼ੁਬਾਨਬੰਦੀ ਕਰਨਾ ਚਾਹੁੰਦੀਆਂ ਹਨ ਅਤੇ ਉਮਰ ਖਾਲਿਦ ਉੱਪਰ ਇਹ ਹਮਲਾ ਇਸੇ ਦਹਿਸ਼ਤੀ ਸਿਆਸਤ ਦਾ ਹਿੱਸਾ ਹੈ। ਸਭਾ ਦੇ ਆਗੂਆਂ ਨੇ ਕਿਹਾ ਕਿ ਸਮੂਹ ਜਮਹੂਰੀ ਤੇ ਇਨਸਾਫ ਤਾਕਤਾਂ ਨੂੰ ਇਸ ਹਮਲੇ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਉਹਨਾਂ ਇਹ ਵੀ ਮੰਗ ਕੀਤੀ ਕਿ ਮੋਦੀ ਸਰਕਾਰ ਜਾਂਚ ਕਰਵਾ ਕੇ ਉਨ੍ਹਾਂ ਤਾਕਤਾਂ ਦੇ ਚਿਹਰੇ ਸਾਹਮਣੇ ਲਿਆਵੇ ਜੋ ਇਸ ਹਮਲੇ ਦੇ ਸਾਜ਼ਿਸ਼ ਘਾੜੇ ਹਨ।

# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਲੁਧਿਆਣੇ ਵਿੱਚ

ਪੰਜਾਬ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਭਾਸ਼ਨ ਜੋ ਭਾਰਤ ਦੀ ਪਹਿਲੀ ਆਮ ਚੋਣ ਸਮੇਂ ਪੰਜਾਬ ਯਾਤਰਾ ਦੌਰਾਨ ਜਲੰਧਰ ਤੋਂ ਬਾਅਦ ਲੁਧਿਆਣਾ ਵਿਖੇ ਅਨੁਸੂਚਿਤ ਜਾਤੀ ਫੈਡਰੇਸ਼ਨ ਦਾ ਚੋਣ ਪ੍ਰਚਾਰ ਕਰਦੇ ਹੋਏ 28 ਅਕਤੂਬਰ 1951 ਨੂੰ ਦਿਤਾ । ਇਹ ਸਮਝਣ ਲਈ ਕਿ ਬਾਬਾ ਸਾਹਿਬ ਕੀ ਚਾਹੁੰਦੇ ਸਨ, ਲਈ ਪੜ੍ਹਨਾ ਬਹੁਤ ਜਰੂਰੀ ਹੈ। ਇਸ ਵਿਚ ਅਜਾਦੀ ਤੋਂ ਬਾਅਦ ਭਾਰਤ ਦਾ ਸਿਆਸੀ, ਆਰਥਿਕ, ਸਮਾਜਿਕ ਮਹੌਲ ਦੀ ਝਲਕ, ਉਸ ਸਮੇ ਦੇ ਹਾਲਾਤ, ਸਿਆਸੀ ਪਾਰਟੀਆਂ ਦੀ ਸੋਚ, ਸਿਆਸੀ ਪਾਰਟੀਆਂ ਪ੍ਰਤੀ ਬਾਬਾ ਸਾਹਿਬ ਦੀ ਸੋਚ, ਬਾਬਾ ਸਾਹਿਬ ਦਾ ਉਦੇਸ਼, ਉਹਨਾਂ ਦਾ ਰਾਸ਼ਟਰ ਪ੍ਰਤੀ ਸਮਰਪਣ, ਭਾਰਤੀ ਪ੍ਰੈਸ ਦਾ ਰੋਲ ਅਤੇ ਕਾਂਗਰਸ ਪਾਰਟੀ ਦੀ ਸੋਚ ਅਤੇ ਕੰਮ ਕਰਨ ਦੇ ਤੌਰ ਤਰੀਕੇ, ਅਛੂੱਤਾਂ ਦੀ ਸਮਸਿਆ ਦੇ ਵਰਣਨ, ਮਸ਼ਲੇ, ਮਸ਼ਲਿਈਆਂ ਦੇ ਹਲ ਦੇ ਢੰਗ ਤਰੀਕੇ, ਹਿੰਦੂਆਂ ਦੀ ਅਛੂਤਾਂ ਪ੍ਰਤੀ ਸੋਚ ਅਤੇ ਕਾਂਗਰਸ ਵਲੋਂ ਮੁਸ਼ਲਿਮ ਸਮਸਿਆ ਦੇ ਝੂੱਠੇ ਅਲਾਪ ਦਾ ਜਿਕਰ ਕੀਤਾ ਹੈ। ਬਾਬਾ ਸਾਹਿਬ ਭਾਸ਼ਨ ਸੂਰੂ ਕਰਦੇ ਉਹ ਕਹਿੰਦੇ ਹਨ :-

ਪਿਆਰੇ ਭਰਾਓ ਅਤੇ ਭੈਣੋ! ਇਹ ਪਹਿਲੀ ਵਾਰ ਹੈ ਕਿ ਮੈਂ ਆਪਣੇ ਲੋਕਾਂ ਨਾਲ ਗੱਲਬਾਤ ਕਰਨ ਲਈ ਲੁਧਿਆਣੇ ਆਇਆ ਹਾਂ। ਕਈ ਵਾਰ ਪਹਿਲਾਂ ਕਈ ਵਾਰ ਇਥੇ 'ਤੇ ਆਉਣ ਦਾ ਪ੍ਰੋਗਰਾਮ ਬਣਾਇਆ, ਪਰ ਕੁੱਝ ਨਾਂ ਟਾਲੇ ਜਾਣ ਵਾਲੇ ਹਾਲਾਤ ਕਾਰਨ ਮੈਂ ਅਜਿਹਾ ਨਹੀਂ ਕਰ ਸਕਿਆ ਸੀ। ਇਹ ਕਿੰਨਾ ਸ਼ੁਭ ਅਵਸ਼ਰ ਹੈ ਕਿ ਅਸੀ ਸਾਰੇ ਇੱਥੇ ਇਕੱਠੇ ਹੋਏ ਹਾਂ। ਤੁਸੀਂ ਜਾਣਦੇ ਹੋ ਕਿ ਦੋ-ਤਿੰਨ ਮਹੀਨਿਆਂ ਵਿਚ ਚੋਣਾਂ ਹੋਣੀਆਂ ਹਨ ਜਿਨ੍ਹਾਂ ਵਿਚ ਕਈ ਪਾਰਟੀਆਂ ਹਿੱਸਾ ਲੈ ਰਹੀਆਂ ਹਨ। ਅਨੁਸੂਚਿਤ ਜਾਤੀ ਫੈਡਰੇਸ਼ਨ ਵੀ ਆਪਣੇ ਉਮੀਦਵਾਰਾਂ ਨੂੰ ਚੋਣ ਲਈ ਉਤਾਰ ਰਹੀ ਹੈ। ਅਸੀਂ ਰਾਜ ਦੀਆਂ ਅਸੈਂਬਲੀਆਂ ਅਤੇ ਕੇਂਦਰੀ ਸੰਸਦ ਵਿਚ ਅਨੁਸੂਚਿਤ ਜਾਤਾਂ ਲਈ ਰਾਖਵੀਆਂ ਸਾਰੀਆਂ ਸੀਟਾਂ ਅਤੇ ਕੁੱਝ ਆਮ ਸੀਟਾਂ ਜਿੱਤਾਂਗੇ ਜਿੱਥੇ ਸਾਡੇ



**ਇੱਕ ਹਿੰਦੂ ਜਾਤੀ ਅਤੇ ਇੱਕ ਅਛੂਤ ਦੇ ਵਿਚਕਾਰ ਦਾ ਸੰਬੰਧ ਇੱਕ ਪੈਰ ਅਤੇ ਜੁੱਤੀ ਦਾ ਹੈ। ਜਦੋਂ ਅਸੀਂ ਆਪਣੇ ਘਰ ਅੰਦਰ ਦਾਖਲ ਹੋ ਜਾਂਦੇ ਹਾਂ ਤਾਂ ਅਸੀਂ ਆਪਣੇ ਜੁੱਤੇ ਬਾਹਰ ਸੁੱਟ ਦਿੰਦੇ ਹਾਂ। ਇਸੇ ਤਰ੍ਹਾਂ, ਅਛੂਤ ਨੂੰ ਸਾਡੇ ਸਮਾਜ ਨੂੰ ਰੱਖਿਆ ਜਾਂਦਾ ਹੈ ਅਤੇ ਇਸ ਨੂੰ ਕੁੱਝ ਵੀ ਨਹੀਂ ਦਿੱਤਾ ਜਾਂਦਾ। (28 ਅਕਤੂਬਰ 1951 ਨੂੰ ਲੁਧਿਆਣਾ)**

ਕੋਲ ਕਾਫ਼ੀ ਗਿਣਤੀ ਵਿਚ ਵੋਟਾਂ ਹਨ। ਮੈਂ ਆਸ ਕਰਦਾ ਹਾਂ ਕਿ ਸਾਡੇ ਉਮੀਦਵਾਰ ਸਫਲ ਹੋਣਗੇ। ਸਾਡੇ ਉਮੀਦਵਾਰਾਂ ਦੀ ਸਫਲਤਾ ਮੁੱਖ ਤੌਰ ਤੇ ਸਾਡੇ ਆਪਣੇ ਲੋਕਾਂ ਉੱਤੇ ਨਿਰਭਰ ਕਰਦੀ ਹੈ। ਜੇ ਸਾਡੇ ਸਾਰੇ ਲੋਕਾਂ ਨੇ ਸਾਡੇ ਉਮੀਦਵਾਰਾਂ ਲਈ ਵੋਟਾਂ ਪਾਈਆਂ, ਤਾਂ ਸਾਡੀ ਜਿੱਤ ਯਕੀਨੀ ਹੈ, ਇਸ ਲਈ, ਮੈਂ ਚਾਹੁੰਦਾ ਹਾਂ ਕਿ ਸਾਰੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਅਨੁਸੂਚਿਤ ਜਾਤੀ ਫੈਡਰੇਸ਼ਨ ਦੁਆਰਾ ਚੋਣਾਂ ਵਿਚ ਉਤਾਰੇ ਗਏ ਉਮੀਦਵਾਰਾਂ ਨੂੰ ਵੋਟ ਦੇਣਾ ਚਾਹੀਦਾ ਹੈ, ਜੋ ਕਿ ਅਨੁਸੂਚਿਤ ਜਾਤਾਂ ਦੀ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਇਕੋ ਇਕ ਸੰਸਥਾ ਹੈ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕਿਵੇਂ ਬ੍ਰਿਟਿਸ਼ਰ ਲੋਕਾਂ ਨੇ ਭਾਰਤ ਵਿਚ ਆਪਣੇ ਰਾਜ ਕਰਨ ਦੇ ਸਮੇਂ ਦੌਰਾਨ ਧੋਖਾ ਦਿੱਤਾ ਹੈ। ਉਹ ਹਿੰਦੋਸਤਾਨ ਵਿਚ ਆਪਣਾ ਰਾਜ ਸਥਾਪਿਤ ਕਰਨ ਵਿਚ ਸਫਲ ਰਹੇ, ਹਾਲਾਂਕਿ ਉਹ ਸੈਂਕੜੇ ਮੀਲ ਦੂਰ ਸਨ। ਸਭ ਤੋਂ ਪਹਿਲਾਂ, ਜਦੋਂ ਈਸ਼ਟ ਇੰਡੀਆ ਕੰਪਨੀ ਭਾਰਤ ਆਈ ਤਾਂ ਇਸਦਾ ਮਕਸਦ ਸਿਰਫ ਵਪਾਰ ਕਰਨਾ ਸੀ ਪਰ ਬ੍ਰਿਟਿਸ਼ ਵਾਸੀ ਨੇ ਇੱਥੇ ਰਾਜ ਸਥਾਪਤ ਕਰਨ ਲਈ ਉਤਸ਼ਕ ਹੋ ਗਏ। ਉਹ ਉਸ ਉਦੇਸ਼ ਨੂੰ ਕਿਵੇਂ ਪ੍ਰਾਪਤ ਕਰ ਸਕੇ ? ਜਦੋਂ ਕਿ ਭਾਰਤ ਵਿਚ ਉਨ੍ਹਾਂ ਕੋਲ ਆਪਣੀ ਕੋਈ ਫੌਜ ਨਹੀਂ ਸੀ। ਕੋਈ ਵੀ ਹੁਣ ਤੱਕ ਇਹ ਦੱਸਣ ਦੇ ਯੋਗ ਨਹੀਂ ਕਿ ਅੰਗਰੇਜ਼ ਆਪਣੇ ਆਪ ਦੀ ਫੌਜ ਦੇ ਬਗੈਰ ਭਾਰਤ ਦੇ ਸਾਰੇ ਰਾਜਿਆਂ ਅਤੇ ਮਹਾਰਾਜੇ ਨੂੰ ਕਿਵੇਂ ਕਾਬੂ ਕਰ ਸਕੇ? ਹੁਣ ਮੈਂ ਇਸ ਸਵਾਲ ਦਾ ਜਵਾਬ ਦੇਵਾਂਗਾ। ਬ੍ਰਿਟਿਸ਼ ਲੋਕ ਅਨੁਸੂਚਿਤ ਜਾਤਾਂ ਦੇ ਲੋਕਾਂ ਦੀ ਮਦਦ ਨਾਲ ਭਾਰਤ ਦੇ ਸ਼ਾਸਕ ਬਣੇ, ਜਿਨ੍ਹਾਂ ਨੂੰ ਅਛੂਤ ਆਖਿਆ ਜਾਂਦਾ ਹੈ; ਜੋ ਅਨਪੜ੍ਹ ਸਨ ਅਤੇ ਜਿਨ੍ਹਾਂ ਨਾਲ ਹਾਈ ਕਾਸਟ ਹਿੰਦੂਆਂ ਦਾ ਵਿਵਹਾਰ ਬੇਹੱਦ ਘਟੀਆ ਸੀ।

ਉਨ੍ਹਾਂ ਕੋਲ ਰੋਜ਼ੀ-ਰੋਟੀ ਦਾ ਕੋਈ ਸਾਧਨ ਨਹੀਂ ਸਨ



ਅਤੇ ਉਹ ਹਮੇਸ਼ਾ ਇਨ੍ਹਾਂ ਉੱਚੀਆਂ ਜਾਤੀਆਂ ਦੇ ਲੋਕਾਂ ਦੀ ਰਹਿਮੋਕਰਮ ਤੇ ਰਹਿੰਦੇ ਸਨ। ਇਸ ਤਰ੍ਹਾਂ, ਬ੍ਰਿਟਿਸ਼ ਫ਼ੌਜ ਵਿਚ ਭਰਤੀ ਹੋਣ ਅਤੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਉਹਨਾਂ ਕੋਲ ਕੋਈ ਬਦਲ ਨਹੀਂ ਸੀ। ਮੈਂ ਤੁਹਾਨੂੰ ਇਸ ਤਰਾਂ ਪ੍ਰਭਾਵਿਤ ਨਹੀਂ ਕਰਨਾ ਚਾਹੁੰਦਾ ਕਿ ਜੋ ਹੋਇਆ ਹੈ ਉਹ ਚੰਗਾ ਸੀ ਪਰ ਮੈਂ ਕੁੱਝ ਹੋਰ ਤੇ ਦਸਣਾ ਚਾਹੁੰਦਾ ਹਾਂ। ਮੈਂ ਇਹ ਦਰਸਾਉਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਆਪਣੀ ਤਾਕਤ ਨਾਲ ਸਥਾਪਤ ਕਰਨ ਵਿਚ ਅਸੀਂ ਉਹਨਾਂ ਦੀ ਮਦਦ ਕੀਤੀ ਸੀ, ਉਨ੍ਹਾਂ ਨੇ ਸਾਡੇ ਲੋਕਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ਹੈ। ਇਹਨਾਂ ਬ੍ਰਿਟਿਸ਼ਰਾਂ ਦੀ ਖ਼ਾਤਰ ਸਾਡੇ ਲੋਕ ਫੌਜ ਵਿਚ ਕੁਰਬਾਨ ਹੋ ਗਏ। ਪਰ ਉਹਦੇ ਬਦਲੇ ਵਿਚ ਉਹਨਾਂ ਨੂੰ ਕੀ ਮਿਲਿਆ ? ਇਸ ਦਾ ਕੀ ਫ਼ਾਇਦਾ ਹੋਇਆ ? ਇਸ ਸਚਾਈ ਦੇ ਬਾਵਜੂਦ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਨੇ ਬ੍ਰਿਟਿਸ਼ਰ ਲੋਕਾਂ ਦੀ ਸਹਾਇਤਾ ਕੀਤੀ, ਪਰ ਬ੍ਰਾਹਮਣ ਅਤੇ ਹੋਰ ਹਾਈਕਾਸਟ ਲੋਕਾਂ ਨੇ ਉਹਨਾਂ ਤੋਂ ਪੂਰਾ ਲਾਭ ਲਿਆ। ਬ੍ਰਿਟਿਸ਼ ਵਾਸੀਆਂ ਨੇ ਉਹਨਾਂ ਦੇ ਬੱਚਿਆਂ ਨੂੰ ਸਿੱਖਿਆ ਦਿੱਤੀ ਅਤੇ ਉਹਨਾਂ ਨੂੰ ਸਾਰੀ ਆਰਥਿਕ ਸਹਾਇਤਾ ਦਿੱਤੀ ਜਦੋਂ ਕਿ ਸਾਡੇ ਲੋਕਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਇਸਦਾ ਨਤੀਜਾ ਇਹ ਹੋਇਆ ਕਿ ਗਰੀਬ ਅਨੁਸੂਚਿਤ ਜਾਤੀਆਂ ਦੀ ਕੀਮਤ ਉਤੇ, ਉੱਚ ਜਾਤੀਆਂ ਦੇ ਅਮੀਰ ਵਿਅਕਤੀਆਂ ਦੇ ਖਰਚੇ ਪਹਿਲਾਂ ਵਾਂਗ ਹੀ ਬਣੇ ਰਹੇ। ਇਹ ਹੀ ਕਾਰਨ ਹੈ ਕਿ ਹੁਣ ਤੱਕ ਅਨੁਸੂਚਿਤ ਜਾਤਾਂ ਦੇ ਪਰਿਵਾਰ ਕਿਉਂ ਵਿਕਸ਼ਿਤ ਨਹੀ ਅਤੇ ਚੰਗੇ ਹਾਲਤ ਵਿਚ ਨਹੀ ਹੋ ਸਕੇ। ਕਿਉਂ ਉਨ੍ਹਾਂ ਦੇ ਬੱਚੇ ਨਹੀਂ ਪੜ੍ਹੇ, ਅਤੇ ਇਸ ਕਾਰਨ ਉਹ ਆਮ ਤੌਰ 'ਤੇ ਪੱਛੜੇ ਹੋਏ ਹਨ। ਨਤੀਜੇ ਵਜੋਂ, ਫੌਜ, ਪੁੱਲੀਸ਼ ਅਤੇ ਪ੍ਰਸ਼ਾਸਨ ਦੇ ਹੋਰ ਵਿਭਾਗਾਂ ਦੀਆਂ ਅਹਿਮ ਅਹੁੱਦੇ ਹਾਈਕਾਸਟ ਦੇ ਲੋਕਾਂ ਨੇ ਕਬਜਾ ਲਏ ਹੋਏ ਹਨ। ਬ੍ਰਿਟਿਸ਼ਰ ਲੋਕਾਂ ਨੂੰ ਸਾਡੇ ਲੋਕਾਂ ਦੀ ਭਲਾਈ ਲਈ ਕੁੱਝ ਕਰਨਾ ਚਾਹੀਦਾ ਸੀ ਪਰ ਉਨ੍ਹਾਂ ਨੇ ਸਾਡੇ ਲਈ ਕੁੱਝ ਨਹੀਂ ਕੀਤਾ। 1857 ਵਿਚ ਜਦੋਂ ਵਿਦਰੋਹ ਹੋਇਆ ਸੀ, ਉਸ ਦਾ ਕਾਰਨ ਕੀ ਸੀ? ਕਿਉਂਕਿ ਅੰਗਰੇਜ ਸਾਡੇ ਲੋਕਾਂ ਲਈ ਕੁੱਝ ਕਰਨ ਤੋਂ ਫੇ.ਲ ਹੋ ਗਏ ਸਨ, ਸਾਡੇ ਫੌਜ ਵਿਚਲੇ ਲੋਕਾਂ ਨੇ ਉਹਨਾਂ ਵਿਰੁੱਧ ਬਗ਼ਾਵਤ ਕਰ ਦਿਤੀ ਸੀ। ਜਦੋਂ ਇਹ ਵਿਦਰੋਹ ਦਾ ਰੁੱਖ ਕੁੱਝ ਨਰਮ ਹੋਇਆ, ਅਤੇ ਇਹ ਪਤਾ ਲੱਗਾ ਕਿ ਫੌਜ ਵਿੱਚ ਸਾਡੇ ਲੋਕ ਅੰਗਰੇਜ਼ਾਂ ਦੇ ਖਿਲਾਫ਼ ਵਿਦਰੋਹ ਕਰ ਰਹੇ ਸਨ, ਉਨ੍ਹਾਂ ਨੇ ਫੌਜ ਵਿੱਚ ਸਾਡੇ ਲੋਕਾਂ ਨੂੰ ਹੋਰ ਅੱਗੇ ਭਰਤੀ ਕਰਨ ਤੋਂ ਰੋਕ ਦਿੱਤਾ। ਇਸ ਦੀ ਬਜਾਇ, ਹਿੰਦੂ ਅਤੇ ਰਾਜਪੂਤਾਂ ਦੀ ਭਰਤੀ ਫ਼ੌਜ ਵਿਚ ਕੀਤੀ ਗਈ। ਇਸ ਤਰ੍ਹਾਂ ਸਾਡੇ ਲੋਕਾਂ ਦੀ ਆਮਦਨ ਦਾ ਮੁੱਖ ਸਰੋਤ ਖਤਮ ਹੋ ਗਿਆ ਸੀ। ਜਦੋਂ 1947 ਵਿਚ ਬ੍ਰਿਟਿਸ਼ ਲੋਕ ਭਾਰਤ ਛੱਡ ਗਏ ਤਾਂ ਸਾਡੇ ਹਾਲਾਤ ਉਸੇ ਤਰ੍ਹਾਂ ਬਣੇ ਰਹੇ ਜਿਵੇਂ ਕਿ ਭਾਰਤ ਵਿਚ ਪਹਿਲਾਂ ਤੋਂ ਚਲਦੇ ਆਏ ਸਨ। ਅੰਗਰੇਜ਼ਾਂ ਨੇ ਸਤ੍ਹਾ ਦੇ ਬਦਲਾਓ ਦੇ ਸਮੇਂ ਭਾਰਤ ਦੀਆਂ ਹਾਈਕਾਸਟਾਂ ਦੇ ਲੋਕਾਂ ਨੂੰ ਸਾਰੀ ਸਤ੍ਹਾ ਸ਼ਕਤੀ ਸੌਂਪ ਦਿਤੀ। ਸਾਨੂੰ ਕੁੱਝ ਨਹੀਂ ਮਿਲਿਆ, ਸਾਨੂੰ ਇਨ੍ਹਾਂ ਬੁਚੜਾਂ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਗਿਆ।

ਇਸ ਤੋਂ ਤੁਸੀਂ ਚੰਗੀ ਤਰਾਂ ਸਮਝ ਸਕਦੇ ਹੋ ਕਿ ਜਿਸ ਢੰਗ ਨਾਲ ਦੂਜੇ ਲੋਕ ਅਨੁਸੂਚਿਤ ਜਾਤੀ ਨਾਲ ਵਰਤਾਰਾ ਕਰਦੇ ਹਨ। ਇਹ ਹੀ ਕਾਰਨ ਹੈ ਕਿ ਅਸੀਂ ਹੁਣ ਤਕ ਬਹੁਤ ਪੱਛੜਦੇ ਚਲੇ ਆ ਰਹੇ ਹਾਂ। ਮੈਂ ਹੁਣ ਤੁਹਾਡੇ ਕੋਲੋਂ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ, ਬੇਸ਼ਕ ਤੁਸੀ ਅਜੇ ਵੀ ਪਛੜੇ ਹੀ ਬਣੇ ਰਹੋ ਅਤੇ ਕੀ ਫਿਰ ਵੀ ਤੁਸੀ ਇਹਨਾਂ ਉੱਚ ਜਾਤੀਆਂ ਦੇ ਲੋਕਾਂ ਦੇ ਗੁਲਾਮਾਂ ਵਜੋਂ ਕੰਮ ਕਰਨਾਂ ਪਸੰਦ ਕਰੋਗੇ? ਜਦੋਂ ਆਰੀਅਨ ਲੋਕ ਭਾਰਤ ਆਏ ਤਾਂ ਵਰਣ ਵਿਵਸਥਾ ਲਾਗੂ ਕੀਤੀ ਗਈ। ਲੋਕਾਂ ਨੂੰ ਉਹਨਾਂ ਦੇ ਜਨਮ ਦੇ ਅਨੁਸਾਰ ਸਮਾਜ ਵਿੱਚ ਦਰਜਾ ਦਿੱਤਾ ਗਿਆ। ਕੁੱਝ ਨੂੰ ਬ੍ਰਾਹਮਣ, ਕਈ ਕਸ਼ਤਰੀਆ, ਕੁੱਝ ਵੈਸ਼ਿਆ, ਕੁੱਝ ਸ਼ੂਦਰ ਅਤੇ ਹੋਰਾਂ ਨੂੰ ਅਛੂੱਤ ਕਿਹਾ ਗਿਆ। ਇਸ ਸ਼੍ਰੇਣੀ ਦਰਜਾਬੰਦੀ ਦੇ ਅਨੁਸਾਰ, ਅਛੂਤ ਸਭ ਤੋਂ ਨੀਵੇਂ ਸਨ ਅਤੇ ਸਮਾਜ ਤੋਂ ਪੂਰੀ ਤਰਾਂ ਨਾਲ ਕੱਟੇ ਹੋਏ ਸਨ। ਇੱਕ ਹਿੰਦੂ ਜਾਤੀ ਅਤੇ ਇੱਕ ਅਛੂਤ ਦੇ ਵਿਚਕਾਰ ਦਾ ਸੰਬੰਧ ਇੱਕ ਪੈਰ ਅਤੇ ਜੁੱਤੀ ਦਾ ਹੈ। ਜਦੋਂ ਅਸੀਂ ਆਪਣੇ ਘਰ ਅੰਦਰ ਦਾਖਲ ਹੋ ਜਾਂਦੇ ਹਾਂ ਤਾਂ ਅਸੀਂ ਆਪਣੇ ਜੁੱਤੇ ਬਾਹਰ ਹੀ ਸੁੱਟ ਦਿੰਦੇ ਹਾਂ। ਇਸੇ ਤਰ੍ਹਾਂ, ਅਛੂੱਤ ਨੂੰ ਸਾਡੇ ਸਮਾਜ ਵਿਚ ਰੱਖਿਆ ਜਾਂਦਾ ਹੈ ਅਤੇ ਇਹਨਾਂ ਨੂੰ ਕੁੱਝ ਵੀ ਨਹੀਂ ਦਿੱਤਾ ਜਾਂਦਾ। ਅਸੀ ਸਦੀਆਂ ਤੋਂ ਹਿੰਦੂਆਂ ਦੇ ਇਸ ਵਿਵਹਾਰ ਨੂੰ ਝੱਲਦੇ ਆਏ ਹਾਂ ਅਤੇ ਅਜੇ ਵੀ ਸਮਾਜਕ, ਆਰਥਿਕ ਅਤੇ ਸਿਆਸੀ ਤੌਰ 'ਤੇ ਪੀੜਤ ਹਾਂ। ਕਈਆਂ ਸਾਲਾਂ ਤੋਂ ਸੰਘਰਸ਼ ਕਰਨ ਤੋਂ ਬਾਅਦ, ਅਸੀਂ ਕੁੱਝ ਰਾਜਨੀਤਕ ਹੱਕ ਪ੍ਰਾਪਤ ਕੀਤੇ ਹਨ ਜਿਨ੍ਹਾਂ ਨੂੰ ਭਾਰਤੀ ਸੰਵਿਧਾਨ ਵਿਚ ਸ਼ਾਮਿਲ ਕੀਤਾ ਗਿਆ ਹੈ।

ਵੀਹ ਸਾਲਾਂ ਲੰਬੇ ਸਮੇਂ ਤੱਕ ਮੈਂ ਮਹਾਤਮਾ ਗਾਂਧੀ ਦੇ ਖਿਲਾਫ ਲੜਦਾ ਆ ਰਿਹਾ ਹਾਂ। ਉਹ ਸਾਨੂੰ ਕਿਸੇ ਵੱਖਰੇ ਅਧਿਕਾਰ ਦੇਣ ਦੇ ਵਿਚਾਰ ਦੇ ਵਿਰੁੱਧ ਸਨ ਉਸ ਦੀ ਦਲੀਲ ਇਹ ਸੀ ਕਿ ਜੇਕਰ ਅਛੂਤ ਨੂੰ ਵੱਖਰੇ ਅਧਿਕਾਰ ਦਿੱਤੇ ਜਾਂਦੇ ਹਨ, ਤਾਂ ਉਹ ਹਿੰਦੂ ਧਰਮ ਵਿਚ ਆਉਣ ਨੂੰ ਤਿਆਰ ਨਹੀਂ ਹੋਣਗੇ। ਉਹ ਹਿੰਦੂਆਂ ਤੋਂ ਸਦਾ ਲਈ ਅਲਗ ਰਹਿਣਗੇ। ਰਾਉਂਡ ਟੇਬਲ ਕਾਨਫਰੰਸ ਵਿਚ ਮਹਾਤਮਾ ਗਾਂਧੀ ਨੇ ਵੱਖਰੇ ਚੋਣ ਹਲਕਿਆਂ ਦੀ ਸਾਡੀ ਮੰਗ ਦਾ ਵਿਰੋਧ ਕੀਤਾ ਸੀ। ਕਈ ਸਾਲਾਂ ਦੀ ਸੰਘਰਸ਼ ਤੋਂ ਬਾਅਦ, ਅਸੀ ਕੁੱਝ ਸਿਆਸੀ ਸ਼ਕਤੀਆਂ ਪ੍ਰਾਪਤ ਕਰ ਲਈਆਂ ਹਨ। ਹੁਣ ਅਸੀ ਆਪਣੇ ਆਪਣੇ ਨੁਮਾਇੰਦੇ ਰਾਜ ਦੀਆਂ ਅਸੈਂਬਲੀਆਂ ਅਤੇ ਕੇਂਦਰੀ ਸੰਸਦ ਨੂੰ ਅਨੁਸੂਚਿਤ ਜਾਤਾਂ ਲਈ ਰਾਖਵੀਂ ਸੀਟਾਂ ਤੇ ਚੁੱਣਕੇ ਭੇਜ ਸਕਦੇ ਹਾਂ।

ਅਜਿਹੀਆਂ ਕਈ ਪਾਰਟੀਆਂ ਹਨ ਜੋ ਇਹਨਾਂ ਅਧਿਕਾਰਾਂ ਨੂੰ ਖੋਹਣ ਲਈ ਚਿੰਤਤ ਹਨ. ਉਹ ਸਾਡੇ ਵੋਟ ਪ੍ਰਾਪਤ ਕਰਨ ਅਤੇ ਸਾਡੇ ਲੋਕਾਂ ਦੀਆਂ ਰਾਖਵੀਆਂ ਸੀਟਾਂ ਚੋਂ ਉਹ ਆਪਣੇ ਲੋਕਾਂ ਨੂੰ ਜਿਤਵਾ ਕੇ ਭੇਜਣ ਲਈ ਚਿੰਤਤ ਹਨ। ਤੁਸੀਂ ਉਨ੍ਹਾਂ ਦੇ ਉਦੇਸ਼ਾਂ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ ਉਹ ਚਾਹੁੰਦੇ ਹਨ ਕਿ ਅਨੁਸੂਚਿਤ ਜਾਤੀਆਂ ਨੂੰ ਜਿਥੇ ਰਹਿਣਾ ਚਾਹੀਦਾ ਹੈ, ਉੱਥੇ ਹੀ ਰਹਿਣਾ ਚਾਹੀਦਾ ਹੈ ਅਤੇ ਸੱਤ੍ਹਾ ਵਿਚ ਨਹੀਂ ਆਉਣਾ ਚਾਹੀਦਾ, ਤਾਂ ਜੋ ਸਾਡੇ ਵਰਕਰਾਂ ਦੀਆਂ ਨੌਕਰੀਆਂ ਦਾ ਨੁਕਸਾਨ ਨਾ ਹੋਵੇ। ਇਸ ਲਈ ਆਉਣ ਵਾਲੀਆਂ ਚੋਣਾਂ ਵਿੱਚ ਤੁਹਾਨੂੰ ਆਪਣੇ ਵੋਟ ਬਾਰੇ ਧਿਆਨ ਰੱਖਣਾ ਹੋਵੇਗਾ। ਤੁਹਾਨੂੰ ਇਹ ਵੇਖਣਾ ਚਾਹੀਦਾ ਹੈ ਕਿ ਸਿਰਫ ਸਾਡੇ ਸੱਚੇ ਪ੍ਰਤੀਨਿਧਾਂ ਨੂੰ ਹੀ ਸਾਡੇ ਵੋਟ ਨਾਲ ਚੁਣਿਆ ਜਾਵੇ ਅਤੇ ਹੋਰ ਕਿਸੇ ਨੂੰ ਨਹੀਂ। ਕੇਵਲ ਤਾਂ ਹੀ ਤੁਹਾਡੇ ਅਧਿਕਾਰ ਜੋ ਕਿ ਸੰਵਿਧਾਨ ਵਿੱਚ ਸ਼ਾਮਲ ਕੀਤੇ ਗਏ ਹਨ, ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਜੇ ਸਾਡੇ ਸੱਚੇ ਪ੍ਰਤੀਨਿਧ ਰਾਜ ਵਿਧਾਨ ਸਭਾਵਾਂ ਅਤੇ ਯੂਨੀਅਨ ਸੰਸਦ ਲਈ ਨਹੀਂ ਚੁੱਣੇ ਜਾਂਦੇ, ਤਾਂ ਅਸੀਂ ਆਜ਼ਾਦੀ ਦਾ ਆਨੰਦ ਨਹੀਂ ਲੈ ਸਕਦੇ। ਇਹੇ ਜਿਹੀ ਆਜ਼ਾਦੀ ਸਾਡੇ ਲੋਕਾਂ ਲਈ ਇੱਕ ਮਖੌਲ ਹੋਵੇਗੀ। ਇਹ ਹਾਈਕਾਸਟ ਲੋਕਾਂ ਦੀ ਸੁਤੰਤਰਤਾ ਹੋਵੇਗੀ ਅਤੇ ਸਾਡੇ ਲਈ ਨਹੀਂ। ਪਰ ਜੇ ਸਾਡੇ ਸੱਚੇ ਪ੍ਰਤੀਨਿਧ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿਚ ਹਨ ਤਾਂ ਉਹ ਸਾਡੀਆਂ ਸਮਸਿਆਵਾਂ ਲਈ ਲੜ ਸਕਦੇ ਹਨ ਅਤੇ ਸ਼ਿਕ-'ਇਤਾਂ ਦਾ ਹੱਲ ਕੱਢ ਸਕਦੇ ਹਨ। ਕੇਵਲ ਤਦ ਹੀ ਸਾਡੇ ਬੱਚੇ ਸਹੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ; ਕੇਵਲ ਤਾਂ ਸਾਡੀ ਗਰੀਬੀ ਹਟਾਈ ਜਾ ਸਕਦੀ ਹੈ ਅਤੇ ਕੇਵਲ ਤਦ ਹੀ ਸਾਨੂੰ ਜੀਵਨ ਦੇ ਸਾਰੇ ਖੇਤਰਾਂ ਵਿੱਚ ਬਰਾਬਰ ਦੀ ਹਿੱਸੇਦਾਰੀ ਦਿੱਤੀ ਜਾਵੇਗੀ। ਭਾਵੇਂ ਕਿ ਭਾਰਤੀ ਸੰਵਿਧਾਨ ਵਿਚ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਵਿਸ਼ੇਸ਼ ਅਧਿਕਾਰ ਪ੍ਰਦਾਨ ਕੀਤੇ ਗਏ ਹਨ, ਦੂਜੀਆਂ ਪਾਰਟੀਆਂ, ਖਾਸ ਤੌਰ 'ਤੇ ਕਾਂਗਰਸ, ਉਨ੍ਹਾਂ ਨਾਲ ਬੇਲੋੜੀ ਦਖ਼ਲਅੰਦਾਜ਼ੀ ਕਰ ਰਹੀਆਂ ਹਨ। ਉਹ ਅਨੁਸੂਚਿਤ ਜਾਤਾਂ ਲਈ ਰਾਖਵੀਆਂ ਸੀਟਾਂ ਲਈ ਚੋਣ ਲਈ ਆਪਣੇ ਖੁਦ ਦੇ ਅਨੁਸੂਚਿਤ ਜਾਤੀ ਦੇ ਹੱਥਠੋਕੇ ਉਮੀਦਵਾਰ ਚੁੱਣਕੇ ਭੇਜ ਰਹੇ ਹਨ। ਕਾਂਗਰਸ ਦੀਆਂ ਟਿਕਟਾਂ 'ਤੇ ਚੁਣੇ ਗਏ ਲੋਕ ਸਾਡੇ ਹਿੱਤਾਂ ਦੀ ਰਾਖੀ ਕਿਵੇਂ ਕਰ ਸਕਦੇ ਹਨ ਜਦੋਂ ਕਿ ਉਨ੍ਹਾਂ ਨੂੰ ਆਪਣੇ ਮਾਲਕ ਦੀ ਮਰਜ਼ੀ ਅਨੁਸਾਰ ਜਾਣਾ ਪੈਣਾ ਹੈ? ਉਹ ਸਾਡੇ ਲਈ ਕੀ ਕਰ ਸਕਦੇ ਹਨ?



**ਹਰਦੀਪ ਸਿੰਘ ਚੁੰਬਰ**
**+91-94636-01616**

ਮੈਂ ਤੁਹਾਨੂੰ ਉਨ੍ਹਾਂ ਲੋਕਾਂ ਬਾਰੇ ਦੱਸਣਾ ਚਾਹੁੰਦਾ ਹਾਂ ਜੋ ਸੰਸਦ ਨੂੰ ਕਾਂਗਰਸ ਦੀਆਂ ਟਿਕਟਾਂ ਤੇ ਅਨੁਸੂਚਿਤ ਜਾਤਾਂ ਲਈ ਰਾਖਵੀਂ ਸੀਟਾਂ ਲਈ ਚੁਣੇ ਜਾਂਦੇ ਹਨ। ਉਹਨਾਂ ਦੀ ਗਿਣਤੀ 30 ਦੀ ਸੀ ਅਤੇ ਪਿਛਲੇ ਚਾਰ ਸਾਲਾਂ ਤੋਂ ਸੰਸਦ ਵਿਚ ਸਨ। ਅਨੁਸੂਚਿਤ ਜਾਤੀਆਂ ਦੀਆਂ ਸ਼ਿਕਾਇਤਾਂ ਬਾਰੇ ਪਾਰਲੀਮੈਂਟ ਵਿਚ ਉਹਨਾਂ ਤੀਹਾਂ ਮੈਂਬਰਾਂ ਵਿਚੋਂ ਕਿਸੇ ਇਕ ਨੇ ਵੀ ਕਦੇ ਸਵਾਲ ਨਹੀਂ ਉਠਾਇਆ। ਜੇ ਸੰਸਦ ਵਿਚ ਇਕ ਸਵਾਲ ਉੱਠਿਆ, ਤਾਂ ਸਪੀਕਰ ਨੇ ਇਸ ਨੂੰ ਇਜਾਜ਼ਤ ਨਹੀਂ ਦਿੱਤੀ ਅਤੇ ਇਹ ਮਾਮਲਾ ਉਥੇ ਹੀ ਖਤਮ ਹੋ ਗਿਆ। ਜੇ ਕਿਤੇ ਸਪੀਕਰ ਖੁੱਲ੍ਹੇ ਦਿਲ ਵਾਲਾ ਸੀ ਅਤੇ ਇਸ ਪ੍ਰਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਸੀ ਅਤੇ ਇਸ ਨੂੰ ਕਾਰਵਾਈ ਵਿਚ ਸ਼ਾਮਲ ਕੀਤਾ ਗਿਆ ਸੀ ਤਾਂ ਫਿਰ ਕਾਂਗਰਸ ਦੇ ਚੀਫ਼ ਵਿਪ੍ਹ ਸਬੰਧਤ ਮੈਂਬਰ ਕੋਲ ਜਾਵੇਗਾ ਅਤੇ ਉਹ ਪ੍ਰਿੰਟ ਹੋਣ ਤੋਂ ਪਹਿਲਾਂ ਪ੍ਰਸ਼ਨ ਵਾਪਸ ਲੈਣ ਲਈ ਕਹੇਗਾ। ਫਿਰ ਵੀ ਜੇਕਰ ਸਵਾਲ ਦਾ ਪ੍ਰਿੰਟ ਹੋ ਵੀ ਗਿਆ, ਤਾਂ ਜਦੋਂ ਜਵਾਬ ਲੋੜੀਂਦਾ ਹੋਵੇਗਾ, ਚੀਫ਼ ਵਿੱਪ ਸਬੰਧਤ ਮੈਂਬਰ ਨੂੰ ਉਸ ਦਿਨ ਲਈ ਸ਼ਹਿਰ ਛੱਡ ਕੇ ਜਾਣ ਲਈ ਕਹਿਣਗੇ, ਅਤੇ ਇਸ ਤਰ੍ਹਾਂ ਮੈਂਬਰ ਦੇ ਤੌਰ ਤੇ ਉੱਠਾਏ ਮਾਮਲੇ 'ਤੇ ਸੰਸਦ' ਤੇ ਕੋਈ ਚਰਚਾ ਨਹੀਂ ਹੋਵੇਗੀ, ਕਿਉਂਕਿ ਉਹ ਆਪ ਹੀ ਉੱਥੇ ਨਹੀਂ ਹੋਵੇਗਾ।

ਇਕ ਮਹੀਨੇ ਦੇ ਲਈ ਸੰਸਦ ਵਿੱਚ ਬਜਟ 'ਤੇ ਚਰਚਾ ਹੁੰਦੀ ਹੈ। ਉਸ ਵੇਲੇ ਕੋਈ ਵੀ ਵਿਅਕਤੀ ਬਜਟ 'ਤੇ ਗੱਲ ਕਰ ਸਕਦਾ ਹੈ ਅਤੇ ਦੱਸ ਸਕਦਾ ਹੈ ਕਿ ਅਜਿਹੇ ਭਾਈਚਾਰੇ ਅਤੇ ਉਨ੍ਹਾਂ ਦੀ ਪਾਰਟੀ ਲਈ ਅਜਿਹੀਆਂ ਵਿਸ਼ੇਸ਼ ਸਹੂਲਤਾ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਹ ਕਹਿ ਸਕਦਾ ਹੈ ਕਿ ਬਹੁਤ ਜ਼ਿਆਦਾ ਪੈਸਾ ਬੇਲੋੜੀ ਪ੍ਰਾਜੈਕਟਾਂ 'ਤੇ ਖਰਚ ਕੀਤਾ ਜਾ ਰਿਹਾ ਹੈ ਜਦਕਿ ਮਹੱਤਵਪੂਰਨ ਪ੍ਰਾਜੈਕਟਾਂ ਦੀ ਅਣਦੇਖੀ ਕੀਤੀ ਗਈ ਹੈ। ਇਨ੍ਹਾਂ ਚਾਰ ਸਾਲਾਂ ਦੇ ਦੌਰਾਨ, ਕਿਸੇ ਇਕ ਮੈਂਬਰ ਨੂੰ ਮੈਂ ਇੱਕ ਕਟ ਮੋਸ਼ਨ ਲੈਕੇ ਆਉਂਦੇ ਨਹੀਂ ਦੇਖਿਆ। ਇਹ ਸਾਰਾ ਕੁੱਝ ਕਾਂਗਰਸ ਪਾਰਟੀ ਦੇ ਅਨੁਸ਼ਾਸਨ (ਡੁੰਡਾ) ਕਾਰਨ ਹੈ। ਜੇ ਮੈਂਬਰਾਂ ਨੇ ਮਤਾ ਪੇਸ਼ ਕਰਨਾ ਚਾਹਿਆ ਤਾਂ ਇਸ ਨੂੰ ਅਸਲ ਵਿਚ ਪੇਸ਼ ਕਰਨ ਤੋਂ ਪਹਿਲਾਂ ਹੀ ਚੀਫ ਵਿਪ੍ਹ ਦੀ ਆਗਿਆ ਪ੍ਰਾਪਤ ਕਰਨੀ ਪਈ। ਇਹਨਾਂ ਚਾਰਾਂ ਸਾਲਾਂ ਵਿਚ ਸਦਨਾਂ ਵਿਚ ਇਹਨਾਂ ਮੈਂਬਰਾਂ ਨੇ ਕੋਈ ਵੀ ਬਿੱਲ ਪੇਸ਼ ਨਹੀਂ ਕੀਤਾ। ਫਿਰ ਕਿਵੇਂ ਅਛੂਤ, ਭਾਰਤੀ ਮਸੀਹੀ, ਐਂਗਲੋ ਇੰਡੀਅਨਜ਼ ਆਦਿ ਸੰਵਿਧਾਨ ਵਿਚ ਉਨ੍ਹਾਂ ਲਈ ਪ੍ਰਦਾਨ ਕੀਤੇ ਗਏ ਵਿਸ਼ੇਸ਼ ਅਧਿਕਾਰਾਂ ਦਾ ਫਾਇਦਾ ਲੈ ਸਕਦੇ ਹਨ, ਜੇ ਉਨ੍ਹਾਂ ਲਈ ਰਾਖਵੀਆਂ ਸੀਟਾਂ ਉਨ੍ਹਾਂ ਦੇ ਦੁਸ਼ਮਨਾਂ ਦੁਆਰਾ ਕਾਂਗਰਸ ਦੀ ਟਿਕਟਾਂ ਰਾਹੀਂ ਭਰ ਲਈਆਂ ਜਾਂਦੀਆਂ ਹਨ?



**ਵੀਹ ਸਾਲਾਂ ਲੰਬੇ ਸਮੇਂ ਤੱਕ ਮੈਂ ਮਹਾਤਮਾ ਗਾਂਧੀ ਦੇ ਖਿਲਾਫ ਲੜਦਾ ਰਿਹਾ ਹਾਂ। ਉਹ ਸਾਨੂੰ ਕਿਸੇ ਵੱਖਰੇ ਅਧਿਕਾਰ ਦੇਣ ਦੇ ਵਿਚਾਰ ਦੇ ਵਿਰੁੱਧ ਸਨ ਉਸ ਦਾ ਦਲੀਲ ਇਹ ਸੀ ਕਿ ਜੇਕਰ ਅਛੂਤ ਨੂੰ ਵੱਖਰੇ ਅਧਿਕਾਰ ਦਿੱਤੇ ਜਾਂਦੇ ਹਨ, ਤਾਂ ਉਹ ਹਿੰਦੂ ਧਰਮ ਵਿਚ ਆਉਣ ਨੂੰ ਤਿਆਰ ਨਹੀਂ ਹੋਣਗੇ। ਉਹ ਹਿੰਦੂਆਂ ਤੋਂ ਸਦਾ ਲਈ ਅਲਗ ਰਹਿਣਗੇ। ਰਾਉਂਡ ਟੇਬਲ ਕਾਨਫਰੰਸ ਵਿਚ ਮਹਾਤਮਾ ਗਾਂਧੀ ਨੇ ਵੱਖਰੇ ਚੋਣ ਹਲਕਿਆਂ ਦੀ ਸਾਡੀ ਮੰਗ ਦਾ ਵਿਰੋਧ ਕੀਤਾ।**

**ਕਈ ਸਾਲਾਂ ਦੀ ਸੰਘਰਸ਼ ਤੋਂ ਬਾਅਦ, ਅਸੀਂ ਕੁੱਝ ਸਿਆਸੀ ਸਕਤੀਆਂ ਪ੍ਰਾਪਤ ਕਰ ਲਈਆਂ ਹਨ। ਹੁਣ ਅਸੀਂ ਆਪਣੇ ਆਪਣੇ ਨੁਮਾਇੰਦੇ ਰਾਜ ਦੀਆਂ ਅਸੈਂਬਲੀਆਂ ਅਤੇ ਕੇਂਦਰੀ ਸੰਸਦ ਨੂੰ ਅਨੁਸੂਚਿਤ ਜਾਤਾਂ ਲਈ ਰਾਖਵੀਂ ਸੀਟਾਂ ਤੇ ਚੁੱਣਕੇ ਭੇਜ ਸਕਦੇ ਹਾਂ।**

(28 ਅਕਤੂਬਰ 1951 ਨੂੰ ਲੁਧਿਆਣਾ)

**(ਬਾਕੀ ਅਗਲੇ ਸਫੇ 'ਤੇ)**

# ਬਹਿਬਲ ਕਲਾਂ ਗੋਲੀ ਕਾਂਡ: ਕੈਪਟਨ ਦੀ ਨਾਰਾਜ਼ਗੀ ਕਾਰਨ ਪੁਲਿਸ ਅਫ਼ਸਰਾਂ ਖਿਲਾਫ਼ ਹੋਈ ਕਾਰਵਾਈ

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨਾਰਾਜ਼ਗੀ ਹੀ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਪੁਲਿਸ ਅਫ਼ਸਰਾਂ ਖਿਲਾਫ਼ ਕਾਰਵਾਈ ਦਾ ਕਾਰਨ ਬਣੀ ਹੈ। ਸੂਤਰਾਂ ਅਨੁਸਾਰ 9 ਅਗਸਤ ਨੂੰ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਸਿਵਲ ਤੇ ਪੁਲੀਸ ਦੇ ਉੱਚ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਰਿਪੋਰਟ ਮੁਤਾਬਕ ਕਾਰਵਾਈ ਕਰਨ ਲਈ ਪੁਲੀਸ ਅਧਿਕਾਰੀਆਂ ਨੂੰ ਸਪੱਸ਼ਟ ਤੌਰ 'ਤੇ ਹਦਾਇਤਾਂ ਦਿੱਤੀਆਂ ਸਨ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ, ਡੀਜੀਪੀ ਸੁਰੇਸ਼ ਅਰੋੜਾ, ਡੀਜੀਪੀ (ਇੰਟੈਲੀਜੈਂਸ) ਦਿਨਕਰ ਗੁਪਤਾ, ਵਧੀਕ ਡੀਜੀਪੀ (ਬਿਊਰੋ ਆਫ਼ ਇਨਵੈਸਟੀਗੇਸ਼ਨ) ਪ੍ਰਬੋਧ ਕੁਮਾਰ ਅਤੇ ਹੋਰ ਅਧਿਕਾਰੀ ਸ਼ਾਮਲ ਸਨ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਵੱਲੋਂ ਨਾਰਾਜ਼ਗੀ ਜਤਾਉਣ ਦਾ ਸਿੱਟਾ ਇਹ ਨਿਕਲਿਆ ਕਿ ਦੋ ਦਿਨਾਂ ਬਾਅਦ ਹੀ 11 ਅਗਸਤ ਨੂੰ ਪੁਲੀਸ ਨੇ 4 ਅਫ਼ਸਰਾਂ ਚਰਨਜੀਤ ਸ਼ਰਮਾ, ਬਿਕਰਮਜੀਤ ਸਿੰਘ, ਪਰਦੀਪ ਸਿੰਘ ਅਤੇ ਅਮਰਜੀਤ ਸਿੰਘ ਦੇ ਨਾਮ ਬਹਿਬਲ ਕਲਾਂ ਗੋਲੀ ਕਾਂਡ ਨਾਲ ਸਬੰਧਤ ਕਤਲ ਦੇ ਮਾਮਲੇ ਵਿੱਚ ਨਾਮਜ਼ਦ ਕਰ ਦਿੱਤੇ। ਸਰਕਾਰ ਦਾ ਦਾਅਵਾ ਹੈ ਕਿ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਦੀ ਰਿਪੋਰਟ ਵਿੱਚ ਉਕਤ ਅਫ਼ਸਰਾਂ ਖ਼ਿਲਾਫ਼ ਕਾਰਵਾਈ ਦੀ ਸਿਫਾਰਿਸ਼ ਕੀਤੀ ਗਈ ਹੈ, ਜਦੋਂ ਕਿ ਕੋਟਕਪੂਰਾ ਗੋਲੀ ਕਾਂਡ ਸਬੰਧੀ ਕਿਸੇ ਵੀ ਪੁਲੀਸ ਅਫ਼ਸਰ ਦੇ ਨਾਮ ਸਬੰਧੀ ਸਥਿਤੀ ਸਪੱਸ਼ਟ ਨਹੀਂ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਸਬੰਧੀ ਕੇਸ ਦਰਜ ਕਰਨ ਤੋਂ ਬਾਅਦ ਇਨ੍ਹਾਂ ਮਾਮਲਿਆਂ ਦੀ ਜਾਂਚ ਸੀਬੀਆਈ ਨੂੰ ਦੇਣ ਦਾ ਐਲਾਨ ਕੀਤਾ ਸੀ। ਇਸ ਐਲਾਨ ਤੋਂ ਬਾਅਦ ਪੰਜਾਬ ਦੇ ਵਧੀਕ ਮੁੱਖ ਸਕੱਤਰ (ਗ੍ਰਹਿ ਤੇ ਨਿਆਂ) ਨਿਰਮਲਜੀਤ ਸਿੰਘ ਕਲਸੀ ਨੇ ਡੀਜੀਪੀ ਸੁਰੇਸ਼ ਅਰੋੜਾ ਨੂੰ 2 ਅਗਸਤ ਨੂੰ ਇਕ ਚਿੱਠੀ ਲਿਖੀ ਸੀ, ਜਿਸ ਦੇ ਨਾਲ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਰਿਪੋਰਟ ਵੀ ਭੇਜੀ ਗਈ ਸੀ। ਚਿੱਠੀ ਵਿੱਚ ਸਪੱਸ਼ਟ ਤੌਰ 'ਤੇ ਲਿਖਿਆ ਗਿਆ ਸੀ ਕਿ ਰਿਪੋਰਟ ਦੇ ਆਧਾਰ 'ਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤੇ ਸਬੰਧਤ ਪੁਲੀਸ ਅਫ਼ਸਰਾਂ ਦੇ ਖ਼ਿਲਾਫ਼ ਵਿਭਾਗੀ ਕਾਰਵਾਈ ਵੀ ਆਰੰਭ ਕੀਤੀ ਜਾਵੇ। ਇਸ ਤੋਂ ਬਾਅਦ ਕੋਟਕਪੂਰਾ ਪੁਲੀਸ ਨੇ 7 ਅਗਸਤ ਨੂੰ 'ਅਣਪਛਾਤੇ ਪੁਲੀਸ ਮੁਲਾਜ਼ਮਾਂ' ਖ਼ਿਲਾਫ਼ ਕੇਸ ਦਰਜ ਕੀਤਾ। ਪੁਲੀਸ ਦੀ ਇਸ ਕਾਰਵਾਈ ਕਾਰਨ ਸਰਕਾਰ ਨੂੰ ਨਮੋਸ਼ੀ ਝੱਲਣੀ ਪਈ ਤੇ ਹਾਕਮ ਪਾਰਟੀ ਦੇ ਵਿਧਾਇਕਾਂ ਨੇ ਵੀ ਮੁੱਖ ਮੰਤਰੀ ਤੱਕ ਲੋਕਾਂ ਦਾ ਪ੍ਰਤੀਕਰਮ ਪਹੁੰਚਾਇਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਸੀਨੀਅਰ ਪੁਲੀਸ ਅਧਿਕਾਰੀਆਂ ਵੱਲੋਂ 'ਪੁਲੀਸ ਦਾ ਮਨੋਬਲ ਉੱਚਾ ਰੱਖਣ' ਦੇ ਨਾਮ ਹੇਠ ਪਰਦਾਪੋਸ਼ੀ ਕੀਤੀ ਜਾ ਰਹੀ ਹੈ।



# ਕੌਮਾਂਤਰੀ ਅਥਲੀਟ ਹਾਕਮ ਸਿੰਘ ਭੱਠਲ ਦਾ ਦੇਹਾਂਤ

**ਧਨੌਲਾ–** ਕੌਮਾਂਤਰੀ ਪੱਧਰ 'ਤੇ ਪੰਜਾਬ ਦਾ ਨਾਂ ਰੌਸ਼ਨ ਕਰਨ ਵਾਲੇ ਅਥਲੀਟ ਹਾਕਮ ਸਿੰਘ ਭੱਠਲ ਦਾ ਅੱਜ ਦੇਹਾਂਤ ਹੋ ਗਿਆ। ਉਹ ਪਿਛਲੇ ਕਾਫ਼ੀ ਸਮੇਂ ਤੋਂ ਬਿਮਾਰ ਸਨ। ਹਾਕਮ ਸਿੰਘ ਨੇ ਅੱਜ ਸੰਗਰੂਰ ਦੇ ਇਕ ਨਿੱਜੀ ਹਸਪਤਾਲ 'ਚ ਆਖ਼ਰੀ ਸਾਹ ਲਏ। ਭੱਠਲਾਂ 'ਚ ਉਨ੍ਹਾਂ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਪੰਜਾਬ ਪੁਲੀਸ ਦੀ ਟੁਕੜੀ ਵੱਲੋਂ ਉਨ੍ਹਾਂ ਨੂੰ ਸਲਾਮੀ ਦਿੱਤੀ ਗਈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੇ ਫੁੱਲਮਾਲਾਵਾਂ ਭੇਟ ਕੀਤੀਆਂ। ਸ੍ਰੀ ਢਿੱਲੋਂ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਧਰਮਪਾਲ ਗੁਪਤਾ ਨੇ ਪੰਜਾਬ ਸਰਕਾਰ ਵੱਲੋਂ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਚੈੱਕ ਸੌਂਪਿਆ। ਪਿੰਡ ਭੱਠਲਾਂ ਦੇ ਵਸਨੀਕ ਹਾਕਮ ਸਿੰਘ ਨੇ ਫ਼ੌਜ 'ਚ ਹੌਲਦਾਰ ਹੁੰਦਿਆਂ 1978 'ਚ ਬੈਂਕਾਕ ਏਸ਼ਿਆਈ ਖੇਡਾਂ 'ਚ 20 ਕਿਲੋਮੀਟਰ ਪੈਦਲ ਚਾਲ 'ਚ ਸੋਨੇ ਦਾ ਤਗਮਾ ਜਿੱਤਿਆ ਸੀ। ਇਸ ਤੋਂ ਅਗਲੇ ਸਾਲ ਏਸ਼ੀਅਨ ਟਰੈਕ ਐਂਡ ਫੀਲਡ ਚੈਂਪੀਅਨਸ਼ਿਪ 'ਚ ਵੀ ਸੋਨ ਤਗਮਾ ਜਿੱਤਿਆ ਸੀ। 1981 'ਚ ਹੋਏ ਸੜਕ ਹਾਦਸੇ ਮਗਰੋਂ ਉਨ੍ਹਾਂ ਨੂੰ ਆਪਣੀ ਖੇਡ ਛੱਡਣੀ ਪਈ ਤੇ 1987 'ਚ ਉਨ੍ਹਾਂ ਫ਼ੌਜ 'ਚੋਂ ਸੇਵਾਮੁਕਤੀ ਲੈ ਲਈ। ਉਨ੍ਹਾਂ ਨੂੰ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਵੱਲੋਂ ਧਿਆਨ ਚੰਦ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।



# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਲੁਧਿਆਣੇ ਵਿੱਚ

**(ਸਫਾ 19 ਦੀ ਬਾਕੀ)**

ਮੈਂ ਇਹ ਗੱਲ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਜੇ ਤੁਸੀ ਕਾਂਗਰਸ ਲਈ ਵੋਟ ਪਾਈ ਤਾਂ ਤੁਹਾਨੂੰ ਸਦਾ ਲਈ ਦੁੱਖ ਝੱਲਣਾ ਪਵੇਗਾ। ਸਾਡੇ ਨੁਮਾਇੰਦੇ ਕਾਂਗਰਸ ਦੇ ਟਿਕਟ 'ਤੇ ਸਟੇਟ ਅਸੈਂਬਲੀਜ਼ ਅਤੇ ਪਾਰਲੀਮੈਂਟ ਵਿਚ ਚੁੱਪ ਰਹਿਣਗੇ। ਸਾਡੇ ਅਧਿਕਾਰ ਤਾਂ ਹੀ ਸੁਰੱਖਿਅਤ ਰੱਖੇ ਜਾ ਸਕਦੇ ਹਨ ਜੇਕਰ ਸਾਡੇ ਸੱਚੇ ਪ੍ਰਤੀਨਿਧ ਸੰਗਠਨ ਦੀ ਟਿਕਟ 'ਤੇ ਚੁਣੇ ਜਾਂਦੇ ਹਨ ਜੋ ਅਨੁਸੂਚਿਤ ਜਾਤਾਂ ਦੀ ਇਕੋ ਇਕ ਸੰਸਥਾ ਹੈ। ਕੀ ਕਾਂਗਰਸ ਵਿਚ ਸਾਡੀ ਸ਼ਿਕਾਇਤ ਦਾ ਨਿਪਟਾਰਾ ਹੋਣ ਦੀ ਸੰਭਾਵਨਾ ਹੈ, ਮੈਂ ਇਸ ਲਈ ਸੰਗਠਨ ਨੂੰ ਛੱਡ ਨਹੀ ਸਕਦਾ। ਮੈਨੂੰ ਪਤਾ ਹੈ ਕਿ ਕਾਂਗਰਸ ਕੋਲ ਕਾਫੀ ਪੈਸਾ ਹੈ ਅਤੇ ਉਹ ਇਸ ਨਾਲ ਵੋਟਾਂ ਖਰੀਦਣ ਦੀ ਕੋਸ਼ਿਸ਼ ਕਰਨਗੇ। ਪਰ ਤੁਹਾਨੂੰ ਇਸ ਬਾਰੇ ਧਿਆਨ ਰੱਖਣਾ ਹੋਵੇਗਾ।

ਜੇ ਮੈਂ ਚਾਹਾਂ ਤਾਂ ਮੈਂ ਹਮੇਸ਼ਾ ਲਈ ਕਾਂਗਰਸ ਵਿਚ ਰਹਿ ਸਕਦਾ ਹਾਂ ਅਤੇ ਯਕੀਨੀ ਤੌਰ 'ਤੇ ਉੱਥੇ ਵਧੀਆ ਥਾਂ ਹੋਵੇਗੀ। ਪਰ ਇਹ ਮੈਂ ਤਾਂ ਹੀ ਕਰਦਾ ਹੋਵਾਂਗਾ ਜੇ ਮੈਂ ਆਪਣੇ ਭਾਈਚਾਰੇ ਦਾ ਸਨਮਾਨ ਨਹੀਂ ਕਰਦਾ ਹੋਵਾਂਗਾ, ਅਤੇ ਜੇ ਮੈਂ ਸੁਆਰਥੀ ਇਰਾਦਿਆਂ ਬਾਰੇ ਸੋਚਿਆ ਹੁੰਦਾ ਤਾਂ ਮੈਂ ਅਜਿਹਾ ਕਰਨਾ ਸੀ। ਜੇ ਮੈਨੂੰ ਆਪਣੇ ਲਈ ਕੋਈ ਲਾਇਸੈਂਸ ਜਾਂ ਪਰਮਿਟ ਦੀ ਜ਼ਰੂਰਤ ਹੁੰਦੀ, ਤਾਂ ਮੈਂ ਉੱਥੇ ਹੀ ਹੁੰਦਾ। ਲਾਇਸੈਂਸ ਲੈਣ ਅਤੇ ਪਰਮਿਟ ਲੈਣ ਵਾਲੇ ਵਿਅਕਤੀ ਹੀ ਉਸਦੇ ਭਾਈਚਾਰੇ ਦੀ ਕੀਮਤ 'ਤੇ ਅਜਿਹਾ ਕਰ ਸਕਦੇ ਹਨ। ਉਹ ਵਿਅਕਤੀ ਆਪਣੇ ਆਪ ਲਈ ਕੁੱਝ ਵੀ ਕਰੇਗਾ ਅਤੇ ਆਪਣੇ ਭਾਈਚਾਰੇ ਲਈ ਕੁੱਝ ਵੀ ਨਹੀਂ ਕਰੇਗਾ। ਇਹ ਉਹ ਤਜਰਬਾ ਹੈ ਜੋ ਮੈਂ ਉਸ ਸਮੇਂ ਦੌਰਾਨ ਹਾਸਲ ਕੀਤਾ ਹੈ ਜਦੋਂ ਮੈਂ ਕਾਂਗਰਸ ਸਰਕਾਰ ਵਿਚ ਕੰਮ ਕਰ ਰਿਹਾ ਸੀ।

ਅੰਗਰੇਜ਼ ਲੋਕ, ਭਾਰਤ ਵਿਚ ਉਨ੍ਹਾਂ ਦੇ ਰਾਜ ਦੌਰਾਨ ਸਾਡੇ ਭਾਈਚਾਰੇ ਦੀ ਭਲਾਈ ਲਈ ਕਰ ਸਕਦੇ ਸਨ, ਕੀ ਉਹ ਚਾਹੁੰਦੇ ਸਨ; ਪਰ ਉਹਨਾਂ ਸਾਨੂੰ ਧੋਖਾ ਦਿੱਤਾ। ਹੁਣ ਉਹ ਸਮਾਂ ਲੰਘ ਚੁੱਕਾ ਹੈ ਅਤੇ ਇਕ ਹੋਰ ਪੜਾਅ ਆ ਗਿਆ ਹੈ। ਜੇ ਇਸ ਵੇਲੇ ਵੀ ਅਸੀ ਸਾਵਧਾਨ ਨਹੀਂ ਹੋਵਾਂਗੇ ਅਤੇ ਅਸੀ ਆਪਣੀਆਂ ਅੱਖਾਂ ਬੰਦ ਰੱਖੀਆਂ, ਤਾਂ ਅਸੀ ਬਰਬਾਦ ਹੋ ਜਾਵਾਂਗੇ। ਜੇ ਤੁਸੀ ਚਾਹੁੰਦੇ ਹੋ ਕਿ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੁੱਖੀ ਨਾਂ ਹੋਣ ਜਿਵੇਂ ਤੁਸੀ ਹੁਣ ਦੁਖੀ ਹੋ ਰਹੇ ਹੋ, ਤਾਂ ਤੁਹਾਨੂੰ ਇਸ ਲਈ ਕੁੱਝ ਕਰਨਾ ਚਾਹੀਦਾ ਹੈ। ਜਦੋਂ ਤੁਸੀ ਰੁੱਖ ਬੀਜਦੇ ਹੋ, ਤੁਹਾਨੂੰ ਕੁੱਝ ਸਮੇਂ ਬਾਅਦ ਫਲ ਮਿਲਦਾ ਹੈ। ਮੈਂ ਤੁਹਾਨੂੰ ਦਬਾਉ ਦੇ ਕੇ ਕਹਿਣਾਂ ਚਾਹੁੰਦਾ ਹਾਂ ਕਿ ਅਸੈਂਬਲੀਆਂ ਅਤੇ ਸੰਸਦਾਂ ਵਿਚ ਸੀਟਾਂ ਦੀ ਰਿਜ਼ਰਵੇਸ਼ਨ ਕੇਵਲ 10 ਸਾਲਾਂ ਲਈ ਹੈ। ਹਾਲਾਂਕਿ ਮੈਂ ਇਹ ਚਾਹੁੰਦਾ ਸੀ ਕਿ ਭਾਰਤ ਵਿਚ ਛੂਤ-ਛਾਤ ਦਾ ਪ੍ਰਚਲਿਣ ਨਾਂ ਰਹੇ, ਸਾਡੇ ਆਪਣੇ ਲੋਕ ਜੋ ਕਾਂਗਰਸ ਦੀਆਂ ਟਿਕਟ 'ਤੇ ਸੰਸਦ ਮੈਂਬਰ ਬਣ ਗਏ ਸਨ, ਉਨ੍ਹਾਂ ਨੇ ਮੈਨੂੰ ਹਾਈ ਕਾਸਟ ਦੇ ਮੈਂਬਰਾਂ ਬਾਰੇ ਬੋਲਣ ਤੋਂ ਰੋਕਿਆ।

ਨਾਂ ਸੋਚਣ ਨਾਲੋ ਕੁੱਝ ਸੋਚਣਾ ਵਧੀਆ ਹੈ। ਮੈਂ ਸਹਿਮਤ ਹਾਂ ਕਿ ਰਿਜ਼ਰਵੇਸ਼ਨ ਬੇਸ਼ਕ 10 ਸਾਲ ਤਕ ਹੋ ਸਕਦੀ ਹੈ ਅਤੇ ਸਾਡੇ ਲੋਕਾਂ ਲਈ ਕੁੱਝ ਸੁਰੱਖਿਅਤ ਹੋ ਸਕਦੀ ਹੈ। ਰਾਖਵਾਂਕਰਨ ਸਿਰਫ ਦੋ ਚੋਣਾਂ ਲਈ ਹੀ ਹੈ ਅਤੇ ਕੇਵਲ ਉਸ ਸਮੇਂ ਤੱਕ, ਕਾਂਗਰਸ ਵਰਗੀਆਂ ਚਾਹਵਾਨ ਧਿਰਾਂ ਤੁਹਾਡੇ ਕੋਲ ਆਉਣਗੀਆਂ ਹਨ ਅਤੇ ਵੋਟਾਂ ਲਈ ਬੇਨਤੀ ਕਰਨਗੀਆਂ ਅਤੇ ਇਸ ਤਰ੍ਹਾਂ, 10 ਸਾਲਾਂ ਦਾ ਇਹ ਸਮਾਂ ਲੰਘ ਜਾਵੇਗਾ ਅਤੇ ਉਸ ਸਮੇਂ ਇਸ ਰਿਜ਼ਰਵੇਸ਼ਨ ਨੂੰ ਅਗੇ ਵਧਉਣ ਦੀ ਮੰਗ ਕਰਨ ਲਈ ਕੋਈ ਵੀ ਸੰਸਥਾ ਨਹੀਂ ਹੋਵੇਗੀ। ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ, ਤੁਸੀ ਫਿਰ ਕੀ ਕਰੋਗੇ? ਕੀ ਇਹ ਕਾਂਗਰਸੀ ਲੋਕ ਤੁਹਾਡੇ ਕੋਲ ਆਉਣਗੇ ਅਤੇ ਤੁਹਾਨੂੰ ਆਪਣੀਆਂ ਟਿਕਟਾਂ 'ਤੇ ਖੜ੍ਹੇ ਕਰਨ ਦੀ ਬੇਨਤੀ ਕਰਨਗੇ? ਯਕੀਨਨ ਨਹੀਂ। ਉਹ ਅਜਿਹੇ ਮੂਰਖ ਨਹੀ ਹਨ। ਉਹ ਤੁਹਾਨੂੰ ਮੂਰਖ ਬਣਾਉਣਾ ਚਾਹੁੰਦੇ ਹਨ। ਇਹ ਕਾਂਗਰਸੀ ਲੋਕ ਉਨ੍ਹਾਂ ਲੋਕਾਂ ਦੇ ਚਿਹਰੇ 'ਤੇ ਵੀ ਥੁੱਕਣਗੇ ਵੀ ਨਹੀ ਜੋ ਕਾਂਗਰਸ ਦੀਆਂ ਟਿਕਟਾਂ ਦੀ ਮੰਗ ਕਰ ਰਹੇ ਹਨ। ਇਸ ਲਈ ਤੁਹਾਨੂੰ ਸਭ ਨੂੰ ਇਸ ਸਮੱਸਿਆ 'ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਫਿਰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕਿਸ ਉਮੀਦਵਾਰ ਨੂੰ ਤੁਸੀ ਵੋਟ ਪਾਉਣਾ ਹੈ।

ਹਰ ਪਾਰਟੀ ਕੋਲ ਸ਼ਕਤੀ ਜਾਂ ਪੈਸਾ ਹੋਣਾ ਚਾਹੀਦਾ ਹੈ। ਸਾਡੇ ਸਮਾਜ ਵਿੱਚ ਨਾ ਤਾਂ ਕੋਈ ਪੈਸਾ ਹੈ ਤੇ ਨਾ ਹੀ ਕੋਈ ਸ਼ਕਤੀ। ਅਸੀ ਪਿੰਡਾਂ 'ਚ ਘਟ ਗਿਣਤੀ ਵਿਚ ਇਨ੍ਹਾਂ ਉੱਚੀਆਂ ਜਾਤਾਂ ਦੇ ਲੋਕਾਂ ਦੀ ਰਹਿਮੋਕਰਮ 'ਤੇ ਰਹਿ ਰਹੇ ਹਾਂ। ਬਨੀਆ ਅਤੇ ਮਾਰਵਾੜੀ ਆਦਿ ਸ਼ਕਤੀਸ਼ਾਲੀ ਨਹੀਂ ਵੀ ਹਨ ਪਰ ਉਨ੍ਹਾਂ ਕੋਲ ਪੈਸਾ ਹੈ ਪੈਸੇ ਨਾਲ ਉਹ ਕੁੱਝ ਵੀ ਖਰੀਦ ਸਕਦੇ ਹਨ। ਇਸ ਲਈ ਇਹ ਤੁਹਾਡੇ ਲਈ ਕੁੱਝ ਕਰਨ ਦਾ ਮੌਕਾ ਹੈ। ਜੇ ਤੁਸੀ ਇੱਕ ਹੋ, ਤੁਸੀ ਆਪਣੇ ਪ੍ਰਤਿਨਿਧਾਂ ਨੂੰ ਤੁਹਾਡੇ ਹਿੱਤਾਂ ਦੀ ਰਾਖੀ ਲਈ ਅਸੈਂਬਲੀਆਂ ਅਤੇ ਪਾਰਲੀਮੈਂਟ ਨੂੰ ਭੇਜ ਸਕਦੇ ਹੋ; ਨਹੀਂ ਤਾਂ ਤੁਹਾਨੂੰ ਬਰਬਾਦ ਕੀਤਾ ਜਾਵੇਗਾ। ਇਸ ਲਈ ਤੁਹਾਨੂੰ ਆਪਣੇ ਭਾਈਚਾਰੇ ਨੂੰ ਅਰਾਜਕਤਾ ਤੋਂ ਕੱਢਣ ਲਈ ਅਨੁਸੂਚਿਤ ਜਾਤੀ ਫੈਡਰੇਸ਼ਨ ਦੇ ਬੈਨਰ ਹੇਠ ਇਕਜੁੱਟ ਹੋਣਾ ਚਾਹੀਦਾ ਹੈ। ਹਰ ਇੱਕ ਅਛੂਤ ਨੂੰ ਆਪਣੇ ਸੱਚੇ ਪ੍ਰਤੀਨਿਧਾਂ ਦੀ ਚੋਣ ਕਰਨ ਵਿੱਚ ਫੈਡਰੇਸ਼ਨ ਦੀ ਮਦਦ ਕਰਨੀ ਚਾਹੀਦੀ ਹੈ। ਕਈ ਪਾਰਟੀਆਂ ਤੁਹਾਡੇ ਕੋਲ ਆਉਂਦੀਆਂ ਹਨ ਅਤੇ ਵੋਟਾਂ ਮੰਗਦੀਆਂ ਹਨ ਪਰ ਉਹਨਾਂ ਦੁਆਰਾ ਗੁੰਮਰਾਹ ਨਹੀਂ ਹੋਣਾ।

ਕੁੱਝ ਦਿਨ ਪਹਿਲਾਂ ਪੰਡਿਤ ਨਹਿਰੂ ਇੱਥੇ ਆਏ ਸਨ। ਮੈਨੂੰ ਇਹ ਸੂਚਨਾ ਦਿੱਤੀ ਗਈ ਸੀ ਕਿ ਦੋ ਤਿੰਨ ਲੱਖ ਲੋਕ ਉਸ ਨੂੰ ਸੁਣਨ ਲਈ ਇਕੱਠੇ ਹੋਏ। ਮੈਂ ਨਹੀਂ ਜਾਣਦਾ ਕਿ ਕੱਲ੍ਹ ਕਿੰਨੇ ਲੋਕ ਇੱਥੇ ਸਨ ਜਦੋਂ ਮੈਂ ਜਲੰਧਰ ਗਿਆ ਹੋਇਆ ਸੀ। 30 ਹਜ਼ਾਰ ਤੋਂ ਲੋਕ ਇਕੱਠੇ ਹੋਏ ਪਰ ਪ੍ਰੈੱਸਾਂ ਨੇ ਪ੍ਰਕਾਸ਼ਤ ਕੀਤਾ ਕਿ ਉੱਥੇ ਦੋ ਲੱਖ ਤੋਂ ਜ਼ਿਆਦਾ ਲੋਕ ਇਕੱਠੇ ਹੋਏ ਸਨ। ਮੈਂ ਤੁਹਾਨੂੰ ਕੀ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਕਾਂਗਰਸ ਦੀ ਕੋਈ ਕਾਨਫਰੰਸ ਹੋਵੇ, ਭਾਵੇਂ ਕਿ ਦਰਸ਼ਕ ਬਹੁਤ ਘੱਟ ਹੋਣ, ਉਹ ਇਹ ਪ੍ਰਕਾਸ਼ਿਤ ਕਰਨਗੇ ਕਿ ਵੱਡੇ ਇਕੱਠ ਨੇ ਕਾਨਫਰੰਸ ਨੂੰ ਵੇਖਿਆ ਹੈ। ਪੰਜਾਂ ਲਈ ਉਹ ਪੰਜਾਹ ਕਹਿਣਗੇ, ਪੰਜਾਹ ਲਈ ਪੰਜ ਸੌ ਕਹਿਣਗੇ, ਪੰਜ ਸੌ ਲਈ ਉਹ ਪੰਜਾਹ ਹਜ਼ਾਰ ਕਹਿਣਗੇ ਅਤੇ ਪੰਜਾਹ ਹਜ਼ਾਰ ਲਈ ਪੰਜ ਲੱਖ ਦੀ ਰਿਪੋਰਟ ਕਰਨਗੇ। ਮੈਂ ਪ੍ਰੈਸ ਦੀ ਇਸ ਆਲੋਚਨਾ ਨੂੰ ਧਿਆਨ ਵਿਚ ਨਹੀਂ ਰੱਖਦਾ। ਉਨ੍ਹਾਂ ਸਾਰਿਆਂ ਨੇ ਇੰਨੇ ਸਾਲਾਂ ਤੋਂ ਮੇਰੇ ਦੀ ਆਲੋਚਨਾ ਕੀਤੀ ਹੈ ਪਰ ਇਸ ਦੇ ਬਾਵਜੂਦ ਮੈਂ ਸਰੀਰਕ ਤੌਰ ਤੇ ਮਾਨਸਿਕ ਤੌਰ ਤੇ ਵੀ ਤਰੱਕੀ ਕੀਤੀ ਹੈ। ਮੈਂ ਵੱਡੇ ਇਕੱਠਾਂ ਦੀ ਗਵਾਹੀ ਨਹੀ ਦਿੰਦਾ। ਮੈਂ ਜੋ ਚਾਹੁੰਦਾ ਹਾਂ ਉਹ ਇਹ ਹੈ ਕਿ ਸਾਡੇ ਲੋਕਾਂ ਨੂੰ ਇਨ੍ਹਾਂ ਹਿੰਦੂ ਜਾਤੀਆਂ ਦੇ ਜ਼ੁਲਮਾਂ ਦੇ ਖਿਲਾਫ਼ ਲੜਨ ਲਈ ਆਪਣੇ ਆਪ ਨੂੰ ਸੰਗਠਿਤ ਕਰਨਾ ਚਾਹੀਦਾ ਹੈ। ਮੈਂ ਚਾਹੁੰਦਾ ਹਾਂ ਕਿ ਸਾਡੇ ਲੋਕਾਂ ਨੂੰ ਮੇਰੀ ਗੱਲ ਸੁਣਨੀ ਚਾਹੀਦੀ ਹੈ। ਭਾਵੇਂ ਉਹ ਛੋਟੀਆਂ-ਛੋਟੀਆਂ ਸੰਖਿਆ ਜਾਂ ਵੱਡੀ ਸੰਖਿਆ ਵਿੱਚ ਇਕੱਠ ਕਰਦੇ ਹਨ, ਇਹ ਮਹੱਤਵਪੂਰਣ ਨਹੀਂ ਹੈ। ਅਤੇ ਇਹ ਅਨੁਸੂਚਿਤ ਜਾਤੀ ਫੈਡਰੇਸ਼ਨ ਨੇ ਇਕ ਚੋਣ ਘੋਸ਼ਣਾ ਪੱਤਰ ਵੀ ਪ੍ਰਕਾਸ਼ਿਤ ਕੀਤਾ ਹੈ।

ਹਰ ਰਾਜਨੀਤਕ ਪਾਰਟੀ ਨੇ ਆਪਣਾ ਮੈਨੀਫੈਸਟੋ/ਐਲਾਨ ਪੱਤਰ ਜਾਰੀ ਕੀਤਾ ਹੈ, ਹਰ ਪਾਰਟੀ ਵਾਅਦਾ ਕਰਦੀ ਹੈ ਕਿ ਜੇਕਰ ਇਹ ਸੱਤ੍ਹਾ ਵਿਚ ਆਉਂਦੀ ਹੈ ਤਾਂ ਉਹ ਇਹ ਕਰੇਗੀ, ਔਹ ਕਰੇਗੀ, ਕਾਂਗਰਸ ਨੇ ਇਕ ਬਹੁਤ ਵੱਡਾ ਮੈਨੀਫੈਸਟੋ ਵੀ ਪ੍ਰਕਾਸ਼ਿਤ ਕੀਤਾ ਹੈ ਪਰ ਜਦੋਂ ਇਹ ਉਹਨਾਂ ਇਹ ਦੇਖਿਆ ਕਿ ਆਮ ਲੋਕ ਇਸ ਨੂੰ ਨਹੀਂ ਸਮਝਣਗੇ, ਉਨ੍ਹਾਂ ਨੇ ਇਸ ਵਿਚ ਸੋਧ ਕੀਤੀ ਅਤੇ ਉਸ ਨੂੰ ਕੰਪਰੈਸ ਕਰ ਛੋਟੇ ਜਿਹਾ ਬਣਾ ਦਿੱਤਾ। ਮੈਂ ਉਮੀਦ ਕਰਦਾ ਹਾਂ ਅਤੇ ਉਨ੍ਹਾਂ ਦਾ ਮੈਨੀਫੈਸਟੋ ਛੋਟਾ ਤੋਂ ਹਾਰ ਛੋਟਾ ਹੁੰਦਾ ਜਾਵੇਗਾ ਅਤੇ ਇੱਕ ਦਿਨ ਆਵੇਗਾ ਜਦੋਂ ਕਾਂਗਰਸ ਦੇ ਕੋਈ ਮੈਨੀਫੈਸਟੋKਐਲਾਨ ਪੱਤਰ ਨਹੀਂ ਹੋਵੇਗਾ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਨੀਫੈਸਟੋ ਵਿਚ ਕੀ ਹੋਣਾ ਚਾਹੀਦਾ ਹੈ ਅਤੇ ਕੀ ਨਹੀ ਹੋਣਾ ਚਾਹੀਦਾ। ਮੈਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਪਤਾ ਕਰਨ ਲਈ ਇਕ ਕਮੇਟੀ ਦਾ ਗਠਨ ਕੀ ਪਤਾ ਕਰਨ ਕਿ ਸਭ ਤੋਂ ਵਧੀਆ ਮੈਨੀਫੈਸਟੋ ਕਿਸ ਦਾ ਹੈ ਅਤੇ ਮੈਨੂੰ ਇਸ ਗੱਲ ਦਾ ਕੋਈ ਸ਼ੱਕ ਨਹੀ ਹੈ ਕਿ ਸਾਡਾ ਮੈਨੀਫੈਸਟੋ ਸਭ ਤੋਂ ਵਧੀਆ ਹੈ। ਸਾਰੀਆਂ ਪਾਰਟੀਆਂ ਨੇ ਲੋਕਾਂ ਲਈ ਆਪਣੇ ਮੈਨੀਫੈਸਟੋ ਵਿਚ ਬਹੁਤ ਸਾਰੀਆਂ ਚੀਜ਼ਾਂ ਦਾ ਵਾਅਦਾ ਕੀਤਾ ਹੈ। ਲੋਕਾਂ ਲਈ ਆਪਣੇ ਮੈਨੀਫੈਸਟੋ ਵਿਚ ਬਹੁਤ ਸਾਰੀਆਂ ਚੀਜ਼ਾਂ ਦਾ ਵਾਅਦਾ ਕਰਨਾ ਸੌਖਾ ਹੈ ਪਰ ਇਸ ਨੂੰ ਪੂਰਾ ਕਰਨਾਂ ਮੁਸ਼ਕਿਲ ਹੈ। ਜੇ ਤੁਸੀ ਇੱਕ ਚੀਜ਼ ਲਈ ਵਾਅਦਾ ਕਰਦੇ ਹੋ ਤਾਂ ਤੁਸੀ ਇੱਕ ਸੌ ਦਾ ਵਾਅਦੇ ਕਰ ਸਕਦੇ ਹੋ। ਮੈਨੀਫੈਸਟੋ ਸਿਰਫ ਵਾਅਦਿਆਂ ਦੀ ਸੂਚੀ ਨਹੀਂ ਹੋਣੀ ਚਾਹੀਦੀ। ਇਸ ਵਿਚ ਸਮੱਸਿਆਵਾਂ ਨਾਲ ਕਿਵੇਂ ਨਜਿੱਠਣ ਦਾ ਹੱਲ ਚਾਹੀਦਾ ਹੈ, ਕੀ ਕਾਂਗਰਸ ਦੇ ਮੈਨੀਫੈਸਟੋ 'ਚ ਅਜਿਹਾ ਕੁੱਝ ਹੈ?

ਕਾਂਗਰਸ ਦੇ ਮੈਨੀਫੈਸਟੋKਐਲਾਨ ਪੱਤਰ ਇਕੋ ਗੱਲ ਮੁਸਲਿਮ ਸਮੱਸਿਆ ਤੋਂ ਪ੍ਰਭਾਵਿਤ ਹੈ। ਇਸਦੇ ਅਨੁਸਾਰ, ਦੇਸ਼ ਦੇ ਸਾਹਮਣੇ ਕੋਈ ਹੋਰ ਸਮੱਸਿਆ ਨਹੀਂ ਹੈ। ਕੀ ਕੋਈ ਵੀ ਇਸ ਨਾਲ ਸਹਿਮਤ ਹੋ ਸਕਦਾ ਹੈ? ਬੇਸ਼ਕ, ਮੁਸਲਿਮ ਸਮੱਸਿਆ ਉਦੋਂ ਸੀ ਜਦੋਂ ਭਾਰਤ ਇੱਕ ਜੁੱਟ ਸੀ ਅਤੇ ਜਦੋਂ ਪਾਕਿਸਤਾਨ ਨਹੀਂ ਸੀ, ਪਰ ਫਿਰ ਵੀ ਇਹ ਇਕੋ ਇਕ ਸਮੱਸਿਆ ਨਹੀਂ ਸੀ। ਇਕੋ ਇਕ ਮੁਸਲਮਾਨ ਪਾਕਿਸਤਾਨ ਚਲੇ ਗਏ ਹਨ, ਹਿੰਦੂ, ਸਿੱਖ ਅਤੇ ਹੋਰ ਘੱਟ ਗਿਣਤੀ ਭਾਰਤ ਵਿਚ ਹਨ। ਕੀ ਤੁਹਾਨੂੰ ਲਗਦਾ ਹੈ ਕਿ ਭਾਰਤ ਮੁਸਲਿਮ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ? ਕੀ ਤੁਸੀ ਸਹਿਮਤ ਹੋ, ਕਿ ਜੋ ਮੁਸਲਮਾਨਾਂ ਨਾਲੋਂ ਵੀ ਦਸ ਗੁਣਾ ਗਰੀਬ ਅਤੇ ਪਿਛੜੇ ਹੋਏ ਹਨ ਕੀ ਦਲਿਤ ਜਮਾਤਾਂ ਲਈ ਕੁੱਝ ਨਹੀਂ ਕੀਤਾ ਜਾਣਾ ਚਾਹੀਦਾ? ਇਥੇ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ ਅਤੇ ਅਪਰਾਧਿਕ ਜਨਜਾਤੀਆਂ ਹਨ, ਜਿਨ੍ਹਾਂ ਵਲ ਸਰਕਾਰ ਨੂੰ ਸਭ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਪਰ ਕਾਂਗਰਸੀਆਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਫਿਰਕੂ ਢੰਗ ਨਾਲ ਸੋਚਣਾ ਨਹੀਂ ਚਾਹੀਦਾ, ਅਤੇ ਇਨ੍ਹਾਂ ਪਛੜੀਆਂ ਸ਼੍ਰੇਣੀਆਂ ਲਈ ਕੁੱਝ ਵਿਸ਼ੇਸ਼ ਅਧਿਕਾਰਾਂ ਦੀ ਮੰਗ ਨਹੀ ਕਰਨੀ ਚਾਹੀਦੀ।

ਦੂਸਰੀ ਸਮੱਸਿਆ ਭਾਰਤ ਵਿਚ ਗਰੀਬੀ ਦੀ ਹੈ। ਭਾਰਤ ਦੇ ਲੋਕ ਬਹੁਤ ਜ਼ਿਆਦਾ ਗਰੀਬ ਹਨ, ਇਸ ਲਈ 90 ਫੀਸਦੀ ਲੋਕਾਂ ਨੂੰ ਠੀਕ ਢੰਗ ਦੀ ਖਾਣਾ ਵੀ ਨਹੀਂ ਮਿਲਦਾ। ਉਹ ਪੂਰੇ ਕੱਪੜੇ ਵੀ ਨਹੀਂ ਪਾ ਸਕਦੇ ਉਨ੍ਹਾਂ ਕੋਲ ਕੋਈ ਘਰ ਵੀ ਨਹੀ ਹੈ। ਹਰ ਸਾਲ ਕਰੋੜਾਂ ਰੁਪਏ ਦੇ ਖਾਣ ਦੀਆਂ ਵਸਤਾਂ ਨੂੰ ਮੰਗਵਾਉਣ ਲਈ ਖਰਚ ਕੀਤੇ ਜਾ ਰਹੇ ਹਨ। ਜੇ ਸਾਨੂੰ ਬਾਹਰੋਂ ਖਾਣ-ਪੀਣ ਵਾਲੀਆਂ ਚੀਜ਼ਾਂ ਵੀ ਮੰਗਾਉਣੀਆਂ ਪੈਂਦੀਆਂ ਹਨ ਅਤੇ ਇੰਨੇ ਪੈਸੇ ਖਰਚਣੇ ਪੈਣ ਤਾਂ ਅਸੀ ਕਿਵੇਂ ਅਗੇ ਕਿਦਾਂ ਵਧ ਸਕਦੇ ਹਾਂ? ਪਰ ਕਾਂਗਰਸੀਆਂ ਦੇ ਮਨ ਵਿਚ ਇਨ੍ਹਾਂ ਸਾਰੀਆਂ ਸਮਸਿਆਵਾਂ ਲਈ ਕੋਈ ਜਗ੍ਹਾ ਨਹੀਂ ਹੈ। ਉਨ੍ਹਾਂ ਨੂੰ ਹੱਲ ਕਰਨ ਲਈ ਕੇਵਲ ਇਕ ਸਮੱਸਿਆ ਹੈ ਅਤੇ ਇਹ ਮੁਸਲਿਮ ਸਮੱਸਿਆ ਹੈ। ਮੈਂ ਤੁਹਾਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਅਸੀ ਅਨੁਸੂਚਿਤ ਜਾਤੀ ਫੈਡਰੇਸ਼ਨ ਦੁਆਰਾ ਆਗਾਮੀ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਕਰ ਰਹੇ ਹਾਂ। ਅਨੁਸੂਚਿਤ ਜਾਤੀ ਫੈਡਰੇਸ਼ਨ ਵਿਚ ਸਾਰੇ ਪਛੜੇ ਵਰਗਾਂ ਲਈ ਹੈ। ਹਰ ਪੱਛੜੇ ਵਰਗ ਨੂੰ ਪ੍ਰਤਿਨਿਧਤਾ ਦਿੱਤੀ ਜਾਵੇਗੀ। ਕਿਸੇ ਨੂੰ ਇਸ ਤੋਂ ਡਰਨਾ ਨਹੀ ਚਾਹੀਦਾ। ਚਮਾਰ ਅਤੇ ਭੰਗੀਆਂ ਸਾਰੇ ਬਰਾਬਰ ਹਨ। ਸਾਨੂੰ ਇਕਜੁੱਟ ਹੋਣਾ ਚਾਹੀਦਾ ਹੈ ਅਤੇ ਕਿਸੇ ਨੂੰ ਆਪਣੇ ਆਪ ਨੂੰ ਦੂਜੇ ਤੋਂ ਅਲੱਗ ਨਹੀਂ ਕਰਨਾ ਚਾਹੀਦਾ। ਮੈਂ ਸਾਰੇ ਮਰਦਾਂ ਅਤੇ ਔਰਤਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਪੋਲਿੰਗ ਦੇ ਦਿਨ ਹਰ ਚੀਜ਼ ਨੂੰ ਛੱਡ ਦੇਣ ਅਤੇ ਪੋਲਿੰਗ ਬੂਥਾਂ ਤੇ ਜਾਣ ਅਤੇ ਆਪਣੇ ਵੋਟ ਪਾਉਣ। ਪਹਿਲਾਂ ਹੀ ਸਾਡੇ ਵੋਟ ਜਿਆਦਾ ਨਹੀ ਹਨ ਅਤੇ ਜੇਕਰ ਵੋਟਰਾਂ ਨੇ ਉਸ ਦਿਨ ਆਪਣੀਆਂ ਵੋਟ ਨਾ ਪਾਈਆਂ ਤਾਂ ਸਾਡੇ ਲਈ ਇਹ ਚੰਗਾ ਨਹੀ ਹੋਵੇਗਾ। ਅਸੀ ਪ੍ਰਤੀਨਿਧਤਵ ਤੋਂ ਵਾਂਝੇ ਹੋਵਾਂਗੇ। ਚੋਣਾਂ ਦਾ ਦਿਨ ਅਨੁਸੂਚਿਤ ਜਾਤੀ ਲਈ ਉਹ ਦਿਨ ਹੈ ਜੋ ਉਹਨਾਂ ਲਈ ਜ਼ਿੰਦਗੀKਮੌਤ ਦਾ ਦਿਨ ਹੈ।

ਸਾਰੀਆਂ ਸਿਆਸੀ ਪਾਰਟੀਆਂ ਜੋ ਕਿ ਆਉਣ ਵਾਲੀਆਂ ਚੋਣਾਂ ਵਿਚ ਹਿੱਸਾ ਲੈ ਰਹੀਆਂ ਹਨ, ਨੇ ਇਕ ਪਾਰਟੀ ਦਾ ਚਿੰਨ੍ਹ ਜਾਰੀ ਕੀਤਾ ਹੈ। ਸਾਡਾ ਸੰਗਠਨ ਦਾ ਚੋਣ ਚਿੰਨ ਹਾਥੀ ਹੈ 'ਮੈਂ ਇਹ ਚੁਣਿਆ ਹੈ ਤਾਂ ਜੋ ਸਾਡੇ ਲੋਕਾਂ ਦੇ ਮਨ ਵਿਚ ਕੋਈ ਉਲਝਣ ਨਾ ਪਵੇ। ਕੁੱਝ ਪਾਰਟੀਆਂ ਨੇ ਚੋਣ ਨਿਸ਼ਾਨ ਬਲਦ, ਘੋੜੇ, ਗਧਿਆਂ ਨੂੰ ਆਪਣੇ ਚਿੰਨ੍ਹ ਵਜੋਂ ਚੁਣਿਆ। ਪਰ ਭਿੰਨਤਾ ਲਈ ਮੈਂ 'ਹਾਥੀ' ਦਾ ਚੋਣ ਕੀਤਾ ਹੈ।'

ਇਸ ਸਮੇਂ ਸਾਡੇ ਕੋਲ ਵੋਟਿੰਗ ਦੀ ਕੋਮੂਲੇਟਿਵ ਪ੍ਰਨਾਲੀ (ਸਾਰੇ ਵਰਗਾਂ ਦੇ ਪ੍ਰਤਿਨਿਧੀ ਦੇ ਜੋੜ ਵਾਲੀ) ਨਹੀਂ ਹੋਵੇਗੀ, ਤਾਂ ਜੋ ਅਸੀ ਆਪਣੀ ਚੋਣ ਦੇ ਕਿਸੇ ਵੀ ਉਸ ਉਮੀਦਵਾਰ ਨੂੰ ਆਪਣੇ ਸਾਰੇ ਵੋਟ ਦੇ ਸਕੀਏ ਪਰ ਆਪਣੀ ਵੋਟ ਆਪਣੇ ਇਕੋ ਇਕ ਉਮੀਦਵਾਰ ਨੂੰ ਹੀ ਪਾ ਸਕਦੇ ਹਾਂ। ਪਰ ਸਾਡੇ ਕੋਲ ਵੋਟਾਂ ਦਾ ਵੰਡਵਾ ਪ੍ਰਬੰਧ ਵੀ ਹੋਵੇਗਾ, ਅਸੀ ਆਪਣੀਆਂ ਵੋਟਾਂ ਉਮੀਦਵਾਰਾ ਵਿਚ ਵੰਡੀਆਂ ਜਾ ਸਕਦੀਆਂ ਹੋਣਗੀਆਂ। ਸੰਵਿਧਾਨਿਕ ਤੌਰ 'ਤੇ ਅਨੁਸੂਚਿਤ ਜਾਤਾਂ ਲਈ ਇਕ ਸੀਟ ਰਾਖਵੀਂ ਕੀਤੀ ਗਈ ਹੈ, ਲੋਕਾਂ ਦੇ ਕੋਲ ਦੋ ਵੋਟਾਂ ਹੋਣਗੀਆਂ, ਇਕ ਓਪਨ ਸੀਟ ਲਈ ਅਤੇ ਇਕ ਰਿਜ਼ਰਵ ਸੀਟ ਲਈ। ਅਸੀ ਆਪਣੀ ਦੋਵਾਂ ਵੋਟਾਂ ਉਮੀਦਵਾਰ ਨੂੰ ਨਹੀ ਦੇ ਸਕਦੇ ਜੋ ਰਿਜ਼ਰਵਡ ਸੀਟ ਲਈ ਖੜ੍ਹਾ ਹੈ। ਅਸੀ ਉਨ੍ਹਾਂ ਦੇ ਪੱਖ ਵਿੱਚ ਸਿਰਫ ਇਕ ਵੋਟ ਹੀ ਪਾ ਸਕਦੇ ਅਤੇ ਦੂਜੀ ਵੋਟ ਓਪਨ ਸੀਟ 'ਤੇ ਖੜ੍ਹੇ ਦੂਜੇ ਉਮੀਦਵਾਰ ਨੂੰ ਦਿੱਤੀ ਜਾਣੀ ਚਾਹੀਦੀ ਹੈ। ਇਸ ਲਈ ਸਾਨੂੰ ਕਿਸੇ ਪਾਰਟੀ ਨਾਲ ਸਮਝੌਤਾ ਕਰਨਾ ਪਵੇਗਾ ਜੋ ਆਪਣੇ ਉਮੀਦਵਾਰ ਨੂੰ ਆਪਣੀ ਦੂਜੀ ਵੋਟ ਦੇਣਗੇ ਅਤੇ ਬਦਲੇ ਵਿਚ ਸਾਡਾ ਦੂਜਾ ਵੋਟ ਪ੍ਰਾਪਤ ਕਰੇਗਾ। ਅਸੀ ਹਾਲੇ ਤਕ ਫੈਸਲਾ ਨਹੀਂ ਕੀਤਾ ਹੈ ਕਿ ਸਾਡੀ ਪਾਰਟੀ ਕਿਸ ਨਾਲ ਹੱਥ ਮਿਲਾਏਗੀ। ਬਹੁਤ ਸਾਰੀਆਂ ਪਾਰਟੀਆਂ ਨੇ ਸਾਡੇ ਨਾਲ ਗਠਜੋੜ ਲਈ ਸੰਪਰਕ ਕੀਤਾ ਹੈ ਪਰ ਹਾਲੇ ਤੱਕ ਕੋਈ ਵੀ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ। ਗੱਲਬਾਤ ਚੱਲ ਰਹੀ ਹੈ। ਸਾਨੂੰ ਕਿਸੇ ਵੀ ਪਾਰਟੀ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਕਈ ਵਾਰ ਸੋਚਣਾ ਪਵੇਗਾ। ਪਰ ਜੁੜਾਂਗੇ ਅਸੀ ਜਰੂਰ ਕਿਸੇ ਪਾਰਟੀ ਜਾਂ ਦੂਜੀ ਨਾਲ। ਅੰਤ ਵਿੱਚ ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਹਜ਼ਾਰਾਂ ਲੋਕ ਪੰਜਾਬ ਤੋਂ ਦਿੱਲੀ ਆਉਂਦੇ ਹਨ ਅਤੇ ਯੂ.ਪੀ. ਅਤੇ ਦੂਜੀਆਂ ਥਾਵਾਂ ਤੋਂ ਇਲਾਵਾ ਆਪਣੀਆਂ ਸ਼ਿਕਾਇਤਾਂ ਮੇਰੇ ਸਾਹਮਣੇ ਰੱਖਦੇ। ਕੁੱਝ ਸ਼ਿਕਾਇਤਾਂ ਕਰਦੇ ਹਨ ਕਿ ਉਨ੍ਹਾਂ ਨੂੰ ਜ਼ਿਮੀਦਾਰਾਂ ਦੁਆਰਾ ਕੁੱਟਿਆ ਗਿਆ ਹੈ ਅਤੇ ਜਦੋਂ ਉਹ ਸੰਬੰਧਿਤ ਅਧਿਕਾਰੀਆਂ ਕੋਲ ਪਹੁੰਚੇ ਤਾਂ ਉਨ੍ਹਾਂ ਦੇ ਹੀ ਵਿਰੁੱਧ ਫੈਸਲੇ ਲਏ ਗਏ ਕਿਉਂਕਿ ਅਧਿਕਾਰੀ ਸੱਤਾਧਾਰੀ ਲੋਕ ਉੱਚ ਜਾਤੀਆਂ ਦੇ ਨਾਲ ਸਬੰਧ ਰੱਖਦੇ ਹਨ। ਇਸ ਲਈ ਬਹੁਤ ਸਾਰੀਆਂ ਸ਼ਿਕਾਇਤਾਂ ਹਨ ਕਿ ਇਨ੍ਹਾਂ ਦਾ ਇਕੱਲੇ ਤੌਰ ਤੇ ਹੱਲ ਕਰਨਾ ਮੇਰੇ ਲਈ ਸੰਭਵ ਨਹੀਂ ਹੈ। ਬਹੁਤ ਸਾਰੇ ਲੋਕ ਨਿਰਾਸ਼ ਹੋ ਕੇ ਆਪਣੇ ਘਰਾਂ ਵਿਚ ਵਾਪਸ ਆਏ ਇਸ ਲਈ ਮੈਂ ਦਿੱਲੀ ਵਿਚ ਇਕ ਇਮਾਰਤ ਉਸਾਰਨ ਦਾ ਫੈਸਲਾ ਕੀਤਾ ਹੈ ਅਤੇ ਉੱਥੇ ਇਕ ਵਕੀਲ ਨੂੰ ਰੱਖਣ ਦਾ ਫੈਸਲਾ ਕੀਤਾ ਹੈ ਜੋ ਸਾਡੇ ਲੋਕਾਂ ਦੀਆਂ ਸ਼ਿਕਾਇਤਾਂ ਦੀ ਛਾਣਬੀਣ ਕਰੇਗਾ ਅਤੇ ਇਸ ਮਾਮਲੇ ਵਿਚ ਉਨ੍ਹਾਂ ਨੂੰ ਸਲਾਹ ਦੇਵੇਗਾ। ਅਸੀ ਇਸ ਮੰਤਵ ਲਈ ਪਹਿਲਾਂ ਹੀ ਨਵੀਂ ਦਿੱਲੀ ਇਕ ਜ਼ਮੀਨ ਦਾ ਟੁਕੜਾ ਖਰੀਦ ਲਿਆ ਹੈ ਅਤੇ ਉਸ ਜਗ੍ਹਾ ਤੇ ਅਸੀ ਇੱਕ ਇਮਾਰਤ ਉਸਾਰਨਾ ਚਾਹੁੰਦੇ ਹਾਂ ਜੋ ਕਿ ਫੈਡਰੇਸ਼ਨ ਦਾ ਮੁੱਖ ਦਫ਼ਤਰ ਹੋਵੇਗਾ। ਉਹ ਬਾਹਰ ਦੇ ਲੋਕ ਦੀ ਉੱਥੇ ਸਣਵਾਈ ਕਰਨਗੇ ਅਤੇ ਉਹਨਾਂ ਦੀਆਂ ਸ਼ਿਕਾਇਤਾਂ ਸੁਣੀਆਂ ਜਾਣਗੀਆਂ। ਸਾਡੇ ਕੋਲ ਇਸ ਇਮਾਰਤ ਦੀ ਉਸਾਰੀ ਲਈ ਲੋੜੀਂਦੇ ਫੰਡ ਨਹੀਂ ਹਨ, ਹਾਲਾਂਕਿ ਇਹ ਕੰਮ ਬਹੁਤ ਜ਼ਰੂਰੀ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਤੁਹਾਨੂੰ ਆਪਣੇ ਸਾਧਨਾਂ ਅਨੁਸਾਰ ਕੁੱਝ ਯੋਗਦਾਨ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਅਸੀ ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਜਾਵਾਂਗੇ। ਬਾਵਾ ਤੁਲਾ ਦਾਸ ਬਿਲਡਿੰਗ ਫੰਡ ਇਕਠਾ ਕਰਨ ਲਈ ਲਈ ਪੂਰੇ ਪੰਜਾਬ ਦਾ ਦੌਰਾ ਕਰਨਗੇ। ਮੈਂ ਇਕ ਵਾਰ ਫਿਰ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀ ਇਸ ਮਹਾਨ ਕਾਰਜ ਲਈ ਖੁੱਲੇ ਦਿਲ ਨਾਲ ਯੋਗਦਾਨ ਪਾਓ।

# ਕੀ ਹਿਸਟੀਰੀਆ ਇੱਕ ਮਾਨਸਿਕ ਰੋਗ ਹੈ?



ਡਾ ਅਜੀਤਪਾਲ ਸਿੰਘ ਐਮ ਡੀ
ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
91-98156-29301

ਭਾਰਤ ਵਿੱਚ ਇੱਕੀਵੀ ਸਦੀ ਵਿਚ ਵੀ ਔਰਤਾਂ ਆਪਣੀਆਂ ਮਨੋਭਾਵਨਾਵਾਂ ਨੂੰ ਠੀਕ ਤਰ੍ਹਾਂ ਜ਼ਾਹਰ ਨਹੀਂ ਕਰ ਸਕਦੀਆਂ, ਉਹ ਅੱਜ ਵੀ ਆਜ਼ਾਦ ਨਹੀਂ। ਬਹੁਤ ਸਾਰੀਆਂ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਉਹ ਮਨ ਹੀ ਮਨ ਵਿੱਚ ਦਬਾ ਕੇ ਰੱਖਦੀਆਂ ਹਨ ਤੇ ਤਣਾਅ ਵਿੱਚ ਰਹਿੰਦੀਆਂ ਹਨ, ਜਿਸ ਕਾਰਨ ਉਹ ਕਈ ਮਾਨਸਿਕ ਰੋਗਾਂ ਤੋ ਪੀੜਤ ਹੋ ਜਾਂਦੀਆਂ ਹਨ। ਮਨੋਵਿਗਿਆਨੀਆ ਅਨੁਸਾਰ ਜਵਾਨੀ ਵਿੱਚ ਯੌਨ ਭਾਵਨਾਵਾਂ ਨੂੰ ਦਬਾਇਆ ਜਾਂਦਾ ਹੈ। ਹਿਸਟੀਰੀਆ ਮੁੱਖ ਤੌਰ ਤੇ ਮਾਨਸਕ ਰੋਗ ਹੈ, ਜਿਸ ਦਾ ਦਿਮਾਗ ਨਾਲ ਡੂੰਘਾ ਸੰਬੰਧ ਹੈ ਪਰ ਇਸ ਵਿੱਚ ਵੀ ਕਿਸੇ ਕਿਸਮ ਦਾ ਸਥਾਈ ਮਾਨਸਿਕ ਵਿਗਾੜ ਨਹੀਂ ਪਾਇਆ ਜਾਂਦਾ ਹੈ। ਜ਼ਿਆਦਾਤਰ 15 ਤੋਂ 45 ਸਾਲਾਂ ਤੱਕ ਦੀਆਂ ਮੁਟਿਆਰਾਂ ਇਸ ਤੋਂ ਵੱਧ ਅਸਰਦਾਰ ਹੁੰਦੀਆਂ ਹਨ,ਪਰ ਜਦੋਂ ਤੱਕ ਔਰਤਾਂ ਨੂੰ ਮਾਂਹਵਾਰੀ ਪੰਦਰਾਂ ਤੋਂ ਪੰਤਾਲੀ ਸਾਲ ਦੀ ਉਮਰ ਤੱਕ ਆਉਂਦੀ ਰਹਿੰਦੀ ਹੈ, ਇਹ ਰੋਗ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

**ਕਾਰਨ-** ਯੌਨ ਇਛਾਵਾਂ ਨੂੰ ਦਬਾਅ ਕੇ ਰੱਖਣ ਨਾਲ ਲੜਕੀਆਂ ਨੂੰ ਬਹੁਤ ਮਾਨਸਿਕਤਾ ਤਣਾਅ ਅਤੇ ਸੰਘਰਸ਼ ਵਿੱਚ ਦੀ ਲੰਘਣਾ ਪੈਂਦਾ ਹੈ, ਫਿਰ ਮਾਨਸਿਕ ਤਣਾਅ ਅਤੇ ਸੰਘਰਸ਼ ਦੇ ਵੱਧ ਹੋਣ ਕਰਕੇ ਵੱਧ ਤੋਂ ਵੱਧ ਲੜਕੀਆਂ ਵਿੱਚ ਹਿਸਟੀਰੀਆ ਰੋਗ ਪੈਦਾ ਹੁੰਦਾ ਹੈ। ਕੁਝ ਲੜਕੀਆਂ ਦਾ ਵੱਡੀ ਉਮਰ ਤੱਕ ਵਿਆਹ ਨਹੀਂ ਹੋ ਸਕਦਾ ਅਜਿਹੀਆਂ ਲੜਕੀਆਂ ਜਦ ਆਪਣੀਆਂ ਯੌਨ ਇਛਾਵਾਂ ਨੂੰ ਦਬਾਕੇ ਰੱਖਦੀਆਂ ਹਨ ਤਾਂ ਮਾਨਸਿਕ ਤੌਰ ਤੇ ਹਿਸਟੀਰੀਆ ਰੋਗ ਦਾ ਸ਼ਿਕਾਰ ਹੋ ਜਾਂਦੀਆਂ ਹਨ। ਪਿਆਰ 'ਚ ਕਿਸੇ ਲੜਕੇ ਵੱਲੋਂ ਵਿਸ਼ਵਾਸਘਾਤ ਕਰਨ ਤੇ ਵੀ ਨੌਜਵਾਨ ਲੜਕੀਆਂ ਹਿਸਟੀਰੀਆ ਤੋਂ ਪੀੜਤ ਹੋ ਜਾਂਦੀਆਂ ਹਨ। ਔਰਤਾਂ ਜੋ ਯੌਨ ਸੁੱਖ ਤੋਂ ਵਾਂਝੀਆ ਰਹਿੰਦੀਆਂ ਹਨ ਉਹ ਹੀਣ ਭਾਵਨਾ ਨਾਲ ਗ੍ਰਸਤ ਹੋ ਜਾਂਦੀਆਂ ਹਨ। ਔਰਤ ਨੂੰ ਕਾਮ ਵਾਸਨਾ ਦੀ ਤ੍ਰਿਪਤੀ ਨਾ ਹੋਣ ਕਰਕੇ ਮਾਨਸਕ ਰਹਿੰਦਾ ਹੈ ਜੋ ਹਿਸਟੀਰੀਆ ਦਾ ਕਾਰਨ ਬਣਦਾ ਹੈ। ਸ਼ਾਦੀਸ਼ੁਦਾ ਔਰਤਾਂ ਚ ਪਤੀ ਵੱਲੋਂ ਅਣਦੇਖੀ ਕਰਨ ਨਾਲ,ਪਤੀ ਦੇ ਕਿਸੇ ਹੋਰ ਔਰਤ ਨਾਲ ਸਰੀਰਕ ਸੰਬੰਧ ਹੋਣ, ਪਤੀ ਦੇ ਨਾਮਰਦ ਹੋਣ ਜਾਂ ਸ਼ੀਘਰਪਤਨ ਆਦਿ ਰੋਗ ਹੋਣ ਕਰਕੇ ਔਰਤ ਨੂੰ ਯੌਨ ਸੰਤੁਸ਼ਟੀ ਨਾ ਮਿਲਣ ਕਰਕੇ ਹਿਸਟੀਰੀਆਂ ਹੋ ਜਾਂਦਾ ਹੈ। ਵਿਆਹੁਤਾ ਜੀਵਨ 'ਚ ਤਣਾਅ ਅਤੇ ਔਰਤ ਨੂੰ ਯੌਨ ਸੰਬੰਧੀ ਅਸੰਤੁਸ਼ਟੀ, ਪਰਿਵਾਰਕ ਕਲੇਸ਼ ਬੇਹੱਦ ਕਾਮੁਕ ਚਿੰਤਨ ਜਾਂ ਜੀਵਨ ਵਿੱਚ ਨਿਰਾਸ਼ਾ ਜਾਂ ਤੇਜ ਮਾਨਸਕ ਧੱਕਾ, ਉਨੀਂਦਰਾ, ਤਣਾਅ ਆਦਿ ਕਰਕੇ ਜਾਂ ਯੌਨ ਸਬੰਧੀ ਰੋਗਾਂ ਨਾਲ ਪੀੜਤ ਹੋ ਜਾਣ ਕਰਕੇ ਵੀ ਹਿਸਟੀਰੀਆ ਹੋ ਜਾਂਦਾ ਹੈ। ਜਿਨ੍ਹਾਂ ਨੂੰ ਡਰ, ਨਿਰਾਸ਼ਾ, ਚਿੰਤਾ ਤੇ ਵੱਧ ਤਣਾਅ ਹੁੰਦਾ ਹੈ, ਖੂਨ ਦੀ ਕਮੀ,ਕਬਜ਼,ਵੱਧ ਦਿਨਾਂ ਤੱਕ ਕਿਸੇ ਰੋਗ ਨਾਲ ਪੀੜਤ ਰਹਿਣ ਕਰਕੇ ਉਪਜੀ ਨਿਰਾਸ਼ਾ ਨਾਲ ਕੁਪੋਸ਼ਨ,ਖਰਾਬ ਸਿਹਤ ਡਿੰਬਕੋਸ਼ ਦੇ ਵਿਗਾੜ, ਬੱਚੇ ਦਾਨੀ ਸਬੰਧੀ ਵਿਗਾੜ ਮਾਹਵਾਰੀ ਸਬੰਧੀ ਬੇਨਿਯਮੀ ਜਿਵੇਂ ਵੱਧ ਦਰਦ ਦੇ ਨਾਲ ਮਾਹਵਾਰੀ ਆਉਣਾ, ਲਕੋਰੀਆ, ਬਾਂਝਪਨ ਜਾਂ ਵੱਧ ਮਾਨਸਿਕ ਮਿਹਨਤ ਕਰਕੇ ਵੀ ਹਿਸਟੀਰੀਆ ਰੋਗ ਪੈਦਾ ਹੋ ਜਾਂਦਾ ਹੈ।



**ਲੱਛਣ:-** ਹਿਸਟੀਰੀਆ ਰੋਗ ਤੋਂ ਪੀੜਤ ਲੜਕੀ ਗੱਲਾਂ ਕਰਦੇ ਕਰਦੇ ਜਾਂ ਘਰ ਵਿੱਚ ਕੰਮ ਕਰਦੇ ਕਰਦੇ ਅਚਾਨਕ ਜ਼ੋਰ ਨਾਲ ਹੱਸਦੀ ਹੈ ਅਤੇ ਫਿਰ ਚੀਖ ਕੇ ਬੇਹੋਸ਼ ਹੋ ਜਾਂਦੀ ਹੈ। ਰੋਗ ਦੀ ਸ਼ੁਰੂਆਤ ਤੇ ਰੋਗੀ ਨੂੰ ਲੱਗਦਾ ਹੈ ਕਿ ਉਸ ਦੇ ਪੇਟ ਦੇ ਖੱਬੇ ਪਾਸੇ ਕਿਸੇ ਹਵਾ ਦਾ ਗੋਲਾ ਉੱਪਰ ਵੱਲ ਉੱਠ ਕੇ ਜਾ ਰਿਹਾ ਹੈ ਜੋ ਗਲੇ ਚ ਅੜਿੱਕਾ ਪੈਦਾ ਕਰਨ ਲੱਗਦਾ ਹੈ ਤੇ ਰੋਗੀ ਔਰਤ ਬੇਹੋਸ਼ ਹੋ ਕੇ ਡਿੱਗ ਪੈਂਦੀ ਹੈ। ਕੁਝ ਰੋਗੀ ਬੇਹੋਸ਼ੀ ਤੋਂ ਪਹਿਲਾਂ ਜ਼ੋਰ ਜ਼ੋਰ ਨਾਲ ਆਪਣੀ ਛਾਤੀ ਤੇ ਹੱਥ ਮਾਰਦੀ ਹੈ, ਕੁਝ ਪੱਟਾਂ ਤੇ ਹੱਥ ਮਰਦੀ ਹੈ। ਅਜਿਹਾ ਉਹ ਗਲੇ ਵਿੱਚ ਫਸੇ ਹਵਾ ਦੇ ਗੋਲੇ ਨੂੰ ਕੱਢਣ ਲਈ ਕਰਦੀ ਹੈ। ਕੁਝ ਰੋਗੀ ਔਰਤਾਂ ਤਾਂ ਆਪਣੇ ਕੱਪੜੇ ਤੱਕ ਪਾੜ੍ਹ ਲੈਂਦੀਆਂ ਹਨ,ਜਬਾੜੇ ਕਸ ਕੇ ਬੰਦ ਕਰ ਲੈਂਦੀਆਂ ਹਨ। 20-30 ਮਿੰਟ ਪਿਛੋਂ ਬੇਹੋਸ਼ੀ ਦਾ ਦੌਰਾ ਘੱਟ ਹੁੰਦਾ ਹੈ ਤੇ ਰੋਗੀ ਔਰਤ ਦੇ ਸ਼ਰੀਰ ਚ ਕੁਝ ਕੰਬਣੀ ਪੈਦਾ ਹੁੰਦੀ ਹੈ। ਹੱਥ ਲਾਉਣ ਨਾਲ ਉਹ ਚੌਕ ਉਠਦੀ ਹੈ ਤੇ ਦਿਲ ਜ਼ੋਰ ਨਾਲ ਧੜਕਣ ਲੱਗਦਾ ਹੈ। ਰੋਗੀ ਨੂੰ ਕਦੀ ਕਦੀ ਉਲਟੀ ਵੀ ਹੋ ਜਾਂਦੀ ਹੈ। ਵੇਗ ਕਈ ਵਾਰ ਘੱਟ ਜਾਂ ਵੱਧ ਹੋਣ ਪਿੱਛੋਂ ਅੰਤ ਵਿੱਚ ਦੌਰਾ ਖਤਮ ਹੋ ਜਾਂਦਾ ਹੈ। ਦੌਰੇ ਦੇ ਅੰਤ ਵਿੱਚ ਰੋਗੀ ਨੂੰ ਪਿਸ਼ਾਬ ਵੱਧ ਮਾਤਰਾ ਵਿੱਚ ਆਉਂਦਾ ਹੈ ਤੇ ਉਹ ਸੌਂ ਜਾਂਦੀ ਹੈ।

**ਹਿਸਟੀਰੀਆ ਤੇ ਮਿਰਗੀ ਵਿੱਚ ਕੀ ਫਰਕ ਹੁੰਦਾ?**

ਇਹਨਾਂ ਰੋਗਾਂ ਦੇ ਲੱਛਣ ਆਪਸ ਵਿੱਚ ਮਿਲਦੇ ਜੁਲਦੇ ਹੁੰਦੇ ਹਨ। ਮਿਰਗੀ ਦੇ ਦੌਰੇ ਵਿੱਚ ਮੂੰਹ 'ਚੋਂ ਝੱਗ ਨਿਕਲਦੀ ਹੈ ਪਰ ਹਿਸਟੀਰੀਆ ਤੋਂ ਪੀੜਤ ਲੜਕੀਆਂ ਦੰਦ ਕਿਰਚਦੀਆਂ ਹਨ। ਹਿਸਟੀਰੀਆ ਚ ਬੇਹੋਸ਼ ਲੜਕੀ ਦਾ ਜਬਾੜਾ ਬੰਦ ਹੁੰਦਾ ਹੈ। ਮਿਰਗੀ ਦੇ ਰੋਗੀ ਦੀ ਜੀਭ ਬਾਹਰ ਨਿਕਲ ਆਉਂਦੀ ਹੈ ਤੇ ਮੂੰਹ ਖੁੱਲ੍ਹਾ ਰਹਿੰਦਾ ਹੈ। ਹਿਸਟੀਰੀਆ ਅਕਸਰ ਲੜਕੀਆਂ ਵਿੱਚ ਹੁੰਦਾ ਹੈ ਜਦਕਿ ਮਿਰਗੀ ਨਾਲ ਮਰਦ ਵੀ ਪੀੜਤ ਹੁਦੇ ਹਨ। ਹਿਸਟੀਰੀਆ ਦੇ ਦੌਰੇ ਸਮੇਂ ਲੜਕੀਆਂ ਆਪਣੇ ਆਪ ਨੂੰ ਸੰਭਾਲਦੇ ਹੋਏ ਡਿਗਦੀਆਂ ਹਨ ਪਰ ਮਿਰਗੀ ਚ ਅਜੇਹਾ ਨਹੀਂ ਹੁੰਦਾ ਤੇ ਮਰੀਜ਼ ਨੂੰ ਗੰਭੀਰ ਸੱਟ ਵੱਜ ਸਕਦੀ ਹੈ। ਮਿਰਗੀ ਦੇ ਦੌਰੇ ਨਿਸ਼ਚਿਤ ਸਮੇਂ ਦੇ ਵੇਗ ਨਾਲ ਪੈਂਦੇ ਹਨ ਅਤੇ ਇਕਾਂਤ ਵਿੱਚ ਵੀ ਹੋ ਸਕਦੇ ਹਨ। ਜਦਕਿ ਹਿਟੀਰੀਆ ਦਾ ਦੌਰਾ ਇਕਾਂਤ ਵਿੱਚ ਨਹੀਂ ਪੈਂਦਾ ਬਲਕਿ ਇਹ ਦੌਰੇ ਵਾਰ ਵਾਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਥੇ ਉਨ੍ਹਾਂ ਦੀ ਕੋਈ ਰਾਖੀ, ਪਾਲਣ ਪੋਸ਼ਣ, ਪ੍ਰਵਾਹ ਕਰਨ ਤੇ ਦੇਖ ਭਾਲ ਕਰਨ ਵਾਲਾ ਕੋਈ ਹੈ।ਜਿਸਟੀਰੀਆ ਚ ਬੇਹੋਸ਼ ਲੜਕੀ ਦਾ ਜਬਾੜਾ ਬੰਦ ਹੁੰਦਾ ਹੈ ਪਰ ਜੀਭ ਨਹੀਂ ਕਟਦੀ ਜਦਕਿ ਮਿਰਗੀ ਦੇ ਦੌਰੇ ਚ ਜੀਭ ਕੱਟਣ ਦਾ ਡਰ ਰਹਿੰਦਾ ਹੈ। ਲੜਕੀਆਂ ਚ ਹਿਸਟੀਰੀਆ ਦੇ ਦੌਰੇ ਦਾ ਪ੍ਰਕੋਪ ਮਾਹਵਾਰੀ ਦੇ ਦਿਨਾਂ ਵਿੱਚ ਵੱਧ ਹੁੰਦਾ ਹੈ। ਲੜਕੀਆਂ ਵਿੱਚ ਤੀਹ-ਚਾਲੀ ਮਿੰਟਾਂ ਤੱਕ ਹਿਸਟੀਰੀਆ ਦੇ ਦੌਰੇ ਦਾ ਪ੍ਰਭਾਵ ਚਲ ਸਕਦਾ ਹੈ। ਹਿਸਟੀਰੀਆ ਨਰਵਿਸ ਸਿਸਟਮ ਦਾ ਰੋਗ ਹੈ। ਕਿਹਾ ਜਾਂਦਾ ਹੈ ਹਿਸਟੀਰੀਆ ਦੀ ਰੋਗੀ ਪੇਟ ਫੁੱਲਣ, ਕਬਜ਼, ਦਸਤ ਤੋਂ ਪੀੜਤ ਹੋ ਸਕਦੀ ਹੈ ਤੇ ਪੇਸ਼ਾਬ ਦਾ ਬੰਨ ਵੀ ਪੈ ਸਕਦਾ ਹੈ। ਦੌਰੇ ਸਮੇਂ ਰੋਗੀ ਪੂਰੀ ਤਰ੍ਹਾਂ ਬੇਹੋਸ਼ ਨਹੀਂ ਹੁੰਦੀ ਅਤੇ ਦੂਜਿਆਂ ਦੀਆਂ ਗੱਲਾਂ ਸੁਣ ਸਕਦੀ ਹੈ ਪਰ ਖ਼ੁਦ ਬੋਲਣ ਚ ਅਸਮਰਥ ਰਹਿੰਦੀ ਹੈ।ਦੌਰੇ ਤੋਂ ਪਹਿਲਾਂ ਰੋਗੀ ਨੂੰ ਇਸ ਦਾ ਗਿਆਨ ਹੋ ਜਾਂਦਾ ਹੈ, ਇਸ ਕਰਕੇ ਚੋਟ ਲੱਗਣ ਦੀ ਸੰਭਾਵਨਾ ਨਹੀਂ ਰਹਿੰਦੀ।

**ਇਲਾਜ:-** ਹਿਸਟੀਰੀਆ ਦੇ ਦੌਰੇ ਦੌਰਾਨ ਰੋਗੀ ਜੇ ਬੇਹੋਸ਼ ਹੋ ਗਈ ਹੈ ਤਾਂ ਸਭ ਤੋਂ ਪਹਿਲਾਂ ਉਸ ਦੀ ਬੇਹੋਸ਼ੀ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਆਸਪਾਸ ਦੇ ਲੋਕਾਂ ਨੂੰ ਹਟਾ ਦਿਓ। ਖਿੜਕੀਆਂ ਖੋਲ੍ਹ ਦਿਓ ਜਿਸ ਨਾਲ ਨਾਲ ਰੋਗੀ ਨੂੰ ਸ਼ੁੱਧ ਹਵਾ ਮਿਲ ਸਕੇ। ਰੋਗੀ ਦੇ ਕਪੜੇ ਢਿਲੇ ਕਰ ਦੇਣੇ ਚਾਹੀਦੇ ਹਨ ਤੇ ਇਸ ਨਾਲ ਵੀ ਬੇਹੋਸ਼ੀ ਦੂਰ ਨਾ ਹੋਵੇ ਤਾਂ ਲਸਣ ਪਿਆਜ਼ ਕੁੱਟ ਕੇ ਪੀਸ ਕੇ ਸੁੰਘਾਓ। ਸਪਰਿਟ ਅਮੋਨੀਆ ਵੀ ਸੁੰਘਾ ਸਕਦੇ ਹਾਂ। ਕਾਲੀ ਮਿਰਚ ਤੇ ਸੌਂਫ ਦੇ ਚੂਰਨ ਨੂੰ ਕਾਗਜ਼ ਦੀ ਨਾਲੀ ਵਿੱਚ ਰੱਖ ਕੇ ਨੱਕ ਵਿੱਚ ਫੂਕਣ ਨਾਲ ਬੇਹੋਸ਼ੀ ਦੂਰ ਹੋ ਜਾਂਦੀ ਹੈ। ਥੋੜ੍ਹਾ ਜਿਹਾ ਨਮਕ ਪਾਣੀ ਚ ਘੋਲ ਕੇ ਨੱਕ ਚ ਚਾਰ ਪੰਜ ਬੂੰਦਾਂ ਪਾਉਣ ਨਾਲ ਬੇਹੋਸ਼ੀ ਦੂਰ ਹੋ ਜਾਂਦੀ ਹੈ। ਰੋਗੀ ਦੇ ਹੋਸ਼ ਵਿੱਚ ਆਉਣ ਤੋਂ ਪਿਛੋਂ ਹਿਸਟੀਰੀਆ ਦਾ ਇਲਾਜ਼ ਕਰਵਾਉਣਾ ਚਾਹੀਦਾ ਹੈ। ਜੇ ਪੀਰਡ ਬੰਦ ਹੋਣ ਕਰਕੇ ਦੀਆਂ ਹਿਸਟੀਰੀਆ ਹੋਇਆ ਹੋਵੇ ਤਾਂ ਉਹ ਚਾਲੂ ਕਰਨੇ ਚਾਹੀਦੇ ਹਨ। ਜੇ ਮਾਸਿਕ ਧਰਮ ਵਿੱਚ ਬੇਨਿਯਮੀਆਂ ਕਰਕੇ ਹਿਸਟੀਰੀਆ ਪੈਦਾ ਹੋਇਆ ਹੋਵੇ ਤਾਂ ਉਸ ਦੀ ਦਵਾਈ ਦੇਣੀ ਬਣਦੀ ਹੈ। ਹਿਸਟੀਰੀਆ ਜਦੋਂ ਮਾਨਸਿਕ ਰੋਗ ਕਰਕੇ ਪੈਦਾ ਹੋਇਆ ਹੁੰਦਾ ਹੈ ਤਾਂ ਇਸ ਦੀ ਵਜ੍ਹਾ ਲੱਭ ਕੇ ਇਸ ਦਾ ਇਲਾਜ ਕੀਤਾ ਜਾਵੇ।

# ਪੰਜਾਬਣਾਂ ਦਾ ਹਰਮਨ ਪਿਆਰਾ ਮਹੀਨਾ ਸਾਉਣ , ਪਰ ਬਦਲਦਾ ਰੂਪ



ਨਰਿੰਦਰ ਸਿੰਘ ਬਰਨਾਲ
91-95010-01303

ਪੰਜਾਬ ਤਿਉਹਾਰਾਂ ਤੇ ਮੇਲਿਆ ਦੀ ਧਰਤੀ ਹੈ, ਪੰਜਾਬ ਵਿਚ ਕੋਈ ਨਾ ਕੋਈ ਮੇਲਾ ਆਇਆ ਹੀ ਰਹਿੰਦਾ ਹੈ ਤੇ ਆਮ ਕਰਕੇ ਇਹ ਵੀ ਕਹਾਵਤ ਹੈ ਕਿ ਜਿੱਥੇ ਚਾਰ ਪੰਜਾਬੀ ਰਲ ਮਿਲ ਦੇ ਪੇਕੇ ਪਿੰਡ ਜਦ ਸਾਉਣ ਦਾ ਮਹੀਨਾ ਕੱਟਣ ਆਉਦੀਆਂ ਹਨ ਤੇ ਇਸ ਦੌਰਾਨ ਮਹੀਨੇ ਦੇ ਜਿੰਨੇ ਵੀ ਐਤਵਾਰ ਆਉਣ ਤੀਆਂ ਦਾ ਤਿਉਹਾਰ ਮਨਾਉਣਾ ਲਾਜਮੀ ਹੁੰਦਾ ਸੀ। ਪਿੰਡਾ ਦੀਆਂ ਸਾਂਝੀਆਂ ਉਠਦੀਆਂ ਕਿ ਹਾਰੀਂ ਨਾ ਮੁਟਿਆਰੇ ਗਿੱਧਾ ਹਾਰ ਗਿਆ। ਪੰਜਾਬੀ ਮੁਟਿਆਰਾ ਨੂੰ ਦੱਸਣ ਵਾਸਤੇ ਤੀਆਂ ਦੌਰ ਬੋਲਿਆ ਜਾਂਦਾ ਕਿ ਨੱਚਾਂ ਮੈ ਲੁਧਿਆਣੇ ਮੇਰੀ ਧਮਕ ਜਲੰਧਰ ਪੈਂਦੀ। ਇਹ ਸਾਰੀਆਂ ਤਾਂ ਪ੍ਰੇ ਕਰੇਗਾ ਹੀ। ਸੋਸਲ ਮੀਡੀਆ ਇਸ ਵੇਲੇ ਨੌਜਵਾਨੀ ਨੂੰ ਘੁਣ







ਬਹਿੰਦੇ ਹਨ ਤੇ ਹਾਸਾ ਮਜਾਕ ਕਰਦੇ , ਉਥੇ ਮੇਲੇ ਵਰਗਾ ਮਹੌਲ ਆਪਣੇ ਆਪ ਹੀ ਬਣ ਜਾਂਦਾ ਹੈ। ਵੈਂ ਤੌਰ ਤੇ ਪੰਜਾਬਣਾਂ ਦੇ ਤਿਉਹਾਰ ਦੀ ਗੱਲ ਕੀਤੀ ਜਾਵੇ ਤਾ ਸਾਵਣ ਜਾਂ ਸਾਉਣ ਦਾ ਮਹੀਨਾ ਪੰਜਾਬਣਾ ਵਾਸਤੇ ਖ਼ੁਸ਼ੀਆਂ ਤੇ ਖੇੜੇ ਲੈਕੇ ਆਉਦਾ ਹੈ। ਪਿੰਡ ਵਿੱਚ ਜਾ ਗੁਆਢੀਆਂ ਪਿੰਡਾਂ ਦੀ ਲੜਕੀਆ ਦੋ ਜਾਂ ਤਿੰਨ ਪਿੰਡਾਂ ਦੀ ਕਿਸੇ ਸਾਂਝੀ ਜਗਾ, ਫਿਰਨੀ, ਜਠੇਰੇ ਜਾਂ ਹੋਰ ਕਿਸੇ ਸਕੂਲ ਆਦਿ ਦੀ ਖੁਲੀ ਗਰਾਉਡ ਵਿਚ ਜਾ ਕੇ ਮਨੋਰੰਜਨ ਕਰਦੀਆਂ ਹਨ, ਇਹਨਾ ਬੋਲੀਆਂ ਦਾ ਮੁੱਖ ਵ੍ਹਾ ਸਹੁਰੇ ਪਰਿਵਾਰ ਵਿਚ ਸੱਸ ਦੀਆਂ ਗੱਲਾਂ, ਸਹੁਰੇ, ਨਣਾਨ ,ਪਤੀ ਦੇ ਸੁਭਾਅ ਦੇ ਸੁਭਾਅ ਦਾ ਵਖਿਆਨ ਅਹਿਮ ਹੁੰਦਾ ਹੈ। ਨਵਵਿਆਹੀਆਂ ਆਪਣੇ ਸੱਥਾਂ, ਬੋਹੜ , ਪਿੱਪਲ ਜਾਂ ਨਿੰਮ ਦਾ ਦਰੱਖਤ ਜਿੱਥੇ ਦੀ ਯੋਗ ਜਗਾ ਹੋਵੇ ਤੀਆਂ ਦਾ ਤਿਉਹਾਰ ਮਨਾਇਆ ਜਾਦਾ ਹੈ। ਬਿਨਾ ਕਿਸੇ ਸਾਜ ਦੇ ਇਹਨਾਂ ਤੀਆਂ ਦਾ ਆਪਣਾ ਹੀ ਨਜਾਰਾ ਹੁੰਦਾ ਸੀ। ਤੀਆਂ ਦੇਖਣ ਵਾਸਤੇ ਨਾਲ ਗਏ ਨਿੱਕੇ ਨਿੱਕੇ ਬੱਚੇ ਬੱਚੀਆਂ, ਚੌਲਾਂ ਦੇ ਦਾਣੇ, ਛੋਲੇ ਜਾ ਮੱਕੀ ਦੇ ਦਾਣੇ ਭੁੰਨਾ ਕੇ ਨਾਲ ਲੈ ਜਾਦੇ ਸਨ ।ਬੱਚਿਆਂ ਦੀ ਇਹੀ ਖੁਰਾਕ ਹੁੰਦੀ ਸੀ ਤੇ ਇਸ ਵਿੱਚ ਹੀ ਬੱਚੇ ਆਨੰਦ ਮਹਿਸੂਸ ਕਰਦੇ ਹਨ।ਕਦੀ ਤੀਆਂ ਵਾਲੀ ਜਗਾ ਤੇ ਕੁਲਫੀਆਂ, ਬਰਫ ਦੇ ਗੋਲੇ ਜਾਂ ਖਿਡਾਉਣਿਆਂ ਦੀਆਂ ਦੁਕਾਨਾ ਵਾਲੇ ਵੀ ਆ ਜਾਦੇ ਹਨ। ਬੋਲੀਆਂ ਵਿਚ ਏਨੀ ਗਰਮ ਹੁੰਦੀ ਸੀ ਕਿ ਹੱਲਾਸੇਰੀ ਦੇਣ ਵਾਸਤੇ ਗਿੱਧਾ ਪਾ ਰਹੀਆਂ ਕੁੜੀਆਂ ਕਹਿ ਖੁਸੀਆਂ ਵਿਚ ਵੀ ਪਿਆਰ ਸੀ ,ਸਤਿਕਾਰ ਸੀ ਪਰ ਮੌਜੂਦਾ ਪੀੜੀ ਇਹਨਾ ਗੱਲਾਂ ਤੋ ਕੋਹਾਂ ਦੂਰ ਜਾ ਚੁੱਕੀ ਹੈ। ਪਿੰਡਾਂ ਵਿੱਚ ਹੁਣ ਤੀਆਂ ਨਹੀ ਲੱਗਦੀਆਂ, ਜੇਕਰ ਲੱਗ ਦੀਆਂ ਵੀ ਹਨ ਤਾ ਬਣਾਉਟੀ ਢੰਗ ਤਰੀਕੇ ਅਪਣਾਏ ਜਾਦੇ ਹਨ, ਤਸਵੀਰਾਂ ਤੇ ਖਬਰਾ ਤੱਕ ਹੀ ਇਸ ਦਾ ਮਕਸਦ ਹੁੰਦਾ ਹੈ। ਬਾਕੀ ਸੱਭਿਆਚਾਰ ਦੀ ਜਾਣਕਾਰੀ, ਪੁਰਾਤਨ ਰਸਮਾਂ , ਰਿਵਾਜ ਬਾਰੇ ਨੌਜਵਾਨੀ ਕੋਈ ਬਹੁਤਾ ਧਿਆਨ ਨਹੀ ਦਿੰਦੀ। ਫੇਸ ਬੁੱਕ ਤੇ ਵਟਸਐਪ ਵਿਚ ਸਿਰ ਦੇ ਕੇ ਸੱਭਿਆਚਾਰ ਦੀ ਰਾਖੀ ਨਹੀ ਕੀਤੀ ਜਾ ਸਕਦੀ ਹੈ। ਸਹਿਰਾ ਦੀਆਂ ਪਾਰਕਾਂ , ਕਮਿਊਨਟੀ ਹਾਲਾਂ ਜਾਂ ਕਿੱਟੀ ਪਾਰਟੀਆਂ ਵਿਚ ਮਨਾਇਆ ਸਾਉਣ ਦਾ ਮਹੀਨਾ, ਉਪਰਾ ਪਨ ਵਾਗ ਖਾ ਰਿਹਾ ਹੈ, ਮੋਬਾਇਲ ਦੀਆ ਦੁਨੀਆਂ ਵਿਚ ਸਾਡੇ ਤਿਉਹਾਰ ਤੇ ਖਾਸ ਕਰਕੇ ਪੰਜਾਬੀਆਂ ਦੇ ਤਿਉਹਾਰ ਖਤਮ ਹੁੰਦੇ ਜਾ ਰਹੇ ਹਨ। ਪੰਜਾਬਣਾ ਦਾ ਹਰਮਨ ਪਿਆਰਾ ਮਹੀਨਾ ਭਰ ਚੱਲਣ ਵਾਲਾ ਤਿਉਹਾਰ ਤੀਆਂ ਤਾ ਸਾਡੇ ਸੱਭਿਆਚਾਰ ਵਿਚੋਂ ਹੌਲੀ ਹੌਲੀ ਖਤਮ ਹੀ ਹੁੰਦਾ ਜਾ ਰਿਹਾ ਹੈ। ਅੱਜ ਦੀ ਨੌਜਵਾਨੀ ਭਾਵੇ ਵਿਦੇਸਾਂ ਵਿਚ ਜਾ ਕੇ ਗਲੀਆਂ ਜਾਂ ਪਾਰਕਾਂ ਵਿਚ ਤੀਆਂ ਦਾ ਤਿਉਹਾਰ ਮਨਾਉਦੀ ਹੈ, ਪਰ ਪੰਜਾਬ ਵਿੱਚ ਵਸਦੇ ਪੰਜਾਬੀਆਂ ਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਪੰਜਾਬਣਾਂ ਦਾ ਹਰਮਨ ਪਿਆਰਾ ਮਹੀਨਾ ਸਾਉਣ, ਪੰਜਾਬਣਾਂ, ਪੰਜਾਬ ਅਤੇ ਪੰਜਾਬੀ ਸੱਭਿਆਚਾਰ ਵਾਸਤੇ ਖ਼ੁਸ਼ੀਆਂ ਤੇ ਪਿਆਰ ਲੈ ਕੇ ਆਵੇ।

## ਪੌਣ ਅੱਜ ਸਾਉਣ ਦੀ

ਠੰਡੀ ਠੰਡੀ ਵਗਦੀ ਏ ਪੌਣ ਅੱਜ ਸਾਉਣ ਦੀ
ਖੁਸ਼ੀ ਬੜੀ ਹੋਈ ਚੜ ਬੱਦਲਾ ਦੇ ਆਉਣ ਦੀ
ਠੰਡੀ
ਆ ਜਾਣਾ ਮੀਹ ਕਾਲੇ ਬੱਦਲ ਵੀ ਆ ਗਏ
ਆਉਣ ਦੇ ਸੁਨੇਹੇ ਸਾਡੇ ਸੱਜਣਾ ਦੇ ਆ ਗਏ
ਬੱਝ ਗਈ ਏ ਆਸ ਸਾਨੂੰ ਫਿਰ ਤੋ ਜਿਉਣ ਦੀ
ਠੰਡੀ
ਕੋਇਲਾ ਨੇ ਗੀਤ ਗਾਉਣੇ ਮੋਰਾਂ ਵੀ ਹੈ ਨੱਚਣਾ
ਖੁਸ਼ ਹੋਣਾ ਹੈ ਬੰਬੀਹੇ ਅੱਜ ਮੀਹ ਜਦ ਵੱਸਣਾ
ਆਉਣੀ ਏ ਅਵਾਜ ਡੱਡੂਆ ਦੇ ਗਿੜਗੜਾਉਣ ਦੀ
ਠੰਡੀ ਠੰਡ
ਖੁਸ਼ ਬੜਾ ਹੋਣਾ ਅੱਜ ਰਾਝਿਆ ਤੇ ਹੀਰਾਂ ਨੇ
ਪੱਕਣੇ ਨੇ ਪੂੜੇ ਨਾਲੇ ਬਣਨੀਆ ਖੀਰਾਂ ਨੇ

ਰੁੱਤ ਬੜੀ ਸੋਹਣੀ ਅੱਜ ਢੋਲੇ ਮਾਹੀਏ ਗਾਉਣ ਦੀ
ਠੰਡੀ
ਸਹੁਰਿਆ ਤੋ ਕੁੜੀਆ ਨੇ ਪੇਕਿਆ ਨੂੰ ਆਈਆ ਬਈ
ਪਾ ਪਾ ਕੇ ਗਿੱਧੇ ਉਨਾ ਰੋਣਕਾ ਨੇ ਲਾਈਆ ਬਈ
ਕਰੀ ਏ ਤਿਆਰੀ ਉਨਾ ਤ੍ਰਿਝਣ ਵੀ ਲਾਉਣ ਦੀ
ਠੰਡੀ

ਗੁਲਾਮੀ ਵਾਲੇ ਬੂਟੇ ਮਹੀਨਾ ਚੜਿਆ ਏ ਸਾਉਣ ਦਾ
ਬੱਚਿਆ ਦਾ ਚਿਤ ਕਰੇ ਮੀਹ ਵਿਚ ਨਹਾਉਣ ਦਾ
ਰੱਬ ਨੂੰ ਵੀ ਯਾਦ ਆਈ ਮੀਹ ਵਰਸਾਉਣ ਦੀ
ਠੰਡੀ

**- ਬੂਟਾ ਗੁਲਾਮੀ ਵਾਲਾ**
0417197395

## ਸੁਪਨਾ



ਦੇਵ ਘੋਲੀਆ ਖੁਰਦ
(ਫਰਿਜ਼ਨੋ)
559-232-7764

ਪ੍ਰਦੇਸ ਦਾ ਸੀ ਚਾਅ ਜਾ ਕੇ ਕਰਾਂਗਾ ਕਮਾਈਆਂ
ਜਦੋਂ ਪਿਆ ਵੇ ਵਿਛੋੜਾ ਸ਼ੁਰੂ ਕੀਤੀਆਂ ਲੜਾਈਆਂ
ਮੱਤਾਂ ਬੰਦਿਆ ਸੀ ਵਾਂਗ ਗੱਲਾਂ ਕਿਵੇਂ ਸਮਝਾਈਆਂ
ਤੇਰੀ ਵੇਖ ਲਈ ਹਿੰਡ ਗੱਲਾਂ ਕਰਦਾ ਹੈ ਪਿੰਡ
ਸਾਰੀ ਗੱਲਬਾਤ ਤੈਨੂੰ ਸਮਝਾਉਣ ਲੱਗੀ
ਹੁਣ ਫੋਨ ਕੱਟਦੇ ਤੂੰ ਮਾਹੀ ਮੇਰੇ ਸੌਂ ਜਾ ਵੇ
ਤੇਰੇ ਸੁਪਨੇ 'ਚ ਮੈਂ ਤਾਂ ਹੁਣ ਆਉਣ ਲੱਗੀ।

ਤੂੰ ਬਾਤ ਪਾਈ ਬੱਸ ਮੈਂ ਤਾਂ ਭਰਾਂਗੀ ਹੁੰਗਾਰਾ
ਨਾ ਕੋਈ ਦਿਸੇਗਾ ਤਾਂ ਉਦੋਂ ਫਿਰ ਚੰਨ ਅਤੇ ਤਾਰਾ
ਪੌਣ ਵੱਗਦੀ ਪੁਰੇ ਤੋਂ ਹੁੰਦਾ ਵੱਖਰਾ ਨਜ਼ਾਰਾ
ਮੁੱਲ ਸੁਪਨਾ ਤਾਂ ਮੋੜੇ ਟੁੱਟੇ ਦਿਲ ਵੀ ਤਾਂ ਜੋੜੇ
ਬੱਸ ਥੋੜ੍ਹਾ ਬਹੁਤ ਦੁੱਖ ਤਾਂ ਵੰਡਾਉਣ ਲੱਗੀ
ਫੋਨ ਕੱਟ ਦੇ ਤੂੰ ਮਾਹੀ ਮੇਰੇ ਸੌਂ ਜਾ ਵੇ
ਤੇਰੇ ਸੁਪਨੇ 'ਚ ..

ਨਿੱਤ ਉਡੀਕਦਾ ਰਹੇਗਾ ਕਦੋਂ ਸੁਪਨਾ ਤਾਂ ਆਵੇ
ਸੁਪਨੇ ਦੀ ਯਾਦ ਬੰਦਾ ਕਦੇ ਨਾ ਭੁਲਾਵੇ
ਜਿਹੜਾ ਯਾਦਾਂ ਛੱਡ ਜਾਵੇ ਫਿਰ ਸਦਾ ਹੀ ਸਤਾਵੇ
ਤੈਨੂੰ ਪਤਾ ਲੱਗ ਜਾਊ ਤੇਰਾ ਦਿਲ ਖੜ੍ਹ ਜਾਊ
ਤਾਹੀਉਂ ਵਾਰ ਵਾਰ ਗੱਲਾਂ ਦਰਸਾਉਣ ਲੱਗੀ
ਫੋਨ ਕੱਟ ਦੇ ਤੂੰ ਮਾਹੀ ਮੇਰੇ ਸੌਂ ਜਾ ਵੇ
ਤੇਰੇ ਸੁਪਨੇ 'ਚ ......

ਹਾਰ ਹੰਭ ਕੇ ਤੇ ਕੁੜੀਆਂ ਨੇ ਆਵਾਜ਼ ਮੈਨੂੰ ਮਾਰੀ
ਛੱਡ ਫੋਨ ਦਾ ਨੀ ਖਹਿੜਾ ਆ ਕੇ ਕੱਢ ਫੁਲਕਾਰੀ
ਫੋਨ ਕੱਟਣਾ ਪਿਆਂ ਵੱਜੀ ਸੀਨੇ ਤਾਂ ਕਟਾਰੀ
ਨਾ ਗੱਲ ਰਹੀ ਵੱਸ ਫਿਰ ਮੈਂ ਵੀ ਦਿੱਤਾ ਦੱਸ
'ਦੇਵ ਘੋਲੀਏ' ਦਾ ਰੁੱਸਿਆ ਮਨਾਉਣ ਲੱਗੀ
ਹੁਣ ਫੋਨ ਕੱਟ ਦੇ ਤੂੰ ਮਾਹੀ ਮੇਰੇ ਸੌਂ ਜਾ ਵੇ
ਤੇਰੇ ਸੁਪਨਾ 'ਚ ਮੈਂ ਤਾਂ ਹੁਣ ਆਉਣ ਲੱਗੀ।



TOTAL ENTERTAINMENT, POC MEDICAL SYSTEM &
Kashmiri Bhatia, Jagdev Ram, Ajaipaul Ram and Ashwani Bhakhri
Proudly Presents
LOPOKE BROTHERS
(FOLK SINGER)
AFSANA KHAN
(RISING STAR)
RANJIT RANA
(PUNJABI SINGER)
SUNIL SAJAL
(GAZALKAAR)
DEEP ALLACHOU
(PROJECT MANAG
Bol PUNJAB De
BLESSINGS
MASTER DEEPAK JI
ਬੋਲ ਪੰਜਾਬ ਦੇ Tour 2018
USA TOUR
For more Information:
AVTAR LAKHA- 209 200 0818 & 925 365 6410 VIJAY SINGH- 650 400 5156
VIJAY VIJ- 707 631 7665 ASHOK BHAURA- 510 415 3315 SIKANDER GREWAL- 916 613 6728
EMAIL:- totalentinc@gmail.com
AUGUST, SEPTEMBER & OCTOBER IN YOUR CITY.
POWERED BY
GAKHAL BROTHERS, TUT BROTHERS, A HHH CARE, PUNJABI DHABA DIWON, ASHWANI K BHAKRI LAW OFFICE, MIRAGE4 U, TANDOOR HAYWARD, SAKOON FREMONT, RAJA SWEET BAINS BROTHERS, TAJ E CHAAT, BAY AREA PCA, VIXI CUCINA ITALIAN, IKIK ENTERTAINMENT, JASWANT SINGH SHAAD (PAUL'S TRUCK WASH FERNLEY), MIKE BOPARAI BROS., DHARMINDER SINGH (GOLDEN STATE TRUCK SALES INC:), SURINDER SINGH SHERGILL.
PUBLICITY DESIGNS LAB ART MEDIA WORKS




# Thinking of Buying or Selling Houses or Businesses within Sacramento to Bay Area?

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




2 bdrm, 2.0 full bath
1,116 sq ft
Lot size: 436
Current Rent: $1450.00
Listing Price: $149,000




3 bdrm, 1.0 full bath
1,000 sq ft
Lot size: 5,998
Listing Price: $259,000





4 bdrm, 2.0 full bath
1,596 sq ft
Lot size: 6,098
Listing Price: $289,900




3-4 bdrm, 2.0 full bath
1,492 sq ft
Lot size: 6,469
Listing Price: $319,000




5 bdrm, 2.5 full bath
2,504 sq ft
Lot size: 6,574
Listing Price: $419,000




Beer & Wine
Store for Sale in Sacramento
Monthly Gross: $65K Month
Listing Price$299,000




Liquor Store
Store for Sale in Santa Clara
Monthly Gross: $90K Month
Listing Price $699,000




BERKSHIRE HATHAWAY
Home Services

76 · Comfort Inn & Suites · ARCO ampm · Hampton Inn & Suites by Hilton · Holiday Inn Express & Suites · Chevron · Mobil · Courtyard Marriott · Shell

# Buying or Selling Hotels and Gas Stations? Call Now- 916-271-5404

## SEE 100% OF THE AVAILABLE HOME LISTINGS RIGHT ON YOUR PHONE!

Home Scouting MLS
A Real Estate Service of Home Buyers Marketing II, Inc
App Store · Google play

1.Go to your App Store 2.Search for "Home Scouting"
3.Download the app 4.ENTER YOUR VIP CODE

## VIP CODE: 9162715404

# OFFICE: 7412 ELSIE AVE., SACRAMENTO, CA 95828

# ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ

## ਵਲੋਂ 14ਵਾਂ ਵਿਸ਼ਵ ਕਬੱਡੀ ਕੱਪ

ਮਿਤੀ 16 ਸਤੰਬਰ 2018
ਦਿਨ ਐਤਵਾਰ
(ਸਵੇਰ 9 ਤੋਂ ਸ਼ਾਮ 6 ਵਜੇ ਤੱਕ)

(James Logan High School 1800 H Street, Union City, California 94587) ਲੋਗਨ ਹਾਈ ਸਕੂਲ 1800 ਐਚ ਯੂਨੀਅਨ ਸਿਟੀ, ਕੈਲੀਫੋਰਨੀਆਂ 94587 ਦੀਆਂ ਗਰਾਉਂਡਾਂ ਵਿਚ ਕਰਵਾਇਆ ਜਾ ਰਿਹਾ ਹੈ




ਮੁੱਖ ਮਹਿਮਾਨ



ਸੰਤ ਸੇਵਾ ਸਿੰਘ
ਖਡੂਰ ਸਾਹਿਬ ਵਾਲੇ

ਭਾਗ ਲੈਣ ਵਾਲੀਆਂ ਕਬੱਡੀ ਟੀਮਾਂ

1. ਸ਼ੇਰ-ਏ-ਪੰਜਾਬ ਸਪੋਰਟਸ ਕਲੱਬ, ਲਾਸ ਬੈਨਸ (ਲੱਛਰ ਭਰਾ)
2. ਰਾਇਲ ਕਿੰਗਜ਼ ਯੂ.ਐੱਸ.ਏ (ਸ਼ੱਬਾ ਥਿਆੜਾ)
3. ਮਿੱਡ ਵੈਸਟ ਕਬੱਡੀ ਟੀਮ (ਵਿੱਕੀ ਸੰਮੀਪੁਰੀਆ ਤੇ ਤਾਰੀ)
4. ਬੇ ਏਰੀਆ ਸਪੋਰਟਸ ਕਲੱਬ (ਬਲਜੀਤ ਸਿੰਘ ਸੰਧੂ)
5. ਕਨੇਡਾ ਕਬੱਡੀ ਟੀਮ (ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ)

ਅੰਡਰ-25 ਉਮਰ ਵਰਗ ਦੀਆਂ ਕਬੱਡੀ ਟੀਮਾਂ

1. ਯੂਨਾਈਟਡ ਸਪੋਰਟਸ ਕਲੱਬ
2. ਯੂਬਾ ਬ੍ਰਦਰਜ਼
3. ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ
4. ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ

ਯੂਨਾਈਟਡ ਸਪੋਰਟਸ ਕਲੱਬ, ਰਾਜਾ ਸਵੀਟਸ, ਗੁਰਦਵਾਰਾ ਫਰੀਮਾਂਟ, ਸੈਨਹੋਜ਼ੇ, ਸਟਾਕਟਨ ਅਤੇ ਸਿੰਘ ਸਭਾ ਮਿਲਪੀਟਸ ਗੁਰੂਘਰਾਂ ਦੇ ਸਹਿਯੋਗ ਨਾਲ ਸਾਰਾ ਦਿਨ ਚਾਹ ਪਕੌੜੇ ਅਤੇ ਗੁਰੂ ਕੇ ਲੰਗਰ ਵਰਤਾਏ ਜਾਣਗੇ।

ਐੱਸ ਅਸ਼ੋਕ ਭੌਰਾ
Phone: 510 415 3315,

## ਉਦਘਾਟਨ ਕਰਨ ਵਾਲੇ ਮਹਿਮਾਨ

ਸੁਰਜੀਤ ਸਿੰਘ ਟੁੱਟ, ਮਾਈਕ ਬੋਪਾਰਾਏ, ਜਸਪ੍ਰੀਤ ਸਿੰਘ ਅਵਾਰਨੀ, ਮੇਜਰ ਸਿੰਘ ਬੈਂਸ

## ਪਹਿਲੇ ਇਨਾਮ ਦੇ ਸਪਾਂਸਰ




ਡਾਇਮੰਡ ਟਰੱਕਿੰਗ ਸਟਾਕਟਨ ਦੇ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ 'ਤੇ ਪਿੰਕੀ ਅਟਵਾਲ

## ਦੂਜੇ ਇਨਾਮ ਦੇ ਸਪਾਂਸਰ

ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ 'ਤੇ ਨਰਿੰਦਰ ਸਿੰਘ ਸਹੋਤਾ
(ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਨੂੰ ਸਮਰਪਿਤ)

## Sponsor of Under-25 First Prize

Sponsored byTakhar faimly in memory of late santokh s Takhar Apna punjab& Northern California club

TUTT BROTHERS, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR, SIKH PANCHYAT, SANTOKH S. JUDGE, BOB DHILLON, MANN INSURANCE BROKERS, SURINDER S. ATWAL, S. HARWINDER SINGH ATWAL, RANDHIR S. NIJJAR, JASWANT SINGH HOTHI, KASHMIR S DHOOT, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU, PARGAN SINGH, OCEAN TRANSPORT, INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS, RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL, AMARITPAL S. DHILLON, BALIHAR SINGH SARPANCH

MIKE BOPARAI,TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB, GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH, PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH, SARBJIT SABHI.

RSI INSURANCE, NATOMOUS LIQUOR, GURNAM SINGH, PUNJAB TENT HOUSE, JAGTAR SINGH, AVTAR S SRA, HARBHAJAN S GAKHAL, ALVARADO B P SERVICE, LACHHMAN S MANGAT, BILL BAINS CPA, MAJOR S GAKHAL, SOHAN S GAKHAL,JARNAIL S MANN,JASVIR S TAKHAR,SURINDER S DHANOA,SHANKAR SINGH,JASBIR S NAHAL,CAR WASH GILLROY,RANA KAHLON,BOMBY PIZZA,CHICAGO PIZZA,SUCHA RAM BHARTA,SHASHI PAUL,HARWINDER S DHALIWAL,MAJOR S GILL,JACK RAM,PAUL RAM,SEWA SINGH,JASSI SHERGILL,MALAGHAR S KHERA,BITTU RAI,BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA.

ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ.ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
650-642-0697

# 3525 Highway 99, West Corning, CA 96021
Across the Street from TA Truck Stop